ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 27 | 15 July 2020 to 21 July 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

➤ ਅੰਦਰ ਪੜ੍ਹੋ



13 ਵਿਸ਼ੇਸ਼ ਰਪੋਰਟ

ਗੈਂਗਸਟਰ ਵਿਕਾਸ ਦੂਬੇ ਸ਼ੱਕੀ ਪੁਲੀਸ ਮੁਕਾਬਲੇ 'ਚ ਮਾਰਿਆ ਗਿਆ



22 ਭਖਦਾ ਮਸਲਾ

ਮੱਤੇਵਾੜਾ ਜੰਗਲ ਦੇ ਨਾਲ-ਨਾਲ ਸਤਲੁੱਜ ਦਰਿਆ ਅਤੇ ਮਜ਼ਹਬੀ ਸਿੱਖਾਂ ਦਾ ਪੂਰਾ ਪਿੰਡ ਉਜਾੜ ਰਹੀ ਹੈ ਸਰਕਾਰ

## ਅਦਾਲਤ ਦੇ ਦਖਲ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ਾ ਨਾ ਦੇਣ ਦੇ ਆਦੇਸ ਨੂੰ ਕੀਤਾ ਰੱਦ

**ਵਾਸ਼ਿੰਗਟਨ/ਰਾਜ ਗੋਗਨਾ:** ਲੰਘੀ 6 ਜੁਲਾਈ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਹਨਾਂ ਵਿਦਿਆਰਥੀਆ ਦਾ ਵੀਜ਼ਾ ਵਾਪਿਸ ਲੈਣ ਸੰਬੰਧੀ ਐਲਾਨ ਕੀਤਾ ਸੀ ਜਿੰਨਾਂ ਦੀਆ ਕਲਾਸਾਂ ਕੋਰੋਨਾ ਦੀ ਮਹਾਂਮਾਰੀ ਕਰਕੇ ਆਨਲਾਈਨ ਲੱਗ ਰਹੀਆ ਸਨ। ਭਾਰੀ ਵਿਰੋਧ ਪ੍ਰਦਰਸ਼ਨ ਅਤੇ ਅਦਾਲਤ ਦੇ ਦਖਲ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਫੈਸਲਾ ਲਿਆ ਹੈ ਕਿ ਉਹ ਆਨਲਾਈਨ ਕਲਾਸਾਂ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਉੱਤੇ ਕਿਸੇ ਵੀ ਕਿਸਮ ਦੀ ਵੀਜ਼ਾ ਪਾਬੰਦੀ ਨਹੀਂ ਲਗਾਏਗੀ। ਟਰੰਪ ਪ੍ਰਸ਼ਾਸਨ ਦੇ ਇਸ ਐਲਾਨ ਨੂੰ ਲੈ ਕੇ ਵਿਦੇਸ਼ੀ ਵਿਦਿਆਰਥੀਆ ਨੇ ਪਾਬੰਦੀ ਲਾਉਣ ਦੇ ਇਸ ਫ਼ੈਸਲੇ ਦੀ ਸਖ਼ਤ ਅਲੋਚਨਾ ਕੀਤੀ ਅਤੇ ਅਮਰੀਕਾ ਦੇ ਤਕਰੀਬਨ 17 ਦੇ ਕਰੀਬ ਸੂਬਿਆਂ ਨੇ ਇਸ ਪਾਬੰਦੀ ਲਾਉਣ ਦੇ ਐਲਾਨ ਦੇ ਖਿਲਾਫ ਅਦਾਲਤ ਚ' ਮੁਕੱਦਮਾ ਦਾਇਰ ਕੀਤਾ ਸੀ ਵਿਦਿਆਰਥੀਆ ਦੇ ਹੱਕ ਚ'



ਇਸ ਮੁਕੱਦਮੇ ਨੂੰ ਗੂਗਲ, ਫੇਸਬੁੱਕ,ਅਤੇ ਮਾਈਕ੍ਰੋਸਾਫਟ ਸਣੇ ਅਦਾਲਤ ਵਿਚ ਦਾਇਰ ਮੁਕੱਦਮੇ ਵਿੱਚ ਕਿਹਾ ਗਿਆ ਕਿ ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਦਾ ਦੇਸ਼ ਨੂੰ ਵਿੱਤੀ ਤੌਰ 'ਤੇ ਵੀ ਅਸਰ ਪਵੇਗਾ, ਕਿਉਂਕਿ ਵਿਦੇਸ਼ੀ ਵਿਦਿਆਰਥੀ ਅਮਰੀਕਾ ਆਉਂਦੇ ਹਨ ਅਤੇ ਪੜਾਈ ਕਰਨ ਤੋਂ ਬਾਅਦ ਉਹ ਇਥੇ ਬਹੁਤ ਸਾਰੇ ਖੇਤਰਾਂ ਵਿੱਚ ਕੰਮ ਵੀ ਕਰਦੇ ਹਨ।

## ਕੈਲੀਫੋਰਨੀਆ ਵਿਚ ਅੱਗ ਲੱਗਣ ਨਾਲ 250 ਸਾਲ ਪੁਰਾਣਾ ਚਰਚ ਤਬਾਹ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਸਨ ਗੈਬਰੀਏਲ ਵਿਚ ਤੜਕਸਾਰ ਲੱਗੀ ਅੱਗ ਨਾਲ ਇਕ 250 ਸਾਲ ਪੁਰਾਣਾ ਚਰਚ ਬੁਰੀ ਤਰਾਂ ਸੜ ਗਿਆ। ਇਸ ਚਰਚ ਦੀ 250ਵੀਂ ਵਰੇ ਗੰਢ ਮਨਾਉਣ ਲਈ ਇਸ ਦਾ ਨਵੀਨੀਕਰਨ ਕੀਤਾ ਜਾ ਰਿਹਾ ਸੀ। ਚਰਚ ਦੀ ਛੱਤ ਤੇ ਜਿਆਦਾਤਰ ਅੰਦਰਲਾ ਹਿੱਸਾ ਸੜ ਕੇ ਸਵਾਹ ਹੋ ਗਿਆ। ਅੱਗ ਬੁਝਾਊ ਵਿਭਾਗ ਨੂੰ ਸਵੇਰੇ 4 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਸਨ ਗੈਬਰੀਏਲ ਫਾਇਰ ਕੈਪਟਨ ਪਾਲ ਨੈਗਰੇਟ ਨੇ ਦਸਿਆ ਕਿ ਅੱਗ ਬੁਝਾਊ ਅਮਲੇ ਨੇ ਚਰਚ ਵਿਚ ਦਾਖਲ ਹੋ ਕੇ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ ਕੀਤੀ ਪਰ ਜਦੋਂ ਛੱਤ ਤੇ ਹੋਰ ਢਾਂਚਾ ਹੇਠਾਂ ਡਿੱਗਣਾ ਸ਼ੁਰੂ ਹੋ ਗਿਆ ਤਾਂ ਉਨਾਂ ਨੂੰ ਬਾਹਰ ਆਉਣਾ ਪਿਆ। ਉਨਾਂ ਦਸਿਆ ਕਿ 50 ਅੱਗ ਬੁਝਾਊ ਕਰਮਚਾਰੀਆਂ ਨੇ 50 ਫੁੱਟ ਉੱਚੇ ਢਾਂਚੇ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਈਰਾਨ ਨੇ ਅਤਿ-ਅਹਿਮ ਚਾਬਹਾਰ ਬੰਦਰਗਾਹ ਦੇ ਉਸਾਰੀ ਕਾਰਜਾਂ ਵਿਚੋਂ ਭਾਰਤ ਨੂੰ ਬਾਹਰ ਕੀਤਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੀ ਵਿਦੇਸ਼ ਨੀਤੀ ਨੂੰ ਵੱਡਾ ਝਟਕਾ ਦਿੰਦਿਆਂ ਈਰਾਨ ਨੇ ਭਾਰਤ ਨੂੰ ਚਾਬਹਾਰ ਬੰਦਰਗਾਹ ਦੇ ਉਸਾਰੀ ਕਾਰਜਾਂ ਤੋਂ ਬਾਹਰ ਕਰ ਦਿੱਤਾ ਹੈ। ਈਰਾਨ ਸਰਕਾਰ ਨੇ ਕਿਹਾ ਹੈ ਕਿ ਉਹ ਚਾਬਹਾਰ ਬੰਦਰਗਾਹ ਤੋਂ ਅਫਗਾਨਿਸਤਾਨ ਤਕ ਬਣਨ ਵਾਲੀ ਰੇਲ ਪਟੜੀ ਨੂੰ ਹੁਣ ਖੁਦ ਬਣਾਵੇਗਾ। ਭਾਰਤ ਨੂੰ ਇਸ ਤੋਂ ਬਾਹਰ ਕਰਨ ਦਾ ਕਾਰਨ ਦਸਦਿਆਂ ਈਰਾਨ ਨੇ ਕਿਹਾ ਕਿ ਭਾਰਤ ਨੇ ਸਮੇਂ 'ਤੇ ਉਸਾਰੀ ਲਈ ਜ਼ਰੂਰੀ ਪੈਸੇ ਦਾ ਭੁਗਤਾਨ ਨਹੀਂ ਕੀਤਾ ਅਤੇ ਕਾਰਜ ਨੂੰ ਲੰਮਾ ਲਮਕਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਬੰਦਰਗਾਹ ਭਾਰਤ ਲਈ ਵਪਾਰਕ ਅਤੇ ਭੂ-ਰਾਜਨੀਤਕ ਤੌਰ 'ਤੇ ਬੜੀ ਅਹਿਮੀਅਤ ਰੱਖਦੀ ਹੈ ਤੇ ਮਈ 2016 ਵਿਚ ਭਾਰਤ ਅਤੇ ਈਰਾਨ ਦਰਮਿਆਨ ਇਸ ਕਾਰਜ ਲਈ ਸਮਝੌਤਾ ਤੈਅ ਹੋਇਆ ਸੀ।

ਈਰਾਨ ਵੱਲੋਂ ਭਾਰਤ ਨੂੰ ਬਾਹਰ ਕਰਨ ਦਾ ਵੱਡਾ ਕਾਰਨ ਈਰਾਨ ਦੀ ਚੀਨ ਨਾਲ ਵਧੀ ਨੇੜਤਾ ਨੂੰ ਵੀ ਮੰਨਿਆ ਜਾ ਰਿਹਾ ਹੈ। ਪਿਛਲੇ ਦਿਨੀਂ ਚੀਨ ਅਤੇ ਈਰਾਨ ਦਰਮਿਆਨ 30 ਲੱਖ ਕਰੋੜ ਰੁਪਏ ਦੇ ਕਰੀਬ ਕਾਰਜਾਂ ਦੇ ਸਮਝੌਤੇ ਕਲਮਬੰਦ ਹੋਏ ਹਨ। ਪਿਛਲੇ ਦਿਨੀਂ ਭਾਰਤ ਅਤੇ ਚੀਨ ਦਰਮਿਆਨ ਲੱਦਾਖ ਸਰਹੱਦ 'ਤੇ ਹੋਈ ਹਿੰਸਕ ਝੜਪ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਹਾਲਾਤ ਵਿਗੜ ਗਏ ਹਨ ਤੇ ਭਾਰਤ ਨੂੰ ਈਰਾਨ ਦੀ ਇਸ ਬੰਦਰਗਾਹ ਦੇ ਕਾਰਜਾਂ ਵਿਚੋਂ ਬਾਹਰ ਕਢਵਾਉਣ ਪਿੱਛੇ ਚੀਨ ਦਾ ਹੱਥ ਮੰਨਿਆ ਜਾ ਰਿਹਾ ਹੈ।

ਭਾਰਤ ਨੇ ਇਸ ਬੰਦਰਗਾਹ ਰਾਹੀਂ ਪਾਕਿਸਤਾਨ ਨੂੰ ਬਾਈਪਾਸ ਕਰਕੇ ਅਫਗਾਨਿਸਤਾਨ ਅਤੇ ਕੇਂਦਰੀ ਏਸ਼ੀਆ ਤਕ ਆਪਣੀ ਰਾਹਦਾਰੀ ਦਾ ਬੰਦੋਬਸਤ ਕਰਨਾ ਸੀ। ਇਸ ਲਈ ਭਾਰਤ ਨੇ ਇਸ ਰੇਲ ਪਟੜੀ ਦੇ ਉਸਾਰੀ ਕਾਰਜਾਂ ਲਈ ਲਗਭਗ 3700 ਕਰੋੜ ਰੁਪਏ (500 ਮਿਲੀਅਨ ਡਾਲਰ) ਦੀ ਰਕਮ ਖਰਚਣੀ ਸੀ।

ਬਾਕੀ ਸਫ਼ਾ 30 'ਤੇ

## ਕੈਪਟਨ ਸਰਕਾਰ ਕਾਲੇ ਕਾਨੂੰਨਾਂ ਤੇ ਪੰਜਾਬ ਮੁੱਦਿਆਂ 'ਚ ਘਿਰਨ ਲੱਗੀ

**ਜਲੰਧਰ/ਏ.ਟੀ.ਨਿਊਜ਼:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਜੇ ਡੇਢ ਸਾਲ ਦਾ ਸਮਾਂ ਬਾਕੀ ਹੈ। ਪਰ ਵਿਰੋਧੀ ਪਾਰਟੀਆਂ ਕੈਪਟਨ ਸਰਕਾਰ ਨੂੰ ਬੇਅਦਬੀ, ਕਾਲੇ ਕਾਨੂੰਨਾਂ, ਮਨੁੱਖੀ ਅਧਿਕਾਰਾਂ ਤੇ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਲੱਗ ਪਈ ਹੈ। ਰਾਜਸੀ ਮਾਹਿਰ ਆਖ ਰਹੇ ਹਨ ਕਿ ਇਸ ਸਮੇਂ ਪੰਜਾਬ ਦੀ ਸਿਆਸਤ ਇਸ ਵੇਲੇ ਖਲਾਅ ਵਾਲੀ ਹਾਲਤ ਵਿਚੋਂ ਲੰਘ ਰਹੀ ਹੈ। ਕੈਪਟਨ ਸਰਕਾਰ ਨੂੰ ਵਿਰੋਧੀ ਪਾਰਟੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਮਨੁੱਖੀ ਅਧਿਕਾਰਾਂ, ਕਾਲੇ ਕਾਨੂੰਨਾਂ ਤੇ ਕਿਸਾਨੀ ਦੇ ਮੁੱਦਿਆਂ 'ਤੇ ਘੇਰਨਾ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ, ਕਿਉਂਕਿ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਬਣਨ ਕਰਕੇ ਅਕਾਲੀ ਦਲ ਨੂੰ ਵੱਡਾ ਸਿਆਸੀ ਝਟਕਾ ਲੱਗੇਗਾ। ਹਾਲੇ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਬੇਅਦਬੀ ਦੇ ਮਾਮਲਿਆਂ ਨੇ ਪਿੱਛਾ ਨਹੀਂ ਛੱਡਿਆ। ਪੰਜਾਬ ਦੀਆਂ ਰਾਜਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਬਸਪਾ, ਸੁਖਪਾਲ ਸਿੰਘ ਖਹਿਰਾ, 'ਆਪ', ਅਕਾਲੀ ਦਲ ਢੀਂਡਸਾ, ਬੈਂਸ ਬ੍ਰਦਰਜ਼ ਨੇ ਆਪਣੇ ਰਾਜਨੀਤਕ ਏਜੰਡੇ ਹੁਣ ਤੋਂ ਉਭਾਰਨੇ ਸ਼ੁਰੂ ਕਰ ਦਿੱਤੇ ਹਨ। ਇਸ ਵਾਰ ਬਸਪਾ ਵੀ ਪੰਥਕ ਤੇ ਖਾਸ ਕਰਕੇ ਜੱਟ ਵੋਟ 'ਤੇ ਜ਼ੋਰ ਦੇ ਰਹੀ ਹੈ।

ਕੈਪਟਨ ਸਰਕਾਰ ਵਲੋਂ ਪਾਰਟੀ ਅੰਦਰੋਂ ਉੱਠੀ ਸਖ਼ਤ ਨਾਰਾਜ਼ਗੀ ਬਾਅਦ ਬੇਅਦਬੀ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਨੂੰ ਨਾਮਜ਼ਦ ਕਰਨ ਅਤੇ ਸੀ.ਬੀ.ਆਈ. ਦੇ ਡੇਰਾ ਮੁਖੀ ਦੀ ਹਮਾਇਤ ਵਿਚ ਆ ਖੜਨ ਕਰਕੇ ਇਹ ਮੁੱਦਾ ਕੇਂਦਰ ਬਨਾਮ ਪੰਜਾਬ ਬਣਦਾ ਜਾ ਰਿਹਾ ਹੈ। ਮੋਦੀ ਸਰਕਾਰ ਵਲੋਂ ਕਈ ਮਾਮਲਿਆਂ ਖ਼ਾਸ ਕਰ ਖੇਤੀ ਸਬੰਧੀ ਜਾਰੀ ਤਿੰਨ ਆਰਡੀਨੈਂਸਾਂ ਨੂੰ ਕਿਸਾਨੀ ਦੀ ਹੋਂਦ ਤੇ ਫੈਡਰਲ ਢਾਂਚੇ ਦੇ ਭਵਿੱਖ ਦੇ ਸੰਦਰਭ ਵਿਚ ਵਿਚਾਰਿਆ ਜਾ ਰਿਹਾ ਹੈ। ਬੇਅਦਬੀ, ਖੇਤੀ ਆਰਡੀਨੈਂਸ ਤੇ ਫੈੱਡਰਲ ਢਾਂਚੇ ਬਾਰੇ ਬੁਨਿਆਦੀ ਸਵਾਲ ਪੰਜਾਬ ਦੀ ਸਿਆਸਤ ਅੰਦਰ ਭਖ ਉੱਠੇ ਉਕਤ ਤਿੰਨੇ ਮੁੱਦੇ ਤੀਜੇ ਬਦਲ ਦੇ ਉਭਾਰ ਲਈ ਵੀ ਜਰਖੇਜ਼ ਮੰਨੇ ਜਾ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਪੂਰੀ ਇਕ ਸਦੀ ਤੋਂ ਪੰਥ ਤੇ ਪੰਜਾਬ ਮਸਲਿਆਂ ਉੱਪਰ ਡਟ ਕੇ ਪਹਿਰਾ ਦੇਣ ਵਾਲਾ ਅਕਾਲੀ ਦਲ ਇਨਾਂ ਬੁਨਿਆਦੀ ਮੁੱਦਿਆਂ ਤੋਂ ਪੂਰੀ ਤਰਾਂ ਪਰੇ ਹੱਟ ਗਿਆ ਹੈ। ਅਕਾਲੀ ਦਲ ਦੀ ਵੱਡੀ ਕਮਜ਼ੋਰੀ ਇਹ ਹੈ ਕਿ ਮੋਦੀ ਸਰਕਾਰ ਪ੍ਰਤੀ ਨਰਮ ਵਤੀਰੇ ਕਾਰਨ ਉਹ ਪੰਜਾਬ ਦੀ ਸਿਆਸਤ ਤੋਂ ਬਾਹਰ ਹੁੰਦਾ ਜਾ ਰਿਹਾ ਹੈ।

ਆਮ ਆਦਮੀ ਪਾਰਟੀ, ਬਸਪਾ, ਖਹਿਰਾ, ਗਾਂਧੀ ਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲਾ ਅਕਾਲੀ ਦਲ ਉਕਤ ਮਸਲਿਆਂ ਉਪਰ ਆਪਣੇ ਨੁਕਤਾ ਨਿਗਾਹ ਅਨੁਸਾਰ ਲਾਮਬੰਦੀ ਕਰਨ ਲਈ ਯਤਨਸ਼ੀਲ ਹੈ। ਉਹ ਵੀ ਇਨਾਂ ਮੁੱਦਿਆਂ ਨੂੰ ਆਉਣ ਵਾਲੀ ਚੋਣ ਦੇ ਅਹਿਮ ਮੁੱਦੇ ਸਮਝ ਕੇ ਚੱਲ ਰਹੇ ਹਨ। ਦਰਜਨ ਤੋਂ ਵਧੇਰੇ ਕਿਸਾਨ ਸੰਗਠਨ ਖੇਤੀ ਆਰਡੀਨੈਂਸਾਂ ਨੂੰ ਕਿਸਾਨ ਵਿਰੋਧੀ ਕਰਾਰ ਦੇ ਕੇ ਸੰਘਰਸ਼ ਕਰ ਰਹੇ ਹਨ।

ਬਾਕੀ ਸਫ਼ਾ 19 'ਤੇ

### ਅਨਮੋਲ ਕਥਨ



"ਜਦ ਅਮੀਰ ਲੋਕ ਹੱਦ ਥੀਂ ਵੱਧ ਅਤਿਆਚਾਰ ਕਰਦੇ ਹਨ, ਤਦ ਰੱਬ ਵਲੋਂ ਹੀ ਕੋਈ ਤੂਫ਼ਾਨ ਸੋਸਾਇਟੀ ਵਿਚ ਆਉਂਦਾ ਹੈ, ਜਿਹੜਾ ਸੋਸਾਇਟੀ ਦੀ ਜ਼ਮੀਨ ਉੱਚੀ ਨੀਚੀ ਪੈਲੀ ਵਿਚ ਕਰਾਰ ਫੇਰਦਾ ਹੈ ਤੇ ਬੰਨੇ ਚੰਨੇ ਵੱਟ ਟੋਏ ਨੂੰ ਇਕ ਬਰਾਬਰ ਕਰ ਦੇਂਦਾ ਹੈ।"

(ਪੂਰਨ ਸਿੰਘ ਦੀ ਵਾਰਤਕ ਵਿਚੋਂ)















ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ

ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ

ਪਰਿਵਾਰ ਗਿਣਦੇ ਹਨ ਅੱਜ

ਹਰ ਕੋਈ ਗਿਣਦਾ ਹੈ

ਮਰਦਮਸ਼ੁਮਾਰੀ CALIFORNIA ALL 2020

CaliforniaCensus.org

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵੀ ਅਦਾਲਤੀ ਘੇਰੇ ਵਿੱਚ



ਫਰਿਜ਼ਨੋ: ਦਮਦਮੀ ਟਕਸਾਲ ਨਾਲ ਸਬੰਧਤ ਕੈਲੇਫੋਰਨੀਆਂ ਦੇ ਕਲੱਵਸ ਸ਼ਹਿਰ ਸਥਿਤ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਜਾਇਦਾਦ ਨੂੰ ਲੈ ਕੇ ਭਾਈ ਅਕਬਾਲ ਸਿੰਘ ਨੇ ਅਦਾਲਤ ਵਿੱਚ ਕੇਸ ਕਰ ਦਿੱਤਾ ਹੈ। ਭਾਈ ਅਕਬਾਲ ਸਿੰਘ ਪਿਛਲੇ 25 ਸਾਲ ਤੋਂ ਉੱਪਰ ਸਮੇਂ ਤੋਂ ਇਸ ਗੁਰੂਘਰ ਨਾਲ ਸਬੰਧਤ ਹਨ ਅਤੇ ਜਦੋਂ ਬਾਬਾ ਹਰਨਾਲ ਸਿੰਘ ਧੁੰਮਾ ਅਮਰੀਕਾ ਵਿੱਚ ਸਨ ਤਾਂ ਇਹ ਉਸਦੇ ਨਜ਼ਦੀਕੀ ਪਰਿਵਾਰਕ ਸਬੰਧ ਵਾਲੇ ਸਿੰਘ ਸਨ। ਬਾਬਾ ਧੁੰਮਾ ਇਹਨਾਂ ਕੋਲ ਸੈਨ ਡਿਆਗੋ ਵੀ ਰਹਿਣ ਲਈ ਚਲੇ ਜਾਂਦੇ ਸਨ। ਉਹਨਾਂ ਸਬੰਧਾਂ ਕਾਰਣ ਹੀ ਇਹ ਇਸ ਗੁਰੂਘਰ ਨਾਲ ਜੁੜੇ।

ਵਿਵਾਦ ਦਾ ਕਾਰਣ ਗੁਰਦੁਆਰਾ ਸਾਹਿਬ ਵਲੋਂ ਨਾਲ ਲੱਗਦਾ ਘਰ ਖਰੀਦਣ ਕਰਕੇ ਹੋਇਆ। ਗੁਰਦੁਆਰਾ ਸਾਹਿਬ ਦੀ ਉਸ ਵੇਲੇ ਦੀ ਕਮੇਟੀ ਨੇ ਭਾਈ ਅਕਬਾਲ ਸਿੰਘ ਨੂੰ ਬੇਨਤੀ ਕਰਕੇ ਘਰ ਇਹਨਾਂ ਦੇ ਨਾਮ ਤੇ ਖਰੀਦ ਲਿਆ ਜਿਸ ਵਿੱਚ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਰਹਿਣ ਲੱਗੇ ਅਤੇ ਉਸਦੀ ਮਹੀਨਾਵਾਰ ਕਿਸ਼ਤ ਗੁਰਦੁਆਰਾ ਦਿੰਦਾ ਰਿਹਾ। ਫੇਰ ਕੁੱਝ ਸਮਾਂ ਬਾਅਦ ਉੱਥੇ ਵੀ ਪ੍ਰਬੰਧ ਨੂੰ ਲੈ ਕੇ ਕਮੇਟੀ ਦਾ ਵਿਵਾਦ ਚੱਲ ਪਿਆ ਅਤੇ ਨਵੇਂ ਆਈ ਕਮੇਟੀ ਨੇ ਉਸਦੀ ਕਿਸ਼ਤ ਦੇਣੀ ਬੰਦ ਕਰ ਦਿੱਤੀ। ਕਈ ਮੋਹਤਬਰਾਂ ਨੇ ਗੱਲਬਾਤ ਕੀਤੀ ਪਰ ਕਿਉਂ ਕਿ ਘਰਾਂ ਦੀ ਕੀਮਤਾਂ ਡਿੱਗ ਪਈਆਂ ਸਨ ਇਸਲਈ ਕਮੇਟੀ ਨੇ ਪੈਰਾਂ ਤੇ ਪਾਣੀ ਨਹੀਂ ਪੈਣ ਦਿੱਤਾ। ਇਸਨਾਲ ਭਾਈ ਅਕਬਾਲ ਸਿੰਘ ਦਾ ਕਰੈਡਿਟ ਵੀ ਖਰਾਬ ਹੋਇਆ। ਹੁਣ ਉਸ ਨੇ ਬੂਟਾ ਸਿੰਘ ਚਹਿਲ, ਬਲਬੀਰ ਸਿੰਘ ਖੋਸਾ, ਨਛੱਤਰ ਸਿੰਘ ਧਾਲੀਵਾਲ ਅਤੇ ਗੁਰਦੁਆਰੇ ਤੇ ਵਸੂਲੀ ਦਾ ਕੇਸ ਕਰ ਦਿੱਤਾ ਹੈ।

ਇਸ ਕੇਸ ਤੋਂ ਬਿਨਾਂ ਪਿਛਲੇ ਕਈ ਸਾਲਾਂ ਤੋਂ ਪ੍ਰਬੰਧ ਨੂੰ ਲੈ ਕੇ ਵੀ ਉੱਥੇ ਵਿਵਾਦ ਚੱਲ ਰਿਹਾ ਹੈ। ਉਸ ਗੁਰਦੁਆਰਾ ਸਾਹਿਬ ਨਾਲ ਸਬੰਧਤਇੱਕ ਵੀਰ ਨੇ ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਗੁਰਦੁਆਰਾ ਸਾਹਿਬ ਵਲੋਂ ਹਰ ਸਾਲ ਬਾਬ ਧੁੰਮੇ ਨੂੰ ਬਕਾਇਦਾ ਪੈਸੇ ਭੇਜੇ ਜਾਂਦੇ ਹਨ ਜਿਹੜਾ ਕਿ ਅਮਰੀਕਾ ਦੇ ਕਨੂੰਨ ਮੁਤਾਬਕ ਗੈਰਕਨੂੰਨੀ ਹੈ ਅਤੇ ਉਸਦੇ ਕਹਿਣ ਮੁਤਾਬਕ ਕਿ ਉਹ ਹੁਣ ਇਹ ਸਾਰਾ ਮੁੱਦਾ ਸੰਗਤ ਵਿੱਚ ਵੀ ਲੈ ਕੇ ਜਾਣਗੇ ਅਤੇ ਜੇ ਹੱਲ ਨਾਂ ਹੋਇਆ ਤਾਂ ਕੋਰਟ ਦਾ ਦਰਵਾਜ਼ਾ ਵੀ ਖੜਕਾਉਣ ਤੋਂ ਉਹ ਝਿੱਜਕਣਗੇ ਨਹੀਂ।

# ਗੁਰਮੀਤ ਰਾਮ ਰਹੀਮ ਨੂੰ ਪੁਸ਼ਾਕ ਭੇਜਣ ਦੇ ਦੋਸ਼ਾਂ ਬਾਰੇ ਸੁਖਬੀਰ ਸਾਹਮਣੇ ਆ ਕੇ ਜਵਾਬ ਦਵੇ: ਗਿਆਨੀ ਰਘਬੀਰ ਸਿੰਘ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਨਕਲ ਕਰਨ ਮੌਕੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਇੰਸਾ ਨੇ ਜਿਹੜੀ ਪੁਸ਼ਾਕ ਪਾਈ ਸੀ, ਉਸ ਸਬੰਧੀ ਸੁਖਬੀਰ ਸਿੰਘ ਬਾਦਲ 'ਤੇ ਦੋਸ਼ ਲੱਗ ਰਹੇ ਹਨ ਕਿ ਉਹ ਪੁਸ਼ਾਕ ਗੁਰਮੀਤ ਨੂੰ ਸੁਖਬੀਰ ਸਿੰਘ ਬਾਦਲ ਨੇ ਭੇਜੀ ਸੀ। ਇਹਨਾਂ ਲੱਗ ਰਹੇ ਦੋਸ਼ਾਂ ਬਾਰੇ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਆਪ ਅੱਗੇ ਆ ਕੇ ਇਹਨਾਂ ਦੋਸ਼ਾਂ ਦਾ ਜੁਆਬ ਦੇਣਾ ਚਾਹੀਦਾ ਹੈ। ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਜਾਂਚ ਚੱਲ ਰਹੀ ਹੈ ਤੇ ਸੱਚ ਸਮੁੱਚੀ ਸੰਗਤ ਦੇ ਸਾਹਮਣੇ ਆਉਣਾ ਚਾਹੀਦਾ ਹੈ, ਜਿੱਥੋਂ ਤੱਕ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਜਾਂ ਕਾਂਗਰਸੀ ਆਗੂਆਂ ਵੱਲੋਂ ਡੇਰਾ ਸਾਧ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਪੁਸ਼ਾਕ ਭੇਜਣ ਦੇ ਦੋਸ਼ ਲਗਾਉਣ ਦੀ ਗੱਲ ਹੈ ਤਾਂ ਇਸ ਬਾਰੇ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਪੱਖ ਜਨਤਕ ਕਰਦੇ ਹੋਏ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਵਿਖੇ ਤਲਬ ਕਰਨ ਦੀ ਮੰਗ ਬਾਰੇ ਉਨਾਂ ਕਿਹਾ ਜਦੋਂ ਤੱਕ ਕੋਈ ਦੋਸ਼ੀ ਨਹੀਂ ਸਿੱਧ ਹੋ ਜਾਂਦਾ ਉਦੋਂ ਤੱਕ ਕਿਸੇ ਨੂੰ ਕਿਵੇਂ ਤਲਬ ਕੀਤਾ ਜਾ ਸਕਦਾ ਹੈ।




# ਸ਼੍ਰੋਮਣੀ ਕਮੇਟੀ ਮਹਾਰਾਸ਼ਟਰ ਤੋਂ ਸਾਮਾਨ ਖਰੀਦ ਕੇ ਪੰਜਾਬ ਦੀ ਆਰਥਿਕਤਾ ਦਾ ਕਰੇਗੀ ਘਾਣ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਨੇ ਇਸ ਵਾਰ ਦੇਸੀ ਘਿਓ ਤੇ ਹੋਰ ਦੁੱਧ ਵਸਤਾਂ ਦੀ ਖਰੀਦ ਲਈ ਪੰਜਾਬ ਦੀ ਥਾਂ ਮਹਾਰਾਸ਼ਟਰ ਦੀ ਕੰਪਨੀ ਦੀ ਚੋਣ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਗੁਰਧਾਮਾਂ ਵਿਖੇ ਕੜਾਹ ਪ੍ਰਸਾਦ ਤੇ ਲੰਗਰ ਘਰ ਵਾਸਤੇ ਦੇਸੀ ਘਿਓ ਤੇ ਹੋਰ ਦੁੱਧ ਵਸਤਾਂ ਵੱਡੇ ਪੱਧਰ 'ਤੇ ਪੰਜਾਬ ਦੀ ਸਹਿਕਾਰੀ ਸੰਸਥਾ ਮਿਲਕਫੈੱਡ ਤੋਂ ਖਰੀਦੀਆਂ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਨੇ ਮਿਲਕਫੈੱਡ ਨਾਲੋਂ ਰੇਟ ਘੱਟ ਹੋਣ ਕਰਕੇ ਪੁਣੇ ਦੀ ਸੋਨਾਈ ਡੇਅਰੀ ਨੂੰ ਦੁੱਧ ਵਸਤਾਂ ਦੀ ਖਰੀਦ ਲਈ ਆਰਡਰ ਦਿੱਤਾ ਹੈ। ਜਾਣਕਾਰੀ ਮੁਤਾਬਕ ਪੁਣੇ ਦੀ ਕੰਪਨੀ ਵੱਲੋਂ ਦੇਸੀ ਘਿਓ ਦਾ ਰੇਟ 352 ਰੁਪਏ ਪ੍ਰਤੀ ਕਿੱਲੋ ਦੱਸਿਆ ਗਿਆ ਹੈ ਜਦੋਂਕਿ ਵੇਰਕਾ ਦਾ ਦੇਸੀ ਘਿਓ 446 ਰੁਪਏ ਪ੍ਰਤੀ ਕਿੱਲੋ ਹੈ। ਇਸ ਵਿੱਚ ਟੈਕਸ ਵੀ ਸ਼ਾਮਲ ਹਨ। ਪ੍ਰੋਗਰੈਸਿਵ ਡੇਅਰੀ ਫਾਰਮਰ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦਾ ਦੁੱਧ ਵਸਤਾਂ ਦਾ ਆਰਡਰ ਮਿਲਕਫੈੱਡ ਦੀ ਥਾਂ ਹੋਰ ਕੰਪਨੀ ਨੂੰ ਜਾਣ ਨਾਲ ਮਿਲਕਫੈੱਡ ਦੀ ਆਮਦਨ 'ਤੇ ਕਰੋੜਾਂ ਰੁਪਇਆਂ ਦਾ ਅਸਰ ਪਵੇਗਾ।

**ਰੰਧਾਵਾ ਵਲੋਂ ਆਲੋਚਨਾ**

ਪੰਜਾਬ ਦੇ ਸਹਿਕਾਰਤਾ ਮੰਤਰੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲ ਪੱਤਰ ਲਿਖ ਕੇ ਇਸ ਫ਼ੈਸਲੇ 'ਤੇ ਮੁੜ ਨਜ਼ਰਸਾਨੀ ਕਰਨ ਦੀ ਅਪਲ ਕੀਤੀ ਹੈ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲ ਲਿਖੇ ਪੱਤਰ ਵਿਚ ਕਿਹਾ ਹੈ ਕਿ ਇਸ ਫ਼ੈਸਲੇ ਨਾਲ ਪੰਜਾਬ ਦੇ ਕਰੀਬ 3.5 ਲੱਖ ਦੁੱਧ ਉਤਪਾਦਕਾਂ ਦੇ ਢਿੱਡ 'ਤੇ ਲੱਤ ਵੱਜੀ ਹੈ। ਉਨਾਂ ਕਿਹਾ ਕਿ ਇਨਾਂ ਦੁੱਧ ਉਤਪਾਦਕਾਂ ਵਿਚੋਂ 99 ਫ਼ੀਸਦੀ ਸਿੱਖ ਹਨ ਜਦੋਂ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨਿਰੋਲ ਨੁਮਾਇੰਦਾ ਜਥੇਬੰਦੀ ਹੈ ਜਿਸ ਤੋਂ ਅਜਿਹੇ ਫ਼ੈਸਲੇ ਦੀ ਆਸ ਵੀ ਨਹੀਂ ਕੀਤੀ ਜਾ ਸਕਦੀ ਸੀ। ਨਵੇਂ ਇਕਰਾਰਨਾਮੇ ਤਹਿਤ ਪ੍ਰਾਈਵੇਟ ਕੰਪਨੀ ਨੂੰ ਕਰੀਬ 60 ਕਰੋੜ ਰੁਪਏ ਦੇ ਮੁੱਲ ਦੇ ਦੇਸੀ ਘਿਓ ਅਤੇ ਸੁੱਕੇ ਦੁੱਧ ਦੀ ਸਪਲਾਈ ਦਾ ਆਰਡਰ ਮਿਲ ਗਿਆ ਹੈ ਜੋ ਕਈ ਦਹਾਕਿਆਂ ਤੋਂ ਪੰਜਾਬ ਮਿਲਕਫੈਡ ਕੋਲ ਸੀ। ਉਨਾਂ ਭਾਈ ਲੌਂਗੋਵਾਲ ਨੂੰ ਇਸ ਫ਼ੈਸਲੇ ਉਤੇ ਮੁੜ ਗੌਰ ਕਰਨ ਦੀ ਅਪੀਲ ਕੀਤੀ ਹੈ। ਰੰਧਾਵਾ ਮੁਤਾਬਕ ਮਿਲਕਫੈਡ ਪੰਜਾਬ ਦਾ ਉਹ ਸਹਿਕਾਰੀ ਅਦਾਰਾ ਹੈ ਜਿਸ ਦਾ ਮਕਸਦ ਮੁਨਾਫ਼ਾਖੋਰੀ ਨਾ ਹੋ ਕੇ ਸੂਬੇ ਦੇ ਦੁੱਧ ਉਤਪਾਦਕਾਂ ਨੂੰ ਦੁੱਧ ਦਾ ਸਹੀ ਭਾਅ ਦੇਣਾ ਤੇ ਆਪਣੇ ਉਪਭੋਗਤਾਵਾਂ ਨੂੰ ਉੱਚ ਮਿਆਰ ਦਾ ਦੁੱਧ, ਘਿਉ, ਪਨੀਰ ਤੇ ਦੁੱਧ ਤੋਂ ਬਣੀਆ ਹੋਰ ਵਸਤਾਂ ਮੁਹੱਈਆ ਕਰਾਉਣਾ ਹੈ। ਦਹਾਕਿਆਂ ਤੋਂ ਮਿਲਕਫੈਡ ਦਾ ਬਰਾਂਡ ਵੇਰਕਾ ਆਪਣੇ ਉਚ ਮਿਆਰ ਲਈ ਨਾ ਸਿਰਫ਼ ਪੰਜਾਬ ਬਲਕਿ ਪੂਰੇ ਮੁਲਕ ਵਿਚ ਜਾਣਿਆ ਜਾਂਦਾ ਹੈ। ਦਹਾਕਿਆਂ ਤੋਂ ਇਹ ਅਦਾਰਾ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਸੁੱਕਾ ਦੁੱਧ, ਦੇਸੀ ਘਿਉ ਅਤੇ ਪਨੀਰ ਮੁਹੱਈਆ ਕਰਦਾ ਆ ਰਿਹਾ ਹੈ। ਅੱਜ ਤੱਕ ਮਿਆਰ ਜਾਂ ਸਮੇਂ ਸਿਰ ਸਪਲਾਈ ਪੱਖੋਂ ਇਕ ਵੀ ਸ਼ਿਕਾਇਤ ਨਹੀਂ ਆਈ। ਦੂਜੇ ਪਾਸੇ, ਪੁਣੇ ਦੀ ਜਿਸ ਨਿੱਜੀ ਕੰਪਨੀ 'ਸੋਨਾਈ ਡੇਅਰੀ' ਨੂੰ ਕਰੀਬ 60 ਕਰੋੜ ਦੇ ਸੁੱਕੇ ਦੁੱਧ ਤੇ ਦੇਸੀ ਘਿਉ ਦੀ ਸਪਲਾਈ ਦਾ ਆਰਡਰ ਦਿਤਾ ਗਿਆ ਹੈ ਉਸ ਦਾ ਅੱਜ ਤਕ ਕਿਸੇ ਨੇ ਨਾਂ ਵੀ ਨਹੀਂ ਸੁਣਿਆ। ਉਨਾਂ ਕਿਹਾ ਪੁਣੇ ਦੀ ਕੰਪਨੀ ਦਾ ਇਕੋ-ਇਕ ਮਕਸਦ ਮੁਨਾਫ਼ਾ ਕਮਾਉਣਾ ਹੈ। ਇਸ ਕੰਪਨੀ ਨੇ ਜਿਸ ਰੇਟ ਉਤੇ ਦੇਸੀ ਘਿਉ ਸਪਲਾਈ ਕਰਨ ਦਾ ਇਕਰਾਰਨਾਮਾ ਕੀਤਾ ਹੈ, ਉਸ ਰੇਟ ਉਤੇ ਕੋਈ ਵੀ ਅਦਾਰਾ ਉਚ ਮਿਆਰ ਦਾ ਦੇਸੀ ਘਿਓ ਤੇ ਸੁੱਕਾ ਦੁੱਧ ਮੁਹੱਈਆ ਨਹੀਂ ਕਰ ਸਕਦਾ ਜਿਸ ਤੋਂ ਸਪੱਸ਼ਟ ਹੈ ਕਿ ਮਿਆਰ ਨਾਲ ਸਮਝੌਤਾ ਹੋਵੇਗਾ। ਇਸ ਨਾਲ ਪੰਜਾਬ ਦੇ ਹਿੱਤਾਂ ਦਾ ਵੀ ਘਾਣ ਹੋਵੇਗਾ ਤੇ ਸ਼ਰਧਾਲੂਆਂ ਦੀ ਸਿਹਤ ਨਾਲ ਵੀ ਖਿਲਵਾੜ ਹੋਵੇਗਾ।

✪ ਸ਼੍ਰੋਮਣੀ ਕਮੇਟੀ ਨੇ ਮਿਲਕਫੈੱਡ ਨਾਲੋਂ ਰੇਟ ਘੱਟ ਹੋਣ ਕਰਕੇ ਪੁਣੇ ਦੀ ਸੋਨਾਈ ਡੇਅਰੀ ਨੂੰ ਦੁੱਧ ਵਸਤਾਂ ਦੀ ਖਰੀਦ ਲਈ ਆਰਡਰ ਦਿੱਤਾ

✪ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਨਾਲ ਪੰਜਾਬ ਦੇ 3.5 ਲੱਖ ਦੁੱਧ ਉਤਪਾਦਕਾਂ ਦੇ ਢਿੱਡ 'ਤੇ ਲੱਤ ਵੱਜੀ: ਰੰਧਾਵਾ

**ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨ ਵੱਲੋਂ ਵਿਰੋਧ**

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਮਿਲਕਫੈੱਡ (ਵੇਰਕਾ ਬਰਾਂਡ) ਨੂੰ ਅੱਖੋਂ ਪਰੋਖੇ ਕਰਕੇ ਮਹਾਰਾਸ਼ਟਰ ਦੀ ਅਣਪਛਾਤੀ ਕੰਪਨੀ ਨੂੰ ਦੁੱਧ ਪਦਾਰਥਾਂ ਦਾ ਠੇਕਾ ਦੇਣਾ ਸਿੱਖ ਆਰਥਿਕਤਾ ਦਾ ਘਾਣ ਹੈ। ਉਨਾਂ ਕਿਹਾ ਕਿ ਪੰਜਾਬ ਵਿਚ ਖੇਤੀ ਖੇਤਰ ਸਿੱਖ ਕੌਮ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੇ ਸਹਾਇਕ ਧੰਦਿਆਂ ਵਿਚ ਡੇਅਰੀ ਦੀ ਭੂਮਿਕਾ ਸਭ ਤੋਂ ਪ੍ਰਮੁੱਖ ਹੈ। ਇਸ ਨਾਲ ਸਿੱਖ ਕਿਸਾਨੀ ਦਾ ਨੁਕਸਾਨ ਹੋਵੇਗਾ, ਜੋ ਅੱਗੇ ਹੀ ਆਤਮ-ਹੱਤਿਆ ਦੇ ਰਾਹ ਪਈ ਹੈ। ਉਨਾਂ ਕਿਹਾ ਕਿ ਪੰਜਾਬ ਦੀ ਸਿੱਖ ਕਿਸਾਨੀ ਲੰਗਰ ਤੋਂ ਲੈ ਕੇ ਕਾਰ ਸੇਵਾ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਜਥੇਦਾਰ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਆਪਣੇ ਦੁਆਰਾ ਕੀਤੇ ਜਾਂਦੇ ਖ਼ਰਚਿਆਂ ਵਿਚ ਬੱਚਤ ਕਰਨ ਦਾ ਅਧਿਕਾਰ ਹੈ ਪਰ ਸਾਰੇ ਫ਼ੈਸਲੇ ਕੇਵਲ ਮੁਨਾਫ਼ੇ ਜਾਂ ਬੱਚਤ ਤੋਂ ਸੇਧਿਤ ਨਹੀਂ ਹੋਣੇ ਚਾਹੀਦੇ, ਸਗੋਂ ਪੰਜਾਬ ਤੇ ਸਿੱਖ ਆਰਥਿਕਤਾ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਉਨਾਂ ਕਿਹਾ ਕਿ ਪ੍ਰਾਈਵੇਟ ਕੰਪਨੀਆਂ ਦਾ ਮੁੱਖ ਉਦੇਸ਼ ਮੁਨਾਫ਼ਾ ਕਮਾਉਣਾ ਹੁੰਦਾ ਹੈ, ਨਾ ਕਿ ਉਚਿਤ ਪਦਾਰਥ ਦੇਣੇ ਹੁੰਦੇ ਹਨ। ਉਨਾਂ ਕਿਹਾ ਕਿ ਪੰਜਾਬ ਦੇ ਦੁੱਧ ਉਤਪਾਦਕਾਂ ਨੂੰ ਦੁੱਧ ਦਾ ਵਾਜਬ ਭਾਅ ਦੇਣ ਲਈ ਮਿਲਕਫੈੱਡ ਵੱਡੀ ਭੂਮਿਕਾ ਨਿਭਾ ਰਹੀ ਹੈ। ਇਸ ਦੇ ਦਖ਼ਲ ਕਾਰਨ ਬਾਕੀ ਕੰਪਨੀਆਂ ਨੂੰ ਵੀ ਕਿਸਾਨਾਂ ਤੋਂ ਦੁੱਧ ਵਾਜਬ ਭਾਅ ਉੱਤੇ ਲੈਣਾ ਪੈਂਦਾ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸੰਚਾਲਨ ਦੀ ਜ਼ਿੰਮੇਵਾਰੀ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਿਤ ਆਗੂਆਂ ਕੋਲ ਹੈ। ਅਕਾਲੀ ਦਲ ਪੰਜਾਬ ਦੀ ਕਿਸਾਨੀ ਦੇ ਹੱਕਾਂ ਲਈ ਲੜਨ ਦੀ ਦਾਅਵੇਦਾਰੀ ਕਰਦਾ ਹੈ। ਪਰ ਹੁਣ ਸ਼੍ਰੋਮਣੀ ਕਮੇਟੀ ਰਾਹੀਂ ਸਿੱਖ ਆਰਥਿਕਤਾ ਦਾ ਘਾਣ ਕਰ ਰਿਹਾ ਹੈ।

# ਪਾਕਿਸਤਾਨ 'ਚ ਰੇਲ ਹਾਦਸੇ ਦੌਰਾਨ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਲੱਖ ਰੁਪਏ ਦਿੱਤੇ ਜਾਣਗੇ: ਭਾਈ ਲੌਂਗੋਵਾਲ

## ਜ਼ਖਮੀਆਂ ਨੂੰ ਪੰਜਾਹ-ਪੰਜਾਹ ਹਜ਼ਾਰ ਰੁਪਏ ਦੇਣ ਦਾ ਵੀ ਕੀਤਾ ਐਲਾਨ

ਅੰਮ੍ਰਿਤਸਰ, (ਬਾਜ) ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿਸਤਾਨ ਅੰਦਰ ਰੇਲ ਹਾਦਸੇ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ-ਇੱਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਪਾਕਿਸਤਾਨ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਵਾਪਿਸ ਜਾ ਰਹੇ ਸ਼ਰਧਾਲੂਆਂ ਦੀ ਬੱਸ ਹਾਦਸਾ ਗ੍ਰਸਤ ਹੋਣ ਨਾਲ ਚਲਾਣਾ ਕਰ ਗਏ ਸਿੱਖਾਂ ਦੇ ਪਰਿਵਾਰਾਂ ਨਾਲ ਕੌਮ ਨੂੰ ਹਮਦਰਦੀ ਹੈ। ਇਸ ਦੁੱਖਮਈ ਸਮੇਂ 'ਤੇ ਸ਼੍ਰੋਮਣੀ ਕਮੇਟੀ ਪੀੜਤਾਂ ਦੇ ਨਾਲ ਹੈ। ਉਨਾਂ ਕਿਹਾ ਕਿ ਭਾਵੇਂ ਪੀੜਤ ਪਰਿਵਾਰਾਂ ਦਾ ਘਾਟਾ ਨਾ ਪੂਰਾ ਹੋਣ ਵਾਲਾ ਹੈ, ਪਰੰਤੂ ਹਮਦਰਦੀ ਵਜੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਲੱਖ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ ਜ਼ਖਮੀਆਂ ਨੂੰ ਵੀ ਪੰਜਾਹ-



ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਸ਼੍ਰੋਮਣੀ ਕਮੇਟੀ ਦੇਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪਾਕਿਸਤਾਨ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਪੀੜਤ ਸਿੱਖ ਪਰਿਵਾਰਾਂ ਦੀ ਬਾਂਹ ਫੜੇ ਅਤੇ ਉਨਾਂ ਨੂੰ ਹਰ ਸੰਭਵ ਸਹਾਇਤਾ ਦੇਵੇ। ਉਨਾਂ ਕਿਹਾ ਕਿ ਰੇਲਵੇ ਵਿਭਾਗ ਨਾਲ ਸਬੰਧਤ ਦੋਸ਼ੀਆਂ ਖਿਲਾਫ ਵੀ ਸ਼ਖ਼ਤ ਕਾਰਵਾਈ ਕੀਤੀ ਜਾਵੇ। ਭਾਈ ਲੌਂਗੋਵਾਲ ਨੇ ਇਹ ਵੀ ਕਿਹਾ ਕਿ ਉਹ ਇਸ ਮਾਮਲੇ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਭਾਰਤ ਸਰਕਾਰ ਰਾਹੀਂ ਪੱਤਰ ਵੀ ਲਿਖਣਗੇ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਵੀ ਕਰਵਾਏਗੀ।

ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਮੈਂਬਰ ਗੁਰਮੀਤ ਸਿੰਘ ਬੂਹ, ਸੁਖਵਰਸ਼ ਸਿੰਘ ਪੰਨੂ, ਪ੍ਰਿਤਪਾਲ ਸਿੰਘ ਲੁਧਿਆਣਾ, ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਮਨਜੀਤ ਸਿੰਘ ਬਾਠ, ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ, ਸੀਨੀਅਰ ਆਗੂ ਨਰਿੰਦਰ ਸਿੰਘ ਬਾੜਾ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ, ਮੀਤ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਹਰਜਿੰਦਰ ਸਿੰਘ ਕੈਰੋਂਵਾਲ, ਸਿਮਰਜੀਤ ਸਿੰਘ, ਗੁਰਮੀਤ ਸਿੰਘ ਬੁੱਟਰ ਆਦਿ ਮੌਜੂਦ ਸਨ।

# ਹਿੰਦੁਸਤਾਨ ਦੀ ਹਕੂਮਤ ਵੀ ਮੁਗਲਾਂ ਵਾਂਗ ਘੱਟਗਿਣਤੀਆਂ ਨੂੰ ਖ਼ਤਮ ਕਰਨ 'ਚ ਲੱਗੀ: ਜਥੇਦਾਰ ਹਰਪ੍ਰੀਤ ਸਿੰਘ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਹਿੰਦੁਸਤਾਨ ਦੀ ਹਕੂਮਤ ਵੀ ਮੁਗ਼ਲ ਹਕੂਮਤ ਵਾਂਗ ਹੀ ਭਾਰਤ ਦੇਸ਼ ਅੰਦਰ ਘੱਟਗਿਣਤੀਆਂ ਨੂੰ ਖ਼ਤਮ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਬੇਸ਼ੱਕ ਭਾਰਤ ਦੀ ਸਰਕਾਰ ਸਿੱਧੇ ਤੌਰ 'ਤੇ ਕੁਝ ਨਹੀਂ ਆਖ ਰਹੀ ਹੈ ਪਰ ਅੰਦਰਖਾਤੇ ਘੱਟ ਗਿਣਤੀਆਂ ਨੂੰ ਦਬਾਉਣ ਦੀਆਂ ਅਤੇ ਦੇਸ਼ ਅੰਦਰ ਗ਼ੈਰਹਿੰਦੂਆਂ ਨੂੰ ਨਾ ਰਹਿਣ ਦੇਣ ਦੀਆਂ ਨੀਤੀਆਂ ਦੀ ਸ਼ੁਰੂਆਤ ਮੁਸਲਮਾਨਾਂ ਤੋਂ ਹੋ ਚੁੱਕੀ ਹੈ, ਸਿੱਖਾਂ ਨਾਲ ਵਧੀਕੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ, ਜਦਕਿ ਦਲਿਤ ਵੀ ਇਸ ਕਹਿਰ ਤੋਂ ਨਹੀਂ ਬਚ ਸਕਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਘੱਟ ਗਿਣਤੀਆਂ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸਦੀ ਸ਼ੁਰੂਆਤ ਮੁਸਲਮਾਨਾਂ ਤੋਂ ਹੋ ਚੁੱਕੀ ਹੈ ਪਰ ਦਲਿਤਾਂ ਅਤੇ ਸਿੱਖਾਂ ਨਾਲ ਇਹੋ ਕੁਝ ਹੋ ਰਿਹੈ ਹੈ। ਉਹਨਾਂ ਕਿਹਾ ਕਿ ਸਾਡੇ ਧਾਰਮਿਕ ਸਥਾਨ ਖ਼ਤਰੇ 'ਚ ਹਨ, 1-2 ਧਾਰਮਿਕ ਸਥਾਨ ਢਾਹ ਵੀ ਦਿੱਤੇ ਗਏ ਹਨ ਤੇ ਇਹ ਸਭ ਕੁਝ ਧਾਰਮਿਕ ਕੱਟੜਵਾਦ ਹੀ ਹੈ। ਉਹਨਾਂ ਸਿੱਖ ਸੰਸਥਾਵਾਂ ਵਿਚ ਸਿੱਖ ਵਿਰੋਧੀਆਂ ਦੀ ਘੁਸਪੈਠ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੀਆਂ ਧਾਰਮਿਕ ਸੰਸਥਾਵਾਂ ਦੀ ਭਰੋਸੇਯੋਗਤਾ ਨੂੰ ਸੰਸਥਾਵਾਂ ਦੇ ਅੰਦਰ ਬੈਠ ਕੇ ਅਤੇ ਬਾਹਰ ਬੈਠ ਕੇ ਖਤਮ ਕੀਤਾ ਜਾ ਰਿਹਾ ਹੈ। ਸਾਨੂੰ ਅੰਦਰ ਬੈਠੀਆਂ ਕਾਲੀਆਂ ਭੇਡਾਂ ਅਤੇ ਬਾਹਰ ਬੈਠ ਕੇ ਨੁਕਸਾਨ ਕਰ ਰਹੇ ਲੋਕਾਂ ਦੌਰਾਨ ਗੰਢਤੁੱਪ ਦਾ ਸ਼ੱਕ ਹੈ। ਇਸ ਲਈ ਲੋੜ ਹੈ ਕਿ ਧਾਰਮਿਕ ਸੰਸਥਾਵਾਂ ਦੀ ਭਰੋਸੇਯੋਗਤਾ ਨੂੰ ਬਚਾਉਣਾ ਚਾਹੀਦਾ ਹੈ। ਜਥੇਦਾਰ ਨੇ ਅਸਿੱਧੇ ਢੰਗ ਦੇ ਨਾਲ ਭਾਰਤ ਦੀ ਹਕੂਮਤ ਨੂੰ ਤਾਕੀਦ ਕੀਤੀ ਕਿ ਧਾਰਮਿਕ ਕੱਟੜਤਾ ਨੇ ਵੱਡੀਆਂ-ਵੱਡੀਆਂ ਹਕੂਮਤਾਂ ਨੂੰ ਨਿਗਲਿਆ ਹੈ। ਧਾਰਮਿਕ ਕੱਟੜਤਾ ਵਾਲਾ ਬੇਸ਼ੱਕ ਸੱਤਾ ਹਾਸਲ ਕਰਨ 'ਚ ਕਾਮਯਾਬ ਹੋ ਗਿਐ ਪਰ ਕੱਟੜਤਾ ਵਾਲਾ ਰਾਜ ਸਦੀਵੀ ਨਹੀਂ ਰਿਹਾ। ਸੋਸ਼ਲ ਮੀਡੀਆ ਨੂੰ ਘਾਤਕ ਬਿਮਾਰੀ ਕਰਾਰ ਦਿੰਦਿਆਂ ਜਥੇਦਾਰ ਨੇ ਕਿਹਾ ਕਿ ਅੱਜ ਹਰ ਕੋਈ ਡਾਕਟਰ, ਇੰਜਨੀਅਰ, ਜਥੇਦਾਰ, ਸ਼੍ਰੋਮਣੀ ਕਮੇਟੀ ਪ੍ਰਧਾਨ, ਲੇਖਕ ਬਣਿਆ ਹੋਇਆ ਹੈ। ਸੋਸ਼ਲ ਮੀਡੀਆ ਰਾਹੀਂ ਅੱਜ ਜਵਾਨੀ ਬਰਬਾਦੀ ਵੱਲ ਜਾ ਰਹੀ ਹੈ। ਜਥੇਦਾਰ ਨੇ ਕੌਮ ਦੇ ਧੜੇਬੰਦੀਆਂ 'ਚ ਵੰਡੇ ਬੁੱਧੀਜੀਵੀਆਂ ਨੂੰ ਵਿਦਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਸੁਝਾਅ ਭੇਜਣ ਕਿ ਕਿਸ ਤਰਾਂ ਜਵਾਨੀ ਨੂੰ ਇਸ ਤੋਂ ਬਚਾਇਆ ਜਾ ਸਕਦਾ ਹੈ।

# ਅੱਤਵਾਦੀ ਬਣਾ 16 ਦਿਨ ਹਿਰਾਸਤ ਵਿਚ ਰੱਖਣ ਮਗਰੋਂ ਰਿਹਾਅ ਕੀਤਾ 18 ਸਾਲਾ ਨੌਜਵਾਨ ਜਸਪ੍ਰੀਤ ਸਿੰਘ

**ਅੰਮ੍ਰਿਤਸਰ ਟਾਈਮਜ਼ ਬਿਊਰੋ :** ਪਿਛਲੇ ਦਿਨੀਂ ਪੰਜਾਬ ਪੁਲਸ ਵੱਲੋਂ ਅੱਤਵਾਦੀ ਕਹਿ ਕੇ ਗ੍ਰਿਫ਼ਤਾਰ ਕੀਤੇ ਪੰਜਾਬ ਦੇ ਤਿੰਨ ਨੌਜਵਾਨਾਂ ਵਿਚੋਂ ਇਕ 18 ਸਾਲਾ ਜਸਪ੍ਰੀਤ ਸਿੰਘ ਨੂੰ 16 ਦਿਨ ਹਿਰਾਸਤ ਵਿਚ ਰੱਖਣ ਤੋਂ ਬਾਅਦ ਸੋਮਵਾਰ ਰਾਤ ਰਿਹਾਅ ਕਰ ਦਿੱਤਾ ਗਿਆ। ਜਸਪ੍ਰੀਤ ਸਿੰਘ ਨੂੰ ਪੁਲਸ ਨੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ) ਅਧੀਨ ਗ੍ਰਿਫਤਾਰ ਕੀਤਾ ਸੀ। ਬਾਅਦ ਵਿਚ ਪੁਲਸ ਨੇ ਪਟਿਆਲਾ ਅਦਾਲਤ ਨੂੰ ਕਿਹਾ ਕਿ ਜਸਪ੍ਰੀਤ ਸਿੰਘ ਖਿਲਾਫ ਸਬੂਤ ਨਾ ਮਿਲਣ ਕਰਕੇ ਉਸਨੂੰ ਇਸ ਮਾਮਲੇ ਵਿਚੋਂ ਬਾਹਰ ਕਰ ਦਿੱਤਾ ਜਾਵੇ।

ਜਸਪ੍ਰੀਤ ਸਿੰਘ ਦੇ ਮਾਪਿਆਂ ਦਾ ਕਹਿਣਾ ਹੈ ਕਿ ਪੁਲਸ ਉਸਨੂੰ ਘਰੇ ਪੁੱਛਣ ਆਈ ਸੀ, ਪਰ ਉਦੋਂ ਜਸਪ੍ਰੀਤ ਘਰ ਨਹੀਂ ਸੀ। ਇਸ ਤੋਂ ਕੁੱਝ ਸਮੇਂ ਬਾਅਦ ਉਹ ਖੁਦ 28 ਜੂਨ ਨੂੰ ਅੰਮ੍ਰਿਤਸਰ ਵਿਚ ਪੁਲਸ ਸਾਹਮਣੇ ਪੇਸ਼ ਹੋਇਆ ਸੀ। 30 ਜੂਨ ਨੂੰ ਪੰਜਾਬ ਦੇ ਡੀਜੀਪੀ ਵੱਲੋਂ ਬਿਆਨ ਜਾਰੀ ਕਰ ਦਿੱਤਾ ਗਿਆ ਕਿ ਪੰਜਾਬ ਪੁਲਸ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਹਨਾਂ ਵਿਚ ਜਸਪ੍ਰੀਤ ਸਿੰਘ ਦਾ ਨਾਂ ਵੀ ਸ਼ਾਮਲ ਸੀ। ਪੁਲਸ ਦੇ ਇਸ ਦਾਅਵੇ ਨੇ ਪਰਿਵਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਪਰਿਵਾਰ ਦਾ ਕਹਿਣਾ ਹੈ ਕਿ ਜਦੋਂ ਪੁਲਸ ਜਸਪ੍ਰੀਤ ਸਿੰਘ ਨੂੰ ਪੁੱਛਣ ਘਰ ਆਈ ਸੀ ਤਾਂ ਉਹਨਾਂ ਦਾ ਕਹਿਣਾ ਸੀ ਕਿ ਸੋਸ਼ਲ ਮੀਡੀਆ 'ਤੇ ਕਿਸੇ ਕੁੜੀ ਨੂੰ ਛੇੜਨ ਦਾ ਮਾਮਲਾ ਹੈ।

ਜਸਪ੍ਰੀਤ ਸਿੰਘ ਦੇ ਪਿਤਾ ਪਲਵਿੰਦਰ ਸਿੰਘ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਅਖ਼ਬਾਰਾਂ ਵਿਚ ਇਹ ਖਬਰ ਪੜ ਕੇ ਸਾਡੀ ਤਾਂ ਦੁਨੀਆ ਹੀ ਤਬਾਹ ਹੋ ਗਈ ਸੀ। ਉਹਨਾਂ ਦੱਸਿਆ ਕਿ ਪਿਛਲੇ 16 ਦਿਨਾਂ ਵਿਚ ਉਹ ਜਸਪ੍ਰੀਤ ਸਿੰਘ ਦੇ ਮਾਮਲੇ 'ਤੇ 50000 ਰੁਪਏ ਦੇ ਕਰੀਬ ਰਕਮ ਖਰਚ ਚੁੱਕੇ ਹਨ।

ਪਲਵਿੰਦਰ ਸਿੰਘ ਨੇ ਕਿਹਾ, "ਇਹ ਗੁਰੂ ਰਾਮਦਾਸ ਜੀ ਦੀ ਕਿਰਪਾ ਹੀ ਹੋਈ ਕਿ ਮੇਰਾ ਪੁੱਤ ਘਰ ਪਰਤ ਆਇਆ। ਉਸਨੇ ਇਹਨਾਂ 16 ਦਿਨਾਂ ਵਿਚ ਬਹੁਤ ਕੁੱਝ ਦੇਖਿਆ। ਉਸਦੇ ਸਾਹਮਣੇ ਪੁਲਸ ਨੇ ਉਸਦੇ ਨਾਲ ਫੜੇ ਮੁੰਡਿਆਂ 'ਤੇ ਤੀਜੀ ਡਿਗਰੀ ਦਾ ਤਸ਼ੱਦਦ ਕੀਤਾ, ਉਸਨੂੰ ਪੁਲਸ ਨੇ ਕੁੱਟਿਆ, ਪਰ ਉਹ ਤੀਜੀ ਡਿਗਰੀ ਦੇ ਤਸ਼ੱਦਦ ਤੋਂ ਬਚ ਗਿਆ ਸ਼ਾਇਦ ਇਸ ਲਈ ਕਿ ਉਹ ਪਹਿਲਾਂ ਹੀ ਬਹੁਤ ਕਮਜ਼ੋਰ ਸੀ ਅਤੇ ਹਿਰਾਸਤ ਵਿਚ ਕੁੱਝ ਖਾ ਵੀ ਨਹੀਂ ਰਿਹਾ ਸੀ। ਪਰ ਬਾਕੀਆਂ 'ਤੇ ਉਸਦੇ ਸਾਹਮਣੇ ਹੀ ਤਸ਼ੱਦਦ ਕੀਤਾ ਗਿਆ। ਉਹ ਉਹਨਾਂ ਮੁੰਡਿਆਂ ਨੂੰ ਨਹੀਂ ਜਾਣਦਾ ਸੀ ਤੇ ਮੁੰਡਿਆਂ ਨੇ ਵੀ ਕਿਹਾ ਕਿ ਉਹ ਮੇਰੇ ਪੁੱਤ ਨੂੰ ਨਹੀਂ ਜਾਣਦੇ।'

ਦੱਸ ਦਈਏ ਕਿ ਪੁਲਸ ਵੱਲੋਂ ਬੀਤੇ ਦਿਨਾਂ ਦੌਰਾਨ ਕਾਲੇ ਕਾਨੂੰਨ ਵਜੋਂ ਜਾਣੇ ਜਾਂਦੇ ਯੂਏਪੀਏ ਅਧੀਨ ਕੀਤੀਆਂ ਗਈਆਂ ਸਿੱਖਾਂ ਦੀਆਂ ਗ੍ਰਿਫਤਾਰੀਆਂ ਖਿਲਾਫ ਭੁਲੱਥ ਹਲਕੇ ਤੋਂ ਐਮਐਲਏ ਸੁਖਪਾਲ ਸਿੰਘ ਖਹਿਰਾ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਧਰਮਵੀਰ ਗਾਂਧੀ ਨੇ ਜ਼ੋਰਦਾਰ ਅਵਾਜ਼ ਚੁੱਕੀ ਸੀ। ਪਰਿਵਾਰ ਨੇ ਇਹਨਾਂ ਆਗੂਆਂ ਦਾ ਵੀ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਪੁਲਸ ਵੱਲੋਂ ਇਸੇ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਸਿਹਰਾ ਪਿੰਡ ਦੇ ਸੁਖਚੈਨ ਸਿੰਘ ਦੀ ਗ੍ਰਿਫਤਾਰੀ ਵੀ ਸਵਾਲਾਂ ਦੇ ਘੇਰੇ ਵਿਚ ਹੈ। ਪਿੰਡ ਦੀ ਪੰਚਾਇਤ ਨੇ ਪੁਲਸ ਦੇ ਦਾਅਵੇ ਦੇ ਝੂਠ ਦਾ ਪਰਦਾਫਾਸ਼ ਕਰਦਿਆਂ ਦੱਸਿਆ ਸੀ ਕਿ ਪੰਚਾਇਤ ਦੀ ਹਾਜ਼ਰੀ ਵਿਚ ਪੁਲਸ ਸੁਖਚੈਨ ਸਿੰਘ ਨੂੰ ਘਰ ਤੋਂ ਲੈ ਕੇ ਗਈ ਹੈ ਜਦਕਿ ਪੁਲਸ ਦਾ ਕਹਿਣਾ ਸੀ ਕਿ ਉਹਨਾਂ ਸੁਖਚੈਨ ਸਿੰਘ ਨੂੰ ਨੇੜਲੇ ਪਿੰਡ ਕੋਲੀ ਦੇ ਬਸ ਅੱਡੇ ਤੋਂ ਹਥਿਆਰ ਸਮੇਤ ਗ੍ਰਿਫਤਾਰ ਕੀਤਾ ਹੈ।

# ਭਾਰਤੀ-ਅਮੈਰੀਕਨ ਸਿੱਖ ਲੜਕੀ ਨੌਰੀਨ ਸਿੰਘ ਨੂੰ ਯੂ.ਐਸ. ਏਅਰ ਫੋਰਸ ਨੇ ਸੈਕਿੰਡ ਲੈਫਟੀਨੈਂਟ ਨਿਯੁੱਕਤ ਕੀਤਾ

**ਵਾਸ਼ਿੰਗਟਨ/ਰਾਜ ਗੋਗਨਾ:** ਅਮਰੀਕਾ ਦੇ ਸੂਬੇ ਕੋਲੋਰਾਡੋ ਸਪ੍ਰਿੰਗਜ਼,ਚ ਰਹਿੰਦੀ ਇਕ 26 ਸਾਲਾ ਦੀ ਇਕ ਭਾਰਤੀ ਅਮਰੀਕੀ ਸਿੱਖ ਵਿਦਿਆਰਥਣ ਅਤੇ ਭਾਰਤੀ ਕਮਿਊਨਿਟੀ ਆਰਗੇਨਾਈਜ਼ਰ ਦੀ 26 ਸਾਲਾ ਦੀ ਲੜਕੀ ਨੌਰੀਨ ਸਿੰਘ ਨੂੰ ਯੂਨਾਈਟਿਡ ਸਟੇਟ ਏਅਰ ਫੋਰਸ ਵਿੱਚ ਸੈਕਿੰਡ ਲੈਫਟੀਨੈਂਟ ਵਜੋਂ ਨਿਯੁੱਕਤ ਕੀਤਾ ਗਿਆ ।ਦੱਸਣਯੋਗ ਹੈ ਕਿ ਇਹ ਪ੍ਰਾਪਤੀ ਨੌਰੀਨ ਸਿੰਘ ਨੇ ਆਪਣੇ ਪਿਤਾ, ਕਰਨਲ (ਰਿਟਾ.) ਜੀ.ਬੀ. ਸਿੰਘ ਦੀ ਪਾਲਣਾ ਕਰਦਿਆਂ ਪ੍ਰਾਪਤ ਕੀਤੀ ਹੈ। ਜੋ ਕਿ ਅਮਰੀਕਾ ਚ'ਇੱਕ ਸੈਨਿਕ ਸੈਨਾ ਵਿੱਚ ਇੱਕ ਅਧਿਕਾਰੀ ਵਜੋਂ ਸੇਵਾ ਕਰਦੇ ਰਹੇ ਹਨ। ਨੌਰੀਨ ਸਿੰਘ ਦੇ ਪਿਤਾ ਰਿਟਾ: ਕਰਨਲ ਦੀ ਇਹ ਬੇਟੀ ਜੋ ਕਿ ਯੂ.ਐਸ ਫੌਜ ਦੇ ਸਰਵ ਉੱਚ ਦਰਜੇ ਦੇ ਸਿੱਖ ਅਮਰੀਕਨਾਂ ਵਿਚੋਂ ਇਕ ਹਨ ਜੋ ਕਿ ਸਰਗਰਮ ਡਿਊਟੀ ਨਿਭਾਉਂਦੇ ਹੋਏ ਆਪਣੀ ਦਸਤਾਰ ਨੂੰ ਵੀ ਯੂ.ਐਸ. ਏ ਚ' ਬਣਾਈ ਰੱਖਦੇ ਹਨ। ਉਹ ਸੰਨ 1979 ਵਿੱਚ ਫ਼ੌਜ ਵਿਚ ਭਰਤੀ ਹੋਏ ਸੀ। ਜਿੰਨਾਂ ਨੇ ਸਭ ਤੋਂ ਪਹਿਲਾਂ ਸਾਲ 2016 ਵਿੱਚ ਏਅਰ ਫੋਰਸ ਅਧਿਕਾਰੀ ਬਣਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ, ਉਸ ਦੇ ਪਿਤਾ ਦੁਆਰਾ "ਸਿੱਖ ਧਰਮ ਦੇ ਵਿਸ਼ਵਾਸ਼ਾਂ ਨੂੰ ਬਰਕਰਾਰ ਰੱਖਦਿਆਂ ਸੇਵਾ ਕਰਨ ਦੀ ਵਿਦੇਸ਼ ਚ' ਵਚਨਬੰਧਤਾ ਅਤੇ ਹਿੰਮਤ ਜਿਤਾਈ ਸੀ ਜਿਸ ਤੋ ਉਹਨਾਂ ਦੀ ਲੜਕੀ ਨੌਰੀਨ ਸਿੰਘ ਨੇ ਪ੍ਰੇਰਿਤ ਹੋ ਕੇ ਇਸ ਮੁਕਾਮ ਤੇ ਪੁੱਜੀ। ਨੌਰੀਨ ਸਿੰਘ ਦਾ ਕਹਿਣਾ ਹੈ ਕਿ ਭਾਵੇਂ ਮੇਰੇ ਡੈਡੀ ਨਾਲੋਂ ਮੇਰੇ




ਕੋਲ ਬਿਲਕੁਲ ਵੱਖੋ ਵੱਖਰੇ ਸੰਘਰਸ਼ ਸਨ, ਪਰ ਮੈਂ ਜਾਣਦੀ ਹਾਂ ਕਿ ਉਹ ਅਤੇ ਉਹਨਾਂ ਦੀਆਂ ਕੁਰਬਾਨੀਆਂ ਸਦਕਾ ਮੈਂ ਅੱਗੇ ਵੱਧਣ ਦੇ ਯੋਗ ਹੋਈ ਹਾਂ।ਅਤੇ ਮੈਂ ਉਮੀਦ ਕਰਦੀ ਹਾਂ ਕਿ ਇੱਕ ਨੇਤਾ ਹੋਣ ਦੇ ਨਾਤੇ, ਮੈਂ ਦੂਜਿਆਂ ਲਈ ਜਨਤਕ ਸੇਵਾ ਵਿੱਚ ਮੌਜੂਦ ਮੌਕਿਆਂ ਬਾਰੇ ਉਹੀ ਕਰਨਾ ਜਾਰੀ ਰੱਖ ਸਕਦੀ ਹਾਂ, ਭਾਵੇਂ ਉਨਾਂ ਨੇ ਆਪਣੀ ਸੰਭਾਵਨਾ ਦੇ ਖੇਤਰ ਵਿੱਚ ਇਸ ਨੂੰ ਕਦੇ ਨਹੀਂ ਵਿਚਾਰਿਆ, ਨੌਰੀਨ ਸਿੰਘ ਜੋ ਹਵਾਈ ਸੈਨਾ ਰਿਜ਼ਰਵ ਵਿੱਚ ਸ਼ਾਮਲ ਹੋ ਰਹੀ ਹੈ ਅਤੇ ਯੋਜਨਾ ਬਣਾ ਰਹੀ ਹੈ,ਨੇ ਕਿਹਾ ਕਿ ਅਮਰੀਕਾ ਦੇ ਡੇਨਵਰ ਵਿਖੇ ਕੋਲੋਰਾਡੋ ਯੂਨੀਵਰਸਿਟੀ ਵਿੱਚ ਅਪਰਾਧਿਕ ਨਿਆਂ ਵਿੱਚ ਉਸ ਦੀ ਮਾਸਟਰ ਡਿਗਰੀ ਜਾਰੀ ਹੈ।ਉਹ ਜਨਤਕ ਸੇਵਾ ਵਿੱਚ ਆਪਣਾ ਕੈਰੀਅਰ ਜਾਰੀ ਰੱਖਣ ਅਤੇ ਕਮਿਊਨਿਟੀ ਨੂੰ ਉਨਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਅਤੇ ਉਨਾਂ ਨੂੰ ਉਨਾਂ ਮਸਲਿਆਂ ਦੇ ਆਲੇ-ਦੁਆਲੇ ਸੰਗਠਿਤ ਕਰਨ ਦੀ ਤਾਕਤ ਰੱਖੇਗੀ। ਅਤੇ ਉਸ ਨੂੰ ਲਗਭਗ 22 ਮਈ ਨੂੰ ਅਲਾਬਾਮਾ ਸੂਬੇ ਵਿੱਚ ਫੇਸਟਾਈਮ ਰਾਹੀਂ ਕਮਿਸ਼ਨ ਦਿੱਤਾ ਗਿਆ ਸੀ। ਉਸ ਨੇ ਅਲਾਬਮਾ ਦੇ ਯੂ.ਐਸ ਅਫਸਰ ਟ੍ਰੇਨਿੰਗ ਸਕੂਲ ਵਿੱਚ ਵੀ ਸਿਖਲਾਈ ਪ੍ਰਾਪਤ ਕਰਨ ਤੋਂ ਪਹਿਲਾਂ ਵਿਭਾਗ ਨੇ ਉਸ ਨੂੰ ਆਪਣੀ ਭਰਤੀ ਦੀ ਸ਼ੁਰੂਆਤੀ ਕਰਨ ਦੀ ਰਸਮੀ ਸਹੁੰ ਵੀ ਚੁਕਾਈ ਗਈ ਹੈ।

ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਕੌਮ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਅਮਰੀਕਾ 'ਚ ਸੈਕਿੰਡ ਲੈਫ: ਦੀ ਪ੍ਰਾਪਤੀ ਲਈ ਉਸ ਦੀ ਸ਼ਲਾਘਾ ਕਰਦੇ ਹਾਂ ਕਿ ਸਾਡੀ ਨੌਜਵਾਨ ਪੀੜੀ ਅਮਰੀਕਾ ਵਿੱਚ ਆ ਕੇ ਸਹੀ ਪ੍ਰੋਫੈਸ਼ਨ ਦੀ ਚੋਣ ਕਰਨ ਲੱਗ ਪਏ ਹਨ। ਜਿਸ ਲਈ ਅਸੀਂ ਲੰਬੇ ਸਮੇਂ ਤੋ ਅਸੀਂ ਬੱਚਿਆ ਨੂੰ ਜਾਗਰੂਕ ਕਰ ਰਹੇ ਸੀ।

# ਅਮਰੀਕਾ ਵੱਲੋਂ ਦੱਖਣੀ ਸਮੁੰਦਰ ਵਿਚ ਚੀਨ ਦੇ ਸਾਰੇ ਦਾਅਵੇ ਰੱਦ

## ਗਵਾਂਢੀ ਦੇਸ਼ਾਂ ਨੂੰ ਡਰਾ ਧਮਕਾ ਕੇ ਕਬਜ਼ਾ ਕਰਨ ਦੇ ਦੋਸ਼

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਟਰੰਪ ਪ੍ਰਸ਼ਾਸਨ ਨੇ ਦੱਖਣ ਚਾਈਨਾ ਸਮੁੰਦਰ ਵਿਚ ਚੀਨ ਦੇ ਤਕਰੀਬਨ ਸਾਰੇ ਦਾਅਵੇ ਰੱਦ ਕਰਦਿਆਂ ਦੋਸ਼ ਲਾਇਆ ਹੈ ਕਿ ਚੀਨ ਆਪਣੇ ਗਵਾਂਢੀ ਮੁਲਕਾਂ ਨੂੰ ਡਰਾ ਧਮਕਾ ਕੇ ਸਮੁੰਦਰੀ ਸਾਧਨਾਂ ਉਪਰ ਕਬਜ਼ਾ ਕਰ ਰਿਹਾ ਹੈ। ਇਹ ਪ੍ਰਗਟਾਵਾ ਵਿਦੇਸ਼ ਮੰਤਰੀ ਮਾਈਕ ਪੋਮਪੀਓ ਨੇ ਕੀਤਾ ਹੈ। ਵਿਦੇਸ਼ ਮੰਤਰੀ ਨੇ ਕਿਹਾ ਹੈ ਕਿ ਚੀਨ ਜਿਸ ਦੀ ਲਾਠੀ ਉਸ ਦੀ ਭੈਂਸ ਵਾਲੀ ਨੀਤੀ ਉਪਰ ਚਲ ਰਿਹਾ ਹੈ ਤੇ ਕੌਮਾਂਤਰੀ ਨਿਯਮਾਂ ਦੀ ਉਲੰਘਣਾ ਕਰ ਰਿਹਾ ਹੈ। ਉਸ ਨੇ ਦੱਖਣ ਪੂਰਬ ਏਸ਼ੀਅਨ ਤੱਟੀ ਦੇਸ਼ਾਂ ਦੇ ਅਧਿਕਾਰਾਂ ਨੂੰ ਤੁੱਛ ਸਮਝਿਆ ਹੈ। ਇਸ ਲਈ ਅਸੀਂ ਇਹ ਸਪਸ਼ਟ ਕਰ ਦੇਣਾ ਚਹੁੰਦੇ ਹਾਂ ਕਿ ਬੀਜਿੰਗ ਦੇ ਦੱਖਣੀ ਸਮੁੰਦਰੀ ਸਾਧਨਾਂ ਉਪਰ ਸਾਰੇ ਦਾਅਵੇ ਗੈਰ ਕਾਨੂੰਨੀ ਹਨ ਤੇ ਉਹ ਉਨਾਂ ਨੂੰ ਆਪਣੇ ਨਿਯੰਤਰਣ ਹੇਠ ਕਰਨ ਲਈ ਆਪਣੀ ਤਾਕਤ ਦਾ ਡਰਾਵਾ ਦੇ ਰਿਹਾ ਹੈ। ਚੀਨ ਨਿਰੰਤਰ ਦੱਖਣੀ ਸਮੁੰਦਰ ਜੋ ਤੇਲ, ਗੈਸ ਤੇ ਮੱਛੀ ਸਮੇਤ ਹੋਰ ਕੁੱਦਰਤੀ ਸਾਧਨਾਂ ਨਾਲ ਭਰਪੂਰ ਹੈ, ਉਪਰ ਆਪਣਾ ਦਾਅਵਾ ਕਰਦਾ ਆ ਰਿਹਾ ਹੈ। ਅਮਰੀਕਾ ਦੀ ਪਹਿਲੀ ਨੀਤੀ ਇਹ ਸੀ ਕਿ ਚੀਨ ਤੇ ਗਵਾਂਢੀ ਮੁਲਕਾਂ ਵਿਚਾਲੇ ਸਮੁੰਦਰੀ ਵਿਵਾਦ ਨੂੰ ਕੌਮਾਂਤਰੀ ਵਿਚੋਲਗੀ ਰਾਹੀਂ ਅਮਨ ਪੂਰਵਕ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਹੁਣ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਨੀਤੀ ਵਿਚ ਤਬਦੀਲੀ ਕਰਦਿਆਂ ਦੱਖਣ ਚਾਈਨਾ ਸਮੁੰਦਰ ਵਿਚ ਸਾਰੇ ਵਿਵਾਦ ਦੀ ਜੜ ਚੀਨ ਨੂੰ ਦਸਿਆ ਹੈ। ਟਰੰਪ ਪ੍ਰਸ਼ਾਸਨ ਦੇ ਐਲਾਨ ਕਾਰਨ ਅਮਰੀਕਾ ਤੇ ਚੀਨ ਵਿਚਾਲੇ ਤਨਾਅ ਨਵੇਂ ਦੌਰ ਵਿਚ ਦਾਖਲ ਹੋ ਜਾਵੇਗਾ। ਟਰੰਪ ਪ੍ਰਸ਼ਾਸਨ ਦੇ ਐਲਾਨ ਤੋਂ ਪਹਿਲਾਂ ਚੀਨ ਨੇ ਸੈਨੇਟਰ ਮਾਰਕੋ ਰੂਬੀਓ ਸਮੇਤ 3 ਅਮਰੀਕੀ ਸੰਸਦ ਮੈਂਬਰਾਂ ਉਪਰ ਪਾਬੰਦੀਆਂ ਲਾ ਦਿੱਤੀਆਂ ਸਨ। ਇਸ ਤਰਾਂ ਦੀਆਂ ਹੀ ਪਾਬੰਦੀਆਂ ਕੁਝ ਦਿਨ ਪਹਿਲਾਂ ਅਮਰੀਕਾ ਨੇ ਚੀਨ ਦੇ ਅਧਿਕਾਰੀਆਂ ਉਪਰ ਲਾਈਆਂ ਸਨ।

# ਡੈਲਟਾ ਏਅਰ ਲਾਈਨਜ਼ ਦੀ ਉਡਾਨ ਵਿਚ ਸਫਰ ਕਰਨ ਵਾਲੇ 3 ਯਾਤਰੀ ਪਾਜ਼ਟਿਵ ਪਾਏ ਗਏ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** 3 ਵਿਅਕਤੀ ਜਿਨਾਂ ਨੇ ਹਾਲ ਹੀ ਵਿਚ ਡੈਲਟਾ ਏਅਰ ਲਾਈਨਜ਼ ਦੀ ਉਡਾਨ ਵਿਚ ਸਫਰ ਕੀਤਾ ਸੀ, ਕੋਰੋਨਾ ਪੀੜਤ ਪਾਏ ਗਏ ਹਨ। ਏਅਰ ਲਾਈਨਜ਼ ਦੇ ਬੁਲਾਰੇ ਕੇਟ ਮੁਡੋਲੋ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 3 ਯਾਤਰੀਆਂ ਦੇ ਪਾਜ਼ਟਿਵ ਆਉਣ ਤੋਂ ਬਾਅਦ ਅਸੀਂ ਚੌਕਸ ਹੋ ਗਏ ਹਾਂ। ਇਨਾਂ ਯਾਤਰੀਆਂ ਨੇ ਐਟਲਾਂਟਾ ਤੋਂ ਅਲਬਾਨੀ ਤੱਕ ਸਫ਼ਰ ਕੀਤਾ ਸੀ। ਜਹਾਜ਼ ਵਿਚ ਕੁਲ 44 ਯਾਤਰੀ ਸਵਾਰ ਸਨ। ਮੁਡੋਲੋ ਨੇ ਕਿਹਾ ਹੈ ਕਿ ਯਾਤਰੀਆਂ ਦੀ ਸੁਰੱਖਿਆ ਸਾਡੀ ਉੱਚ ਤਰਜੀਹ ਹੈ। ਅਸੀਂ ਸਥਾਨਕ ਅਧਿਕਾਰੀਆਂ ਨਾਲ ਮਿਲਕੇ ਕੰਮ ਕਰ ਰਹੇ ਹਾਂ ਤੇ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਸੈਂਟਰ ਦੀਆਂ ਹਦਾਇਤਾਂ ਉਪਰ ਅਮਲ ਕਰ ਰਹੇ ਹਾਂ। ਏਅਰ ਲਾਈਨਜ਼ ਨੇ ਜਹਾਜ਼ ਵਿਚ ਸਵਾਰ ਸਾਰੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੀ ਕਾਊਂਟੀ ਦੇ ਸਿਹਤ ਵਿਭਾਗ ਨਾਲ ਸੰਪਰਕ ਕਰਨ।




# ਸਿੱਖਾਂ ਨੂੰ ਨਿਜਾਇਜ ਫੜ ਕੇ ਅੱਤਵਾਦੀ ਐਲਾਨਣਾ ਮਨੁੱਖੀ ਅਧਿਕਾਰਾਂ ਦਾ ਉਲੰਘਣ : ਵਰਲਡ ਸਿੱਖ ਪਾਰਲੀਮੈਂਟ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :** ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਅਜ਼ਾਦ ਸਿੱਖ ਰਾਜ ਲਈ ਯਤਨਸ਼ੀਲ ਅਤੇ ਭਾਰਤ ਵੱਲੋਂ ਕੀਤੀਆਂ ਜਾ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾ ਨੂੰ ਦੁਨੀਆਂ ਸਾਹਮਣੇ ਉਜਾਗਰ ਕਰਨ ਵਾਲੇ ਨੌਂ ਸਿੱਖਾਂ ਨੂੰ ਅੱਤਿਵਾਦੀ ਐਲਾਨ ਕੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਸਰਕਾਰ ਹੱਕੀ ਮੰਗਾਂ ਲਈ ਅਵਾਜ਼ ਉਠਾਉਣ ਨੂੰ ਨਾਜਾਇਜ਼, ਗੈਰ ਜਮਹੂਰੀ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਦਬਾਉਣਾ ਚਾਹੁੰਦੀ ਹੈ । ਵਰਲਡ ਸਿੱਖ ਪਾਰਲੀਮੈਂਟ ਨੇ ਆਪਣੇ ਬਿਆਨ ਚ ਕਿਹਾ ਕਿ ਇਹ ਨਾਂ ਤਾਂ ਸਿਰਫ ਮੁਢਲੇ ਮੁਨੱਖੀ ਅਧਿਕਾਰਾਂ ਦਾ ਉਲੰਘਣ ਹੈ ਬਲਕਿ ਅੰਤਰਰਾਸ਼ਟਰੀ ਕਾਨੂੰਨਾਂ ਦੇ ਵੀ ਉਲਟ ਹੈ । ਭਾਰਤ ਸਰਕਾਰ ਵੱਲੋਂ ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਵਾਲੇ ਸਿੱਖਾਂ ਨੂੰ ਅੱਤਵਾਦੀ ਗਰਦਾਨਣਾ ਕੋਈ ਨਵੀਂ ਗੱਲ ਨਹੀ ਹੈ ਬਲਕਿ ਸਮੇਂ ਸਮੇਂ ਤੇ ਸਿੱਖਾਂ ਦੇ ਅਕਸ ਨੂੰ ਦੁਨੀਆ ਵਿੱਚ ਖਰਾਬ ਕਰਨ ਲਈ ਇਹੋ ਜਿਹੇ ਹੱਥਕੰਡੇ ਵਰਤੇ ਜਾਂਦੇ ਹਨ । ਦਿੱਲੀ ਦੀ ਸਤਾ ਤੇ ਕਾਬਜ਼ ਸਰਕਾਰ ਵੱਲੋਂ ਚਾਣਕੀਆ ਨੀਤੀ ਦਾ ਮੁਜ਼ਾਹਰਾ ਕਰਦਿਆਂ ਅਜੇ ਕੁਝ ਸਮਾਂ ਪਹਿਲਾਂ ਹੀ ਇਹ ਐਲਾਨ ਕੀਤਾ ਸੀ ਕਿ ਸਿੱਖਾਂ ਦੀਆਂ ਸਾਰੀਆਂ ਕਾਲੀਆਂ ਸੂਚੀਆਂ ਖਤਮ ਕਰ ਦਿੱਤੀਆਂ ਹਨ ਤਾਂ ਫਿਰ ਹੁਣ ਇਹ ਕਾਲੀਆਂ ਸੂਚੀਆਂ ਕਿੱਥੋਂ ਆ ਗਈਆਂ ਹਨ । ਵਰਲਡ ਸਿੱਖ ਪਾਰਲੀਮੈਂਟ ਦਾ ਮੰਨਣਾ ਹੈ ਕਿ ਪਿਛਲੇ ਦਿਨਾਂ ਵਿੱਚੋਂ ਜਿਸ ਤਰ੍ਹਾਂ ਨਾਲ ਬੇਗੁਨਾਹ ਸਿੱਖਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ ਹੈ ਇਸ ਤੋਂ ਸਾਬਤ ਹੁੰਦਾ ਹੈ ਕਿ ਭਾਰਤ ਸਰਕਾਰ ਸਿੱਖਾਂ ਨੂੰ ਜਬਰ ਨਾਲ ਦਬਾ ਕੇ ਜੇਲ੍ਹਾਂ ਵਿੱਚ ਸਿੱਟਣ ਵਾਲੀ ਨੀਤੀ ਤੇ ਉਹਨਾਂ ਦਾ ਘਾਣ ਕਰਨ ਦੀ ਚਾਲੇ ਚੱਲ ਪਈ ਹੈ । ਦੁਨੀਆ ਵਿੱਚ ਸੱਚ ਅਤੇ ਝੂਠ ਦੀ ਟੱਕਰ ਹਮੇਸ਼ਾਂ ਰਹੀ ਹੈ ਅਤੇ ਗੁਰੂ ਕੇ ਸਿੱਖ ਨੇ ਹਮੇਸ਼ਾਂ ਸੱਚ ਦੇ ਰਾਹ ਤੇ ਚੱਲਣਾ ਹੈ । ਸੱਚ ਤੇ ਰਾਹ ਤੇ ਚੱਲਦਿਆਂ ਝੂਠ ਤੇ ਚੱਲਣ ਤੇ ਬਜ਼ਿੱਦ ਤਾਕਤਾਂ ਰਾਹ ਵਿੱਚ ਰੋੜੇ ਜ਼ਰੂਰ ਅਟਕਾਉਂਦੀਆਂ ਹਨ ਪਰ ਸਿੱਖ ਇਹਨਾਂ ਔਂਕੜਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪਣੀ ਸੱਚ ਦੀ ਮੰਜ਼ਿਲ ਵੱਲ ਵਧਦਾ ਰਹਿੰਦਾ ਹੈ । ਵਰਲਡ ਸਿੱਖ ਪਾਰਲੀਮੈਂਟ ਨੇ ਕਿਹਾ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀਆਂ ਕੀਤੀਆਂ ਕਿਸੇ ਤਰ੍ਹਾਂ ਦੀਆਂ ਕਾਲੀਆਂ ਸੂਚੀਆਂ ਦੀ ਅਸੀਂ ਕੋਈ ਪ੍ਰਵਾਹ ਨਹੀਂ ਕਰਦੇ ਅਤੇ ਅਸੀਂ ਇਸ ਸੂਚੀ ਵਿੱਚ ਸ਼ਾਮਲ ਸਾਰੇ ਸਿੱਖਾਂ ਦੇ ਨਾਲ ਹਾਂ ਅਤੇ ਆਪਣੇ ਸਾਂਝੇ ਨਿਸ਼ਾਨੇ ਅਜ਼ਾਦ ਸਿੱਖ ਰਾਜ ਲਈ ਹੋਇ ਤਤਪਰ ਹੋ ਕੇ ਅੱਗੇ ਵਧਾਂਗੇ ਅਤੇ ਜ਼ੁਲਮ ਨੂੰ ਮਾਤ ਪਾਵਾਂਗੇ ।

## ਸਿਆਟਲ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਤੇ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਵਸ ਮਨਾਇਆ



**ਸਿਆਟਲ/ਗੁਰਚਰਨ ਸਿੰਘ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਸਿਆਟਲ ਵਿਚ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਪੁਰਬ ਅਤੇ ਮਹਾਨ ਯੋਧੇ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਭਾਈ ਦਲਜੀਤ ਸਿੰਘ ਤੇ ਭਾਈ ਕੁਲਬੀਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਅਤੇ ਭਾਈ ਅਮਨ ਸਿੰਘ ਨੇ ਕਥਾ ਰਾਹੀਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕਟਵਾ ਕੇ 11 ਭਰਾਵਾਂ ਤੇ 7 ਪੁੱਤਰਾਂ ਸਮੇਤ ਆਪਣੇ ਪਰਿਵਾਰ ਦੇ 52 ਜੀਆਂ ਨੂੰ ਧਰਮ ਦੀ ਖਾਤਰ ਸ਼ਹੀਦ ਕਰਾਉਣ ਬਾਰੇ ਵਿਸਥਾਰ ਸਾਹਿਤ ਚਾਨਣਾ ਪਾਇਆ। ਮੁੱਖ ਸੇਵਾਦਾਰ ਹਰਪਾਲ ਸਿੰਘ ਸਪਰਾ ਨੇ ਗੁਰਪੁਰਬ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ 5 ਸਾਲ ਦੀ ਉਮਰ ਵਿਚ ਗੁਰਤਾਗੱਦੀ ਸੰਭਾਲੀ ਤੇ 8 ਸਾਲ ਦੀ ਉਮਰ ਵਿਚ ਦਿੱਲੀ ਵਿਚ ਚੇਚਕ ਮਹਾਮਾਰੀ ਬਿਮਾਰੀ ਫੈਲੀ ਸੀ, ਜਿੱਥੇ ਗੁਰੂ ਜੀ ਨੇ ਇਸ ਬਿਮਾਰੀ ਤੋਂ ਰਾਹਤ ਦਿਵਾਈ ਤੇ ਆਪ ਵੀ ਗੁਰੂ ਚਰਨਾਂ ਵਿਚ ਜਾ ਬਿਰਾਜੇ। ਭਾਈ ਪਰਮਦੀਪ ਸਿੰਘ, ਭਾਈ ਅਮਰੀਕ ਸਿੰਘ ਤੇ ਭਾਈ ਸੰਦੀਪ ਸਿੰਘ ਨੇ ਬੜੀ ਸ਼ਰਧਾ ਨਾਲ ਅਖੰਡ ਪਾਠ ਸਾਹਿਬ ਤੇ ਲੰਗਰਾਂ ਦੀ ਸੇਵਾ ਨਿਭਾਈ।

## ਪਾਕਿਸਤਾਨ ਸਰਕਾਰ ਨੇ ਸੰਗਤਾਂ ਦੀ ਸਹੂਲਤ ਲਈ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਸੰਗਮਰਮਰ 'ਤੇ ਟਰਫ ਵਿਛਾਈ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਲਹਿੰਦੇ ਪੰਜਾਬ ਵਿਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਵਿਹੜੇ ਵਿਚ ਪਾਕਿਸਤਾਨ ਸਰਕਾਰ ਨੇ ਸੰਗਤਾਂ ਨੂੰ ਗਰਮੀ ਤੇ ਧੁੱਪ ਤੋਂ ਬਚਾਉਣ ਲਈ 16,000 ਫੁੱਟ ਐਸਟ੍ਰੋਟਰਫ ਵਿਛਾ ਦਿੱਤੀ ਹੈ। ਕੋਰੋਨਾਵਾਇਰਸ ਮਹਾਮਾਰੀ ਕਾਰਨ ਤਿੰਨ ਮਹੀਨਿਆਂ ਤੋਂ ਸੰਗਤ ਲਈ ਬੰਦ ਗੁਰਦੁਆਰਾ ਸਾਹਿਬ ਨੂੰ 29 ਜੂਨ ਨੂੰ ਪਾਕਿਸਤਾਨ ਸਰਕਾਰ ਨੇ ਸੰਗਤਾਂ ਲਈ ਦੁਬਾਰਾ ਖੋਲਣ ਦਾ ਐਲਾਨ ਕੀਤਾ ਸੀ। ਜਿਸ ਤੋਂ ਬਾਅਦ ਪਾਕਿਸਤਾਨੀ ਵਿਚਲੇ ਸਿੱਖ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆ ਰਹੇ ਹਨ। ਉਨਾਂ ਨੂੰ ਗਰਮੀ ਤੇ ਧੁੱਪ ਤੋਂ ਰਾਹਤ ਦਿਵਾਉਣ ਵਾਸਤੇ ਇਹ ਟਰਫ ਵਿਛਾਈ ਗਈ ਹੈ। ਈਟੀਪੀਬੀ ਦੇ ਬੁਲਾਰੇ ਅਮੀਰ ਹਾਸ਼ਮੀ ਨੇ ਦੱਸਿਆ ਕਿ ਐਸਟ੍ਰੋਟਰਫ ਪਿਛਲੇ ਹਫਤੇ ਗੁਰਦੁਆਰਾ ਦਰਬਾਰ ਸਾਹਿਬ ਵਿਚ ਜਿੱਥੇ ਸਗੰਮਰਮਰ ਲੱਗਿਆ ਹੈ ਉਸ ਥਾਂ 'ਤੇ ਵਿਛਾਈ ਗਈ ਹੈ। ਉਨਾਂ ਕਿਹਾ ਕਿ ਸੰਗਤਾਂ ਨੂੰ ਸੰਗਮਰਮਰ ਦੇ ਫ਼ਰਸ਼ 'ਤੇ ਨੰਗੇ ਪੈਰ ਤੁਰਨਾ ਪੈਂਦਾ ਹੈ ਅਤੇ ਇਸ ਗਰਮੀ ਦੇ ਮੌਸਮ ਵਿਚ ਤੁਰਨਾ ਜਾਂ ਬੈਠਣਾ ਮੁਸ਼ਕਲ ਹੈ। ਚੜਦੇ ਪੰਜਾਬ ਤੋਂ ਸੰਗਤਾਂ ਨੂੰ ਇਸ ਵੇਲੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਨਹੀਂ ਹੋ ਰਹੇ ਕਿਉਂਕਿ ਭਾਰਤ ਸਰਕਾਰ ਨੇ ਕਰੋਨਾਵਾਇਰਸ ਦੇ ਮੱਦੇਨਜ਼ਰ ਕਰਤਾਰਪੁਰ ਸਾਹਿਬ ਲਈ ਅਸਥਾਈ ਤੌਰ 'ਤੇ ਯਾਤਰਾ 16 ਮਾਰਚ ਤੋਂ ਰੋਕੀ ਹੋਈ ਹੈ। ਸ੍ਰੀ ਹਾਸ਼ਮੀ ਨੇ ਕਿਹਾ, ਹਾਲੇ ਤੱਕ ਭਾਰਤ ਵੱਲੋਂ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਆਉਣ ਦੀ ਆਗਿਆ ਦੇਣ ਲਈ ਹਰੀ ਝੰਡੀ ਨਹੀਂ ਮਿਲੀ ਪਰ ਪਾਕਿਸਤਾਨੀ ਸਿੱਖ 29 ਜੂਨ ਤੋਂ ਇਥੇ ਆ ਰਹੇ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜ਼ਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਬਹੁ-ਗਿਣਤੀ ਦਾ ਜਵਾਬ ਦੇਣ ਦੀ ਜੁਰਅਤ ਰੱਖਣ ਵਾਲੇ ਜੱਜਾਂ ਦੀ ਲੋੜ : ਜਸਟਿਸ ਕੁਰੀਅਨ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਜਸਟਿਸ ਕੁਰੀਅਨ ਜੋਸਿਫ ਨੇ ਕਿਹਾ ਹੈ ਕਿ ਸੰਵਿਧਾਨਕ ਕਦਰਾਂ-ਕੀਮਤਾਂ ਬਹੁਗਿਣਤੀ ਲੋਕਾਂ ਦੇ ਵਿਚਾਰਾਂ ਮੁਤਾਬਕ ਨਹੀਂ ਚਲਦੀਆਂ। ਲਾਈਵ ਲਾਅ ਵੱਲੋਂ ਆਯੋਜਿਤ ਇਕ ਵੈਬੀਨਾਰ ਵਿਚ ਉਨਾ ਕਿਹਾ, 'ਜੱਜਾਂ ਦੀ ਨਿਯੁਕਤੀ ਸੰਵਿਧਾਨ ਦੀ ਮਰਿਆਦਾ ਕਾਇਮ ਰੱਖਣ ਲਈ ਹੁੰਦੀ ਹੈ। ਅਸੀਂ ਕਈ ਵਾਰ ਫੇਲ ਹੋ ਜਾਂਦੇ ਹਾਂ, ਕਿਉਂਕਿ ਸੰਵਿਧਾਨਕ ਤੌਰ 'ਤੇ ਨਿਰਪੱਖ ਹੋਣ ਦੀ ਥਾਂ ਅਸੀਂ ਵਿਅਕਤੀ ਕੇਂਦਰਤ ਹੋ ਜਾਂਦੇ ਹਾਂ।'

ਜਸਟਿਸ ਕੁਰੀਆਨ 'ਕੋਰਟ ਤੇ ਸੰਵਿਧਾਨਕ ਕਦਰਾਂ-ਕੀਮਤਾਂ' ਵਿਸ਼ੇ 'ਤੇ ਬੋਲ ਰਹੇ ਸਨ। ਵੈਬੀਨਾਰ ਵਿਚ ਸੁਪਰੀਮ ਕੋਰਟ ਦੀ ਸੀਨੀਅਰ ਵਕੀਲ ਮੀਨਾਕਸ਼ੀ ਅਰੋੜਾ ਤੇ ਦਿਨੇਸ਼ ਦਿਵੇਦੀ ਵੀ ਮੌਜੂਦ ਸਨ। ਇਹ ਪੁੱਛੇ ਜਾਣ 'ਤੇ ਸੰਵਿਧਾਨਕ ਕਦਰਾਂ-ਕੀਮਤਾਂ ਕੀ ਹਨ ਅਤੇ ਕੀ ਸੁਪਰੀਮ ਕੋਰਟ ਨੇ ਇਨਾਂ ਕਦਰਾਂ-ਕੀਮਤਾਂ ਨੂੰ ਬਰਾਬਰ ਰੂਪ ਵਿਚ ਲਾਗੂ ਕੀਤਾ ਹੈ, ਜਸਟਿਸ ਕੁਰੀਅਨ ਨੇ ਕਿਹਾ ਕਿ ਸੰਵਿਧਾਨਕ ਨੈਤਿਕਤਾ ਸ਼ਬਦ ਦਾ ਇਸਤੇਮਾਲ ਪਹਿਲੀ ਵਾਰ ਸੁਪਰੀਮ ਕੋਰਟ ਨੇ ਨਹੀਂ ਕੀਤਾ ਸੀ, ਸਗੋਂ ਡਾ. ਬੀ ਆਰ ਅੰਬੇਡਕਰ ਨੇ ਕੀਤਾ ਸੀ। ਪਿਛਲੇ ਕੁਝ ਸਾਲਾਂ ਵਿਚ ਦਿੱਤੇ ਗਏ ਫੈਸਲਿਆਂ ਕਾਰਨ ਇਹ ਸ਼ਬਦ ਚਲਨ ਵਿਚ ਰਿਹਾ ਹੈ, ਜਿਵੇਂ ਕਿ ਪੁੱਟਾਸਵਾਮੀ ਮਾਮਲਾ ਤੇ ਸਬਰੀਮਾਲਾ ਮਾਮਲਾ। ਉਨਾ ਕਿਹਾ, 'ਸਾਡੀਆਂ ਪਵਿੱਤਰ ਕਦਰਾਂ-ਕੀਮਤਾਂ ਨੂੰ ਕੌਣ ਸੁਰੱਖਿਅਤ ਕਰਦਾ ਹੈ? ਇਹ ਦੇ ਰੱਖਿਅਕ ਦਾ ਫਰਜ਼ ਹੈ ਅਤੇ ਸਾਡੀ ਸੁਰੱਖਿਆ ਸੁਪਰੀਮ ਕੋਰਟ ਹੈ। ਸਾਡਾ ਵੀ ਫਰਜ਼ ਹੈ ਕਿ ਅਸੀਂ ਸੰਵਿਧਾਨ ਦੀ ਪਾਲਣਾ ਕਰੀਏ।' ਭਾਰਤ ਵਿਚ ਧਰਮਨਿਰਪੱਖਤਾ ਦੀ ਖਾਸੀਅਤ ਬਾਰੇ ਗੱਲ ਕਰਦਿਆਂ ਜਸਟਿਸ ਕੁਰੀਅਨ ਨੇ ਕਿਹਾ, 'ਭਾਰਤ ਇਕ ਧਰਮਨਿਰਪੱਖ ਦੇਸ਼ ਹੈ ਅਤੇ ਇਸ ਦਾ ਕੋਈ ਧਰਮ ਨਹੀਂ ਹੈ, ਪਰ ਇਹ ਸਾਰੇ ਧਰਮਾਂ ਨੂੰ ਸਵੀਕਾਰ ਕਰਦਾ ਹੈ।



ਇਹ ਸਾਡੀ ਧਰਮ ਨਿਰਪੱਖਤਾ ਦੀ ਖ਼ੂਬਸੂਰਤੀ ਹੈ। ਅਸੀਂ ਆਪਣੇ ਧਰਮ ਦੀ ਪਾਲਣਾ ਕਰ ਸਕਦੇ ਹਾਂ ਤੇ ਉਸਦਾ ਪ੍ਰਚਾਰ-ਪਸਾਰ ਕਰ ਸਕਦੇ ਹਾਂ। ਧਾਰਮਿਕ ਸਹਿਣਸ਼ੀਲਤਾ ਤੇ ਸਵੀਕਾਰਤਾ ਭਾਰਤੀ ਸਭਿਆਚਾਰ ਦਾ ਹਿੱਸਾ ਰਹੀ ਹੈ।' ਉਨਾ ਕਿਹਾ, 'ਕੋਰਟ ਹਮੇਸ਼ਾ ਬਹੁ-ਗਿਣਤੀ ਦੇ ਖਿਲਾਫ ਹੁੰਦੀ ਹੈ, ਕਿਉਂਕਿ ਇਸ ਦਾ ਪਹਿਲਾ ਕੰਮ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣਾ ਹੁੰਦਾ ਹੈ। ਇਕ ਜੱਜ ਦੀ ਨਿਯੁਕਤੀ ਸੰਵਿਧਾਨਕ ਕਦਰਾਂ-ਕੀਮਤਾਂ ਪ੍ਰਤੀ ਸੱਚਾ ਰਹਿਣ ਲਈ ਹੁੰਦੀ ਹੈ। ਉਸ ਨੂੰ ਨਿਰਪੱਖ ਹੋਣਾ ਚਾਹੀਦਾ ਹੈ ਅਤੇ ਇਸ ਤਰਾਂ ਉਹ ਬਹੁਗਿਣਤੀ ਨੂੰ ਜਵਾਬ ਦੇਣ ਦੀ ਸਥਿਤੀ ਵਿਚ ਹੋਵੇਗਾ।' ਜਸਟਿਸ ਕੁਰੀਅਨ ਨੇ ਕਿਹਾ ਕਿ ਸੰਵਿਧਾਨਕ ਕਦਰਾਂ-ਕੀਮਤਾਂ ਤੇ ਬਹੁਗਿਣਤੀ ਦੇ ਵਿਚਾਰ ਹਮੇਸ਼ਾ ਇੱਕੋ ਜਿਹੇ ਨਹੀਂ ਹੁੰਦੇ। ਉਨਾ ਕਿਹਾ, 'ਸਮਾਜੀ ਕਦਰਾਂ-ਕੀਮਤਾਂ ਸੰਵਿਧਾਨਕ ਕਦਰਾਂ-ਕੀਮਤਾਂ ਨਾਲੋਂ ਅੱਡ ਹੁੰਦੀਆਂ ਹਨ। ਸਮਾਜੀ ਕਦਰਾਂ-ਕੀਮਤਾਂ ਬਹੁਗਿਣਤੀ ਦੇ ਵਿਚਾਰ ਉਤੇ ਅਧਾਰਿਤ ਹੋ ਸਕਦੀਆਂ ਹਨ, ਪਰ ਅਦਾਲਤਾਂ ਨੇ ਇਸ ਵਹਾਅ ਵਿਚ ਨਹੀਂ ਵਹਿਣਾ ਹੁੰਦਾ, ਕਿਉਂਕਿ ਉਨਾਂ ਦੀ ਜ਼ਿੰਮੇਵਾਰੀ ਸੰਵਿਧਾਨ ਨੂੰ ਬਰਕਰਾਰ ਰੱਖਣ ਦੀ ਹੈ। ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਸਿਰਫ ਭਾਰਤ ਦੇ ਸੰਵਿਧਾਨ ਨੂੰ ਮੰਨਣ ਦੀ ਸਹੁੰ ਚੁੱਕਦੇ ਹਨ, ਉਨਾਂ ਇਸ ਨੂੰ ਬਰਕਰਾਰ ਨਹੀਂ ਰੱਖਣਾ ਹੁੰਦਾ। ਕੋਰਟ ਨੂੰ ਜ਼ਰੂਰ ਇਸ ਨੂੰ ਬਰਕਰਾਰ ਰੱਖਣਾ ਚਾਹੀਦਾ ਅਤੇ ਇਸ ਵਿਚ ਸੱਚੀ ਸ਼ਰਧਾ ਤੇ ਨਿਸ਼ਠਾ ਹੋਣੀ ਚਾਹੀਦੀ ਹੈ।' ਜਸਟਿਸ ਕੁਰੀਅਨ ਨੇ ਕਿਹਾ ਕਿ ਅਦਾਲਤਾਂ ਵਿਚ ਬਹੁਗਿਣਤੀ ਦੇ ਵਿਚਾਰਾਂ ਦਾ ਜਵਾਬ ਦੇਣ ਵਾਲੇ ਲੋਕ ਹੋਣੇ ਚਾਹੀਦੇ ਹਨ। ਉਨਾ ਕਿਹਾ, 'ਜਦੋਂ ਤੁਸੀਂ ਬਹੁਗਿਣਤੀ ਦੇ ਵਿਚਾਰਾਂ ਵਿਰੁੱਧ ਰਾਇ ਦਿੰਦੇ ਹੋ, ਤੁਹਾਨੂੰ ਰੌਲਾ ਪਾਉਣ ਵਾਲਾ ਵਿਅਕਤੀ ਕਰਾਰ ਦੇ ਦਿੱਤਾ ਜਾਂਦਾ ਹੈ। ਸਾਨੂੰ ਅਜਿਹੇ ਜੱਜਾਂ ਦੀ ਲੋੜ ਹੈ, ਜਿਹੜੇ ਸੰਵਿਧਾਨਕ ਆਵਾਜ਼ ਉਠਾ ਸਕਣ।' ਉਨਾ ਕਿਹਾ ਕਿ ਸੰਵਿਧਾਨਕ ਅਦਾਰਿਆਂ ਦੀ ਭਰੋਸੇਯੋਗਤਾ ਘੱਟ ਗਈ ਹੈ, ਕਿਉਂਕਿ ਇਥੇ ਬਿਰਾਜਮਾਨ ਲੋਕਾਂ ਕੋਲ ਸੰਵਿਧਾਨ ਨੂੰ ਬਰਕਰਾਰ ਰੱਖਣ ਦੀ ਹਿੰਮਤ ਨਹੀਂ।

# 1984 ਦੇ ਸਿੱਖ ਕਤਲਿਆਮ ਦੇ ਕੇਸ ਵਿਚ ਦੋਸ਼ੀ ਦੀ ਹੋਈ ਮੌਤ

**ਦਿੱਲੀ /ਏ.ਟੀ.ਨਿਊਜ਼ :** ਦਿੱਲੀ ਦੀ ਮੰਡੋਲੀ ਜੇਲ ਦੇ ਅਧਿਕਾਰੀਆਂ ਨੇ ਐਤਵਾਰ ਨੂੰ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਦੇ ਇੱਕ ਕੇਸ ਵਿੱਚ ਜੇਲ ਦੀ ਸਜ਼ਾ ਕੱਟ ਰਹੇ ਸਾਬਕਾ ਵਿਧਾਇਕ ਦੀ ਇੱਥੇ ਦੇ ਇੱਕ ਹਸਪਤਾਲ ਵਿੱਚ ਕੋਵਿਡ -19 ਕਾਰਨ ਮੌਤ ਹੋ ਗਈ ਇਸ ਲਾਗ ਦੀ ਬਿਮਾਰੀ ਕਾਰਣ ਮਰਨ ਵਾਲਾ ਇਹ ਮੰਡੋਲੀ ਜੇਲ ਦਾ ਦੂਜਾ ਕੈਦੀ ਹੈ। ਉਹਨਾਂ ਨੇ ਕਿਹਾ ਕੇ, ਮਹਿੰਦਰ ਯਾਦਵ (70) ਪਾਲਮ ਹਲਕੇ ਤੋਂ ਸਾਬਕਾ ਵਿਧਾਇਕ ਸੀ । ਉਹ ਮੰਡੋਲੀ ਜੇਲ ਦੇ ਬੰਦੀਖਾਨੇ ਨੰ. 14 ਵਿੱਚ 10 ਸਾਲ ਦੀ ਸਜ਼ਾ ਕੱਟ ਰਿਹਾ ਸੀ ਅਤੇ 26 ਜੂਨ ਨੂੰ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਇਕ ਹੋਰ ਦੋਸ਼ੀ ਕੰਵਰ ਸਿੰਘ, ਜਿਸ ਦੀ ਕਰੋਨਾ ਕਾਰਣ ਪਿਛਲੇ ਮਹੀਨੇ ਮੌਤ ਹੋ ਗਈ ਸੀ, ਵੀ ਬੰਦੀਖਾਨੇ ਨਃ 14 ਵਿੱਚ ਹੀ ਕੈਦ ਸੀ। ਡਾਇਰੈਕਟਰ ਜਨਰਲ (ਜੇਲਾਂ) ਸੰਦੀਪ ਗੋਇਲ ਨੇ ਕਿਹਾ ਕਿ ਯਾਦਵ ਨੇ 26 ਜੂਨ ਨੂੰ ਬੇਚੈਨੀ ਅਤੇ ਦਿਲ ਨਾਲ ਜੁੜੀਆਂ ਕੁਝ ਸਮੱਸਿਆਵਾਂ ਦੀ ਸ਼ਿਕਾਇਤ ਕੀਤੀ ਸੀ। ਉਸ ਨੂੰ ਡੀਡੀਯੂ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਸ ਨੂੰ ਉਸੇ ਦਿਨ ਐਲਐਨਜੇਪੀ ਹਸਪਤਾਲ ਰੈਫਰ ਕੀਤਾ ਗਿਆ ਅਤੇ ਉਥੇ ਦਾਖਲ ਕਰਵਾਇਆ ਗਿਆ। ਬਾਅਦ ਵਿਚ, ਉਸਦੇ ਪਰਿਵਾਰ ਦੀ ਬੇਨਤੀ 'ਤੇ, ਉਸਨੂੰ 30 ਜੂਨ ਨੂੰ ਪੁਲਿਸ ਨਿਗਰਾਨੀ ਹੇਠ ਦੁਆਰਕਾ ਦੇ ਇਕ ਨਿੱਜੀ ਹਸਪਤਾਲ ਵਿਚ ਤਬਦੀਲ ਕਰਨ ਦੀ ਇਜਾਜ਼ਤ ਦਿੱਤੀ ਗਈ। "ਸਾਨੂੰ ਜਾਣਕਾਰੀ ਮਿਲੀ ਕਿ ਮਹੇਂਦਰ ਯਾਦਵ ਦੀ 4 ਜੁਲਾਈ ਸ਼ਾਮ ਨੂੰ ਅਕਾਸ਼ ਹਸਪਤਾਲ ਵਿਚ ਮੌਤ ਹੋ ਗਈ ਸੀ।" ਯਾਦਵ ਦਸੰਬਰ 2018 ਤੋਂ ਜੇਲ ਵਿੱਚ ਬੰਦ ਸੀ। ਕੰਵਰ ਸਿੰਘ ਦੀ ਮੌਤ 15 ਜੂਨ ਨੂੰ ਨੀਂਦ ਵਿੱਚ ਹੋ ਗਈ ਸੀ। ਬਾਅਦ ਵਿੱਚ ਉਸਦਾ ਕੋਵਿਡ-19 ਟੈਸਟ ਪੋਜਿਟਿਵ ਆਇਆ ਸੀ।

## ਸੀ.ਬੀ.ਆਈ ਦੀ ਬੇਅਦਬੀ ਕਾਂਡ ਵਿੱਚ ਬੇਲੋੜੀ ਦਖਲਅੰਦਾਜੀ ਵਿਰੁੱਧ 17 ਨੂੰ ਬਰਗਾੜੀ ਵਿਖੇ ਰੋਸ ਮੁਜ਼ਾਹਰਾ : ਪੰਥਕ ਜਥੇਬੰਦੀਆਂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ ਉਤੇ ਬੇਅਦਬੀ ਕੇਸ ਵਿੱਚ ਰਾਜਨੀਤਿਕ ਮਨੋਰਥਾਂ ਨਾਲ ਬੇਲੋੜੀ ਦਖਲਅੰਦਾਜੀ ਕਰਨ ਦਾ ਦੋਸ਼ ਲਾਉਦਿਆਂ, ਅਕਾਲੀ ਦਲ (ਅੰਮ੍ਰਿਤਸਰ), ਦਲ ਖ਼ਾਲਸਾ ਅਤੇ ਯੂਨਾਈਟਿਡ ਅਕਾਲੀ ਦਲ ਨੇ ਏਜੰਸੀ ਵੱਲੋਂ ਮੁੱਖ ਦੋਸ਼ੀਆਂ ਨੂੰ ਬਚਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਲਿਆ ਹੈ। ਤਿੰਨਾਂ ਪੰਥਕ ਜਥੇਬੰਦੀਆਂ ਵਲੋਂ 17 ਜੁਲਾਈ ਨੂੰ ਬਰਗਾੜੀ ਵਿਖੇ ਮੁਜ਼ਾਹਰਾ ਕੀਤਾ ਜਾਵੇਗਾ। ਇਸ ਸਬੰਧੀ ਐਲਾਨ ਤਿੰਨਾਂ ਜਥੇਬੰਦੀਆਂ ਦੇ ਪ੍ਰਮੁੱਖ ਆਗੂਆਂ ਗੁਰਦੀਪ ਸਿੰਘ ਬਠਿੰਡਾ, ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਜਸਕਰਨ ਸਿੰਘ ਕਾਹਨਸਿੰਘਵਾਲਾ ਨੇ ਪ੍ਰੈਸ ਬਿਆਨ ਵਿੱਚ ਕੀਤਾ। ਉਹਨਾਂ ਜੁਡੀਸ਼ਰੀ ਅਤੇ ਹੁਕਮਰਾਨ ਧਿਰ ਨੂੰ ਸਪਸ਼ਟ ਸੁਨੇਹਾ ਦਿੱਤਾ ਕਿ ਪੰਜਾਬ ਦੇ ਲੋਕ ਸੀ.ਬੀ.ਆਈ ਦੀ ਦਖਲਅੰਦਾਜੀ ਨੂੰ ਇਨਸਾਫ ਨੂੰ ਤਾਰਪੀਡੋ ਕਰਨ ਦੀ ਹਰਕਤ ਸਮਝਦੇ ਹਨ ਅਤੇ ਇਸਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜਦੋਂ ਸਿੱਟ ਕੇਸ ਨੂੰ ਹੱਲ ਕਰਨ ਅਤੇ ਮੁੱਖ ਦੋਸ਼ੀ ਡੇਰਾ ਸਿਰਸਾ ਦੇ ਬਦਨਾਮ ਮੁੱਖੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਕਰਨ ਲਈ ਗ੍ਰਿਫਤਾਰ ਕਰਨ ਵੱਲ ਵੱਧ ਰਹੀ ਹੈ ਤਾਂ ਐਨ ਉਸ ਮੌਕੇ ਸੀ.ਬੀ.ਆਈ ਨੇ ਵਿਸ਼ੇਸ਼ ਅਦਾਲਤ ਨੂੰ ਸਿੱਟ ਦੀ ਕਾਰਵਾਈ ਰੋਕਣ ਲਈ ਪਟੀਸ਼ਨ ਦਾਖਿਲ ਕਰ ਕੇਸ ਵਿੱਚ ਅੜਿਕਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਨਾ ਤਾਂ ਕਾਬਲੇ-ਬਰਦਾਸ਼ਤ ਹੈ ਅਤੇ ਨਾ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ। ਬਾਕੀ ਸਫ਼ਾ 31 'ਤੇ

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਮੱਤੇਵਾੜਾ ਜੰਗਲ ਦੇ ਉਜਾੜੇ ਦੇ ਮਸਲੇ 'ਤੇ ਸਰਕਾਰ ਪੰਜਾਬੀਆਂ ਨੂੰ ਮੂਰਖ ਬਣਾਉਣਾ ਬੰਦ ਕਰੇ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਸਰਕਾਰ ਵੱਲੋਂ ਮੱਤੇਵਾੜਾ ਜੰਗਲ ਦੇ ਉਜਾੜੇ ਖਿਲਾਫ ਮੁਹਿਮ ਸ਼ੁਰੂ ਕਰਨ ਵਾਲੀ ਵਿਦਿਆਰਥੀ ਜਥੇਬੰਦੀ ਸੱਥ ਨੇ ਬੀਤੇ ਕੱਲ ਸਰਕਾਰ ਵੱਲੋਂ ਜੰਗਲ ਤੋਂ ਬਾਹਰੀ ਜ਼ਮੀਨ 'ਤੇ ਸਨਅਤੀ ਪਾਰਕ ਉਸਾਰਨ ਦੇ ਬਿਆਨ ਨੂੰ ਅਧੂਰਾ ਸੱਚ ਅਤੇ ਭੁਲੇਖਾ ਪਾਊ ਬਿਆਨ ਦੱਸਿਆ ਹੈ। ਸੱਥ ਦੇ ਆਗੂ ਜੁਝਾਰ ਸਿੰਘ ਨੇ ਕਿਹਾ ਕਿ ਸਰਕਾਰ ਜਿਸ ਜ਼ਮੀਨ 'ਤੇ ਸਨਅਤੀ ਪਾਰਕ ਉਸਾਰਨ ਜਾ ਰਹੀ ਹੈ, ਉਹ ਮੱਤੇਵਾੜਾ ਜੰਗਲ ਦੇ ਬਿਲਕੁਲ ਨਾਲ ਲਗਦੀ ਖੇਤੀ ਵਾਲੀ ਜ਼ਮੀਨ ਹੈ ਜਿਸਦਾ ਜੰਗਲ ਦੇ ਕੁਦਰਤੀ ਮਾਹੌਲ ਨੂੰ ਬਣਾ ਕੇ ਰੱਖਣ ਵਿਚ ਅਹਿਮ ਯੋਗਦਾਨ ਹੈ। ਉਹਨਾਂ ਕਿਹਾ ਕਿ ਇਸ ਜੰਗਲ ਵਿਚ ਸਨਅਤੀ ਪਾਰਕ ਦੀ ਉਸਾਰੀ ਨਾਲ ਹੋਣ ਵਾਲੇ ਜਲ ਪ੍ਰਦੂਸ਼ਣ, ਧੁਨੀ ਪ੍ਰਦੂਸ਼ਣ ਅਤੇ ਹਵਾ ਪ੍ਰਦੂਸ਼ਣ ਨਾਲ ਜੰਗਲ ਦਾ ਉਜਾੜਾ ਯਕੀਨੀ ਹੋਵੇਗਾ ਅਤੇ ਇਹ ਪੰਜਾਬ ਦੇ ਭਵਿੱਖ ਨੂੰ ਤਬਾਹ ਕਰਨ ਵਾਲਾ ਫੈਸਲਾ ਹੈ।

ਜੁਝਾਰ ਸਿੰਘ ਨੇ ਦੱਸਿਆ ਕਿ ਬੀਤੇ ਕੱਲ ਸੱਥ ਦੇ ਆਗੂ ਸੁਖਵਿੰਦਰ ਸਿੰਘ ਵੱਲੋਂ ਐਕਵਾਇਰ ਕੀਤੇ ਜਾ ਰਹੇ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਪਤਾ ਲੱਗਾ ਕਿ ਸਕਰਾਰ ਵੱਲੋਂ ਇਸ ਪਾਰਕ ਲਈ ਜਿਸ ਸੇਖੋਵਾਲ ਪਿੰਡ ਦੀ ਸਭ ਤੋਂ ਵੱਧ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ ਉਹ ਸਾਰਾ ਪਿੰਡ ਗਰੀਬ ਮਜ਼ਹਬੀ ਸਿੱਖਾਂ ਦਾ ਹੈ, ਜਿਨਾਂ ਦਾ ਜੀਵਨ ਨਿਰਵਾਹ ਇਸ ਪੰਚਾਇਤੀ ਜ਼ਮੀਨ 'ਤੇ ਖੇਤੀ ਨਾਲ ਹੀ ਹੁੰਦਾ ਹੈ। ਉਹਨਾਂ ਦੱਸਿਆ ਕਿ ਇਹ ਪਿੰਡ ਬਿਲਕੁਲ ਸਤਲੁੱਜ ਕੰਢੇ 'ਤੇ ਹੈ ਅਤੇ ਇਨਾਂ ਲੋਕਾਂ ਕੋਲ ਇਸ ਪੰਚਾਇਤੀ ਜ਼ਮੀਨ ਤੋਂ ਇਲਾਵਾ ਹੋਰ ਜ਼ਮੀਨ ਵੀ ਨਹੀਂ ਹੈ। ਸੱਥ ਆਗੂਆਂ ਦਾ ਕਹਿਣਾ ਹੈ ਕਿ ਸਰਕਾਰੀ ਦਬਾਅ ਹੇਠ ਇਹਨਾਂ ਪਿੰਡਾਂ ਦੀਆਂ ਪੰਚਾਇਤਾਂ ਤੋਂ ਮਤੇ ਪਵਾ ਲਏ ਗਏ ਹਨ ਪਰ ਪਿੰਡ ਦੇ ਲੋਕ ਸਰਕਾਰ ਦੇ ਇਸ ਸਨਅਤੀ ਪਾਰਕ ਨੂੰ ਸਥਾਪਤ ਕਰਨ ਦਾ ਵਿਰੋਧ ਕਰ ਰਹੇ ਹਨ।

ਪਾਰਟੀ ਦਾ ਕਹਿਣਾ ਹੈ ਕਿ ਜਿੱਥੇ ਉਪਰੋਕਤ ਮਸਲਿਆਂ ਨੂੰ ਦੇਖਦਿਆਂ ਸਰਕਾਰ ਨੂੰ ਇਹ ਪਾਰਕ ਬਣਾਉਣ ਦਾ ਫੈਸਲਾ ਵਾਪਸ ਲੈਣਾ ਚਾਹੀਦਾ ਹੈ ਉੱਥੇ ਹੀ ਪੰਜਾਬ ਦੇ ਅਹਿਮ ਜਲ ਸਰੋਤ ਸਤਲੁੱਜ ਦਰਿਆ ਕੰਢੇ ਕਾਰਖਾਨੇ ਸਥਾਪਤ ਕਰਨ ਦੀ ਪ੍ਰਵਾਨਗੀ ਕਿਸੇ ਵੀ ਕੀਮਤ 'ਤੇ ਨਹੀਂ ਦਿੱਤੀ ਜਾ ਸਕਦੀ। ਜੁਝਾਰ ਸਿੰਘ ਨੇ ਕਿਹਾ ਕਿ ਸਾਲ 2018 ਵਿਚ ਹੀ ਫੈਕਟਰੀਆਂ ਵੱਲੋਂ ਬਿਆਸ ਦਰਿਆ ਵਿਚ ਸੁੱਟੇ ਜ਼ਹਿਰੀਲੇ ਕੈਮੀਕਲਾਂ ਨਾਲ ਹੋਈ ਤਬਾਹੀ ਨੂੰ ਸਾਰਾ ਪੰਜਾਬ ਦੇਖ ਚੁੱਕਿਆ ਹੈ। ਉਹਨਾਂ ਯਾਦ ਕਰਾਇਆ ਕਿ ਉਸ ਤਬਾਹੀ ਤੋਂ ਬਾਅਦ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਐਲਾਨ ਕੀਤਾ ਸੀ ਕਿ ਕਿਸੇ ਵੀ ਦਰਿਆ ਕੰਢੇ ਫੈਕਟਰੀਆਂ ਲਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਹੈਰਾਨ ਕਰਨ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਇਸ ਸਤਲੁੱਜ ਦਰਿਆ ਕੰਢੇ ਸਨਅਤੀ ਪਾਰਕ ਲਈ ਜ਼ਮੀਨ ਐਕਵਾਇਰ ਕਰਨ ਤੋਂ ਪਹਿਲਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਕੋਈ ਪ੍ਰਵਾਨਗੀ ਨਹੀਂ ਲਈ।



ਜੁਝਾਰ ਸਿੰਘ ਨੇ ਕਿਹਾ ਕਿ ਪੰਜਾਬ ਦਾ ਵਿਦਿਆਰਥੀ ਰੁਜ਼ਗਾਰ ਚਾਹੁੰਦਾ ਹੈ, ਪਰ ਇਹ ਰੁਜ਼ਗਾਰ ਪੰਜਾਬ ਦੀ ਬਰਬਾਦੀ ਦੀ ਕੀਮਤ 'ਤੇ ਪ੍ਰਵਾਨ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੀਆਂ ਪਹਿਲਾਂ ਸਥਾਪਤ ਸਨਅਤਾਂ ਬੰਦ ਹੋ ਰਹੀਆਂ ਹਨ ਪੰਜਾਬ ਦੇ ਫੋਕਲ ਪੁਆਇਟਾਂ ਵਿਚ ਉਜਾੜ ਪਿਆ ਹੈ। ਉਹਨਾਂ ਕਿਹਾ ਕਿ ਸਰਕਾਰ ਜੇ ਸਨਅਤ ਉਸਾਰਨੀ ਚਾਹੁੰਦੀ ਹੈ ਤਾਂ ਪਹਿਲਾਂ ਤੋਂ ਸਨਅਤ ਲਈ ਰਾਖਵੀ ਉਸ ਜ਼ਮੀਨ ਵਿਚ ਉਸਾਰੇ ਜਿੱਥੇ ਸਨਅਤ ਬੰਦ ਪਈ ਹੈ। ਉਹਨਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਸਨਅਤ ਉਸਾਰਨ ਤੋਂ ਪਹਿਲਾਂ ਨੌਕਰੀਆਂ ਵਿਚ ਪੰਜਾਬੀ ਨੌਜਵਾਨਾਂ ਲਈ ਘੱਟੋ-ਘੱਟ 75 ਫੀਸਦੀ ਰਾਖਵਾਂਕਰਨ ਦਾ ਕਾਨੂੰਨ ਪਾਸ ਕਰੇ। ਸੱਥ ਨੇ ਦੋਸ਼ ਲਾਇਆ ਕਿ ਸਰਕਾਰ ਸਨਅਤ ਦੇ ਨਾਂ 'ਤੇ ਪੰਜਾਬ ਦੇ ਉਜਾੜੇ ਅਤੇ ਭੂ-ਮਾਫੀਆ ਨੂੰ ਕੋਡੀਆਂ ਦੇ ਭਾਅ ਪੰਜਾਬੀਆਂ ਦੀਆਂ ਜ਼ਮੀਨਾਂ ਲੁਟਵਾਉਣ ਦਾ ਪ੍ਰਬੰਧ ਕਰ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਨਵੇਂ ਬਣ ਰਹੇ ਸਨਅਤੀ ਪਾਰਕਾਂ ਦੀ ਪੂਰੀ ਰੂਪ ਰੇਖਾ ਪੰਜਾਬ ਦੇ ਲੋਕਾਂ ਸਾਹਮਣੇ ਜਨਤਕ ਕਰੇ।

ਜੁਝਾਰ ਸਿੰਘ ਨੇ ਕਿਹਾ ਕਿ ਮੱਤੇਵਾੜਾ ਜੰਗਲ ਦੇ ਨੇੜਲੇ ਇਲਾਕੇ ਵਿਚ ਉਸਾਰਿਆ ਜਾ ਰਿਹਾ ਇਹ ਸਨਅਤ ਪਾਰਕ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਅਤੇ ਵਿਦਿਆਰਥੀ ਜਥੇਬੰਦੀ ਸੱਥ ਲੋਕਾਂ ਨੂੰ ਸਰਕਾਰ ਦੇ ਫੈਸਲੇ ਖਿਲਾਫ ਲਾਮਬੰਦ ਕਰਨ ਲਈ ਯਤਨ ਜਾਰੀ ਰੱਖੇਗੀ। ਪੰਜਾਬ ਸਰਕਾਰ ਵੱਲੋਂ ਬੀਤੇ ਕੱਲ ਜਨਤਕ ਇਕੱਠ ਕਰਨ 'ਤੇ ਲਾਈਆਂ ਰੋਕਾਂ ਦਾ ਹਵਾਲਾ ਦਿੰਦਿਆਂ ਜੁਝਾਰ ਸਿੰਘ ਨੇ ਕਿਹਾ ਕਿ ਸਰਕਾਰ ਇਹ ਪਾਬੰਦੀਆਂ ਹਟਣ ਤਕ ਕਿਸੇ ਵੀ ਤਰਾਂ ਦੀ ਜ਼ਮੀਨ ਐਕਵਾਇਰ ਕਰਨ 'ਤੇ ਵੀ ਪਾਬੰਦੀਆਂ ਲਾਵੇ। ਉਹਨਾਂ ਕਿਹਾ ਕਿ ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਸਪਸ਼ਟ ਹੈ ਕਿ ਸਰਕਾਰ ਕੋਰੋਨਾਵਾਇਰ ਦੇ ਬਹਾਨੇ ਲੋਕ ਰੋਹ ਨੂੰ ਦਬਾਉਣ ਲਈ ਇਹ ਐਮਰਜੈਂਸੀ ਵਰਗੇ ਹੁਕਮ ਜਾਰੀ ਕਰ ਰਹੀ ਹੈ।

# ਸ਼ਿਵ ਸੈਨਾ ਆਗੂ ਸੁਧੀਰ ਸੂਰੀ ਖ਼ਿਲਾਫ਼ ਜੰਡਿਆਲਾ ਪੁਲਿਸ ਨੇ ਕੀਤਾ ਮਾਮਲਾ ਦਰਜ

**✪ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਨੇ ਲਗਾਇਆ ਸੀ ਮੋਰਚਾ ✪ ਸ਼ਿਵ ਸੈਨਾ ਆਗੂ ਸੂਰੀ ਇੰਦੌਰ ਤੋਂ ਗ੍ਰਿਫ਼ਤਾਰ**

**ਅੰਮ੍ਰਿਤਸਰ /ਏ.ਟੀ.ਨਿਊਜ਼ :** ਸਿੱਖ ਧਰਮ ਤੇ ਪ੍ਰਵਾਸੀ ਖਾਲਸਾ ਜੀ ਦੇ ਖ਼ਿਲਾਫ਼ ਭੱਦੀ ਸ਼ਬਦਾਵਲੀ ਬੋਲਣ ਲਈ ਪੁਲਿਸ ਥਾਣਾ ਜੰਡਿਆਲਾ ਗੁਰੂ ਨੇ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਬਲਬੀਰ ਸਿੰਘ ਮੁੱਛਲ ਦੀ ਸ਼ਿਕਾਇਤ 'ਤੇ ਅਤੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਵਲੋਂ ਮੋਰਚਾ ਲਗਾਉਣ ਤੇ ਸਿੱਖ ਪੰਥ ਵਿਚ ਫੈਲੇ ਰੋਸ ਦੇ ਬਾਅਦ ਪੁਲਿਸ ਨੇ ਕਾਰਵਾਈ ਕਰਦੇ ਹੋਏ ਸੁਧੀਰ ਸੂਰੀ ਅਤੇ ਉਸ ਦੇ ਸਾਥੀ ਹਰਦੀਪ ਸ਼ਰਮਾ ਦੇ ਖ਼ਿਲਾਫ਼ ਧਾਰਾ 153 ਏ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤ ਵਿਚ ਹਰਪਾਲ ਸਿੰਘ ਖਾਲਿਸਤਾਨੀ, ਬਲਬੀਰ ਸਿੰਘ ਮੁੱਛਲ ਤੇ ਪਰਮਜੀਤ ਸਿੰਘ ਅਕਾਲੀ ਨੇ ਕਿਹਾ ਸੀ ਕਿ ਇਹ ਪੰਜਾਬ ਵਿਚ ਹਿੰਦੂ-ਸਿੱਖਾਂ ਦੇ ਫਸਾਦ ਕਰਵਾਉਣਾ ਚਾਹੁੰਦਾ ਹੈ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਿਰੁਧ ਬੋਲ ਕੇ ਸਿੱਖ ਧਰਮ ਦੀਆਂ ਭਾਵਨਾਵਾਂ ਭੜਕਾ ਰਿਹਾ ਹੈ। ਜਲੰਧਰ ਵਿੱਚ ਅਲੱਗ ਅਲੱਗ ਜਥੇਬੰਦੀਆਂ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਜਲੰਧਰ ਵਿੱਚ ਦੋਆਬਾ ਵੈਲਫੇਅਰ ਸੁਸਾਇਟੀ ਵੱਲੋਂ ਅਮਿਤ ਸੂਰੀ ਵੱਲੋਂ ਕੀਤੀ ਗਈ ਉਸ ਟਿੱਪਣੀ ਦੇ ਵਿਰੋਧ ਵਿੱਚ ਦੋਆਬਾ ਸ੍ਰੀ ਗੁਰੂ ਰਵਿਦਾਸ ਚੌਕ ਵਿਖੇ ਅਮਿਤ ਸੂਰੀ ਦਾ ਪੁਤਲਾ ਫੂਕਿਆ। ਇਸ ਮੌਕੇ ਸੁਸਾਇਟੀ ਦੇ ਮੈਂਬਰਾਂ ਨੇ ਕਿਹਾ ਕਿ ਜੋ ਨੇਤਾ ਪੰਜਾਬੀਆਂ ਅਤੇ ਪੰਜਾਬ ਦੇ ਖਿਲਾਫ ਇਸੇ ਬਿਆਨ ਦਿੰਦੇ ਨੇ, ਉਨਾਂ ਤੇ ਕਾਰਵਾਈ ਹੋਣੀ ਚਾਹੀਦੀ ਹੈ।

## ਸੂਰੀ ਗ੍ਰਿਫ਼ਤਾਰ



ਸ਼ਿਵ ਸੈਨਾ (ਟਕਸਾਲੀ) ਦੇ ਪ੍ਰਧਾਨ ਸੁਧੀਰ ਸੂਰੀ ਵਲੋਂ ਹਾਲ ਵਿਚ ਸਿੱਖਾਂ ਤੇ ਔਰਤਾਂ ਖ਼ਿਲਾਫ਼ ਅਪਮਾਨਜਨਕ ਟਿੱਪਣੀਆਂ ਕਰਨ ਤੇ ਫਿਰਕੂ ਨਫ਼ਰਤ ਭੜਕਾਉਣ ਦੇ ਮਾਮਲੇ ਵਿਚ ਪੰਜਾਬ ਪੁਲਿਸ ਨੇ ਉਸ ਨੂੰ ਕਰੀਬ 1300 ਕਿਲੋਮੀਟਰ ਪਿੱਛਾ ਕਰਕੇ ਮੱਧ ਪ੍ਰਦੇਸ ਦੇ ਇੰਦੌਰ ਸ਼ਹਿਰ ਤੋਂ ਗ੍ਰਿਫ਼ਤਾਰ ਲਿਆ ਹੈ। ਡੀ. ਜੀ. ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਸੂਰੀ ਵਲੋਂ ਬੀਤੇ ਦਿਨ ਸੋਸ਼ਲ ਮੀਡੀਆ ਰਾਹੀਂ ਇਕ ਵਿਸ਼ੇਸ਼ ਭਾਈਚਾਰੇ ਤੇ ਉਨਾਂ ਦੀਆਂ ਔਰਤਾਂ ਪ੍ਰਤੀ ਅਪਮਾਨਜਨਕ ਟਿੱਪਣੀਆਂ ਕੀਤੀਆਂ ਗਈਆਂ ਸਨ। ਸੂਰੀ ਵਲੋਂ ਵੀਡਿਓ ਨਾਲ ਛੇੜਛਾੜ ਹੋਣ ਦੀ ਗੱਲ ਕਰਕੇ ਪੱਲਾ ਝਾੜਣ ਦਾ ਯਤਨ ਕੀਤਾ ਗਿਆ ਸੀ ਪਰ ਪੁਲਿਸ ਵਲੋਂ ਮਾਮਲਾ ਦਰਜ ਕਰਕੇ ਉਸ ਦੀ ਗ੍ਰਿਫ਼ਤਾਰੀ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਸਨ। ਡੀਜੀਪੀ ਨੇ ਦੱਸਿਆ ਕਿ ਪੰਜਾਬ ਪੁਲਿਸ ਹੁਣ ਜ਼ਮਾਨਤ ਰੱਦ ਕਰਵਾਉਣ ਲਈ ਸਬੰਧਿਤ ਨਿਆਂਇਕ ਅਦਾਲਤ ਵਿਚ ਜਾ ਰਹੀ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035




Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਜੇਕਰ ਅਸੀਂ ਅੱਧੇ ਟੈਸਟ ਕੀਤੇ ਹੁੰਦੇ ਤਾਂ ਪੀੜਤਾਂ ਦੀ ਗਿਣਤੀ ਵੀ ਅੱਧੀ ਹੁੰਦੀ: ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਕਿਹਾ ਹੈ ਕਿ ਕੋਰੋਨਾਵਾਇਰਸ ਦੇ ਟੈਸਟ ਵਧ ਕਰਨ ਦੇ ਸਿੱਟੇ ਵਜੋਂ ਪੀੜਤਾਂ ਦੀ ਗਿਣਤੀ ਵਧੀ ਹੈ। ਵਾਇਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ ਜੇਕਰ ਅਸੀਂ 4 ਕਰੋੜ ਤੋਂ ਵਧ ਟੈਸਟ ਨਾ ਕੀਤੇ ਹੁੰਦੇ ਤੇ ਇਸ ਤੋਂ ਅੱਧੇ ਟੈਸਟ ਕੀਤੇ ਹੁੰਦੇ ਤਾਂ ਪੀੜਤਾਂ ਦੀ ਗਿਣਤੀ ਵੀ ਅੱਧੀ ਹੋਣੀ ਸੀ। ਜੇਕਰ ਅੱਧੇ ਟੈਸਟਾਂ ਤੋਂ ਵੀ ਹੋਰ ਘੱਟ ਟੈਸਟ ਕੀਤੇ ਹੁੰਦੇ ਤਾਂ ਪੀੜਤਾਂ ਦੀ ਗਿਣਤੀ ਹੋਰ ਘੱਟ ਜਾਣੀ ਸੀ। ਟਰੰਪ ਨੇ ਕਿਹਾ ਕਿ ਵਧ ਟੈਸਟ ਕਰਕੇ ਅਸੀਂ ਵਧੀਆ ਕੰਮ ਕੀਤਾ ਹੈ ਇਸ ਨਾਲ ਮਾਮਲਿਆਂ ਬਾਰੇ ਝੂਠੀਆਂ ਖ਼ਬਰਾਂ 'ਤੇ ਵੀ ਰੋਕ ਲੱਗੀ ਹੈ। ਉਨਾਂ ਕਿਹਾ ਕਿ ਜੇਕਰ ਅਸੀਂ ਟੈਸਟ ਨਾ ਕੀਤੇ ਹੁੰਦੇ ਤਾਂ ਤੁਹਾਡੇ ਕੋਲ ਸੁਰਖੀਆਂ ਦੀ ਘਾਟ ਹੋਣੀ ਸੀ ਕਿਉਂਕਿ ਮੌਤ ਦਰ ਬਹੁਤ ਘੱਟ ਹੋਣੀ ਸੀ। ਹੁਣ ਮੈਂ ਵੇਖਦਾ ਹਾਂ ਕਿ ਸੁਰਖੀਆਂ ਕੋਰੋਨਾ ਮਾਮਲਿਆਂ ਬਾਰੇ ਹੀ ਹੁੰਦੀਆਂ ਹਨ।

**ਮੁਕੰਮਲ ਬੰਦ ਨਾ ਹੋਣ ਕਾਰਨ ਮਾਮਲੇ ਵਧੇ-** ਵਾਈਟ ਹਾਊਸ ਦੇ ਕੋਰੋਨਾ ਵਾਇਰਸ ਬਾਰੇ ਸਲਾਹਕਾਰ ਡਾ ਐਨਥਨੀ ਫੌਸੀ ਨੇ ਕਿਹਾ ਹੈ ਕਿ ਮੁਕੰਮਲ ਸ਼ੱਟਡਾਊਨ ਨਾ ਹੋਣ ਕਾਰਨ ਦੇਸ਼ ਵਿਚ ਕੋਰੋਨਾ ਪੀੜਤ ਲੋਕਾਂ ਦੇ ਮਾਮਲੇ ਵਧੇ ਹਨ। ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਐਂਡ ਇਨਫੈਕਸ਼ੀਅਸ ਡਸੀਜ਼ ਦੇ ਡਾਇਰੈਕਟਰ ਡਾ ਫੌਸੀ ਨੇ ਕਿਹਾ ਕਿ ਹਾਲਾਂ ਕਿ ਮੁਕੰਮਲ ਬੰਦ ਹਮੇਸ਼ਾਂ ਲਈ ਨਹੀਂ ਕੀਤਾ ਜਾ ਸਕਦਾ ਪਰ ਇਕ ਵਾਰ ਮੁਕੰਮਲ ਬੰਦ ਨਾ ਕਰਨਾ ਵੀ ਸਾਡੀ ਗਲਤੀ ਸੀ। ਉਨਾਂ ਨੇ ਕਿਹਾ ਕਿ ਮਾਸਕ ਪਹਿਣਨ ਬਾਰੇ ਵੀ ਅਸੀਂ ਗਲਤੀਆਂ ਕੀਤੀਆਂ ਹਨ। ਕੁਝ ਲੋਕ ਵਾਰ ਵਾਰ ਕਹਿੰਦੇ ਰਹੇ ਕਿ ਮਾਸਕ ਪਾਉਣ ਦੀ ਲੋੜ ਨਹੀਂ ਹੈ ਤੇ ਹੁਣ ਉਹ ਲੋਕ ਹੀ ਕਹਿ ਰਹੇ ਹਨ ਕਿ ਮਾਸਕ ਪਾਇਆ ਜਾਵੇ। ਡਾ ਫੌਸੀ ਨੇ ਹੋਰ ਕਿਹਾ ਕਿ ਵਿਗਿਆਨੀ ਕੋਰੋਨਾਵਾਇਰਸ ਦੀ ਦਵਾਈ ਜਾਂ ਵੈਕਸੀਨ ਤਿਆਰ ਕਰਨ ਲਈ ਨਿਰੰਤਰ ਕੰਮ ਕਰ ਰਹੇ ਹਨ ਤੇ ਉਨਾਂ ਨੂੰ ਆਸ ਹੈ ਕਿ ਵਿਗਿਆਨੀ ਇਸ ਸਾਲ ਦੇ ਅੰਤ ਵਿਚ ਜਾਂ ਅਗਲੇ ਸਾਲ 2021 ਦੇ ਸ਼ੁਰੂ ਵਿਚ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਵੈਕਸੀਨ ਤਿਆਰ ਕਰਨ ਵਿਚ ਸਫਲ ਹੋ ਜਾਣਗੇ।

ਬਾਕੀ ਸਫ਼ਾ 30 'ਤੇ

# ਭਾਈ ਮਹਿੰਦਰਪਾਲ ਸਿੰਘ, ਭਾਈ ਲਵਪ੍ਰੀਤ ਸਿੰਘ ਅਤੇ ਭਾਈ ਗੁਰਤੇਜ ਸਿੰਘ ਨੂੰ ਸਾਜਿਸ਼ ਤਹਿਤ ਝੂਠੇ ਕੇਸਾਂ ਵਿੱਚ ਫਸਾਇਆ ਗਿਆ ਹੈ

## ਪੰਜਾਬ ਦੀਆਂ ਪੰਥਕ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਲੰਬਦਾਰ ਜਥੇਬੰਦੀਆਂ ਨੂੰ ਅਵਾਜ ਬੁਲੰਦ ਕਰਨ: ਯੁਨਾਈਟਿਡ ਖਾਲਸਾ ਦਲ

**ਲੰਡਨ /ਏ.ਟੀ.ਨਿਊਜ਼ :** ਦਿੱਲੀ ਪੁਲਿਸ ਨੇ 15 ਜੂਨ ਵਾਲੇ ਦਿਨ ਭਾਈ ਮਹਿੰਦਰਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਅਤੇ ਜਦੋਂ ਵੀ ਉਸਦੇ ਵਾਰਸਾਂ ਵਲੋਂ ਪੁਛਗਿੱਛ ਕੀਤੀ ਜਾਂਦੀ ਰਹੀ ਤਾਂ ਪੁਲਿਸ ਵਲੋਂ ਇਹੀ ਜਵਾਬ ਮਿਲਦਾ ਰਿਹਾ ਕਿ ਅਸੀਂ ਮਹਿੰਦਰਪਾਲ ਸਿੰਘ ਨੂੰ ਕੇਵਲ ਸ਼ੱਕ ਦੇ ਅਧਾਰ ਤੇ ਹੀ ਉਸ ਨੂੰ ਗ੍ਰਿਫਤਾਰ ਕੀਤਾ ਹੈ ਕੋਈ ਖਾਸ ਗੱਲ ਨਹੀਂ । ਪੁਲਿਸ ਵਲੋਂ ਪਰਿਵਾਰ ਨੂੰ ਹਰ ਵਾਰ ਇਹੀ ਆਖਿਆ ਗਿਆ ਕਿ ਤੁਸੀਂ ਫਿਕਰ ਨਾ ਕਰੋ । ਇਹਨਾਂ ਹੀ ਦਿਨਾਂ ਦੌਰਾਨ ਪੰਜਾਬ ਤੋਂ ਨੌਜਵਾਨ ਭਾਈ ਲਵਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਭਾਈ ਮਹਿੰਦਰਪਾਲ ਸਿੰਘ ਦੇ ਸਾਹਮਣੇ ਲਿਜਾਇਆ ਗਿਅ ਤਾਂ ਦੋਵਾਂ ਨੇ ਹੀ ਇੱਕ ਦੂਜੇ ਨੂੰ ਜਾਣਦੇ ਹੋਣ ਤੋਂ ਨਾਂਹ ਕਰ ਦਿੱਤੀ । ਅਗਲੇਰੇ ਦਿਨਾਂ ਵਿੱਚ ਪੰਜਾਬ ਤੋਂ ਭਾਈ ਗੁਰਤੇਜ ਸਿੰਘ ਨੂੰ ਗ੍ਰਿਫਤਾਰ ਕਰਕੇ ਤਿੰਨਾਂ ਨੂੰ ਹੀ ਇੱਕ ਦੂਜੇ ਬਾਰੇ ਪੁੱਛਿਆ ਗਿਆ ਪਰ ਪੁਲਿਸ ਜਾਂਚ ਵਿੱਚ ਇਹੀ ਆਇਆ ਕਿ ਇਹਨਾਂ ਤਿੰਨਾਂ ਦਾ ਆਪਸ ਵਿੱਚ ਕੋਈ ਵੀ ਸਬੰਧ ਨਹੀਂ ਹੈ । ਭਾਈ ਮਹਿੰਦਰਪਾਲ ਸਿੰਘ ਦਾ ਪਿਛੋਕੜ ਕਸ਼ਮੀਰ ਦਾ ਹੈ ,ਇਸੇ ਕਾਰਨ ਪੁਲਿਸ ਉਸਨੂੰ ਦੋ ਹਫਤੇ ਆਪਣੀ ਨਜਾਇਜ ਹਿਰਾਸਤ ਵਿੱਚ ਰੱਖ ਕੇ ਪੁੱਛਗਿੱਛ ਕਰਦੀ ਰਹੀ । ਅਖੀਰ 29



ਜੂਨ ਵਾਲੇ ਦਿਨ ਪੁਲਿਸ ਨੇ ਆਪਣੇ ਮਾਲਖਾਨੇ ਵਿੱਚੋਂ ਅਸਲਾ ਕੱਢ ਕੇ ਉਸਦੀ ਆਰਮਜ਼ ਐਕਟ ਅਧੀਨ ਗ੍ਰਿਫਤਾਰੀ ਪਾ ਦਿੱਤੀ ।ਇਸ ਨਾਲ ਵੀ ਦਿੱਲੀ ਪਲਿਸ ਦੀ ਤਸੱਲੀ ਨਾ ਹੋਈ ਤਾਂ ਉਸ ਖਿਲਾਫ ਯਾਪਾ ( ਗੈਰ ਕਨੂੰਨੀ ਗਤੀਵਿਧੀਆਂ ਐਕਟ ) ਲਗਾ ਦਿੱਤਾ ਗਿਆ ਜੋ ਕਿ ਟਾਡਾ ਅਤੇ ਪੋਟਾ ਤੋਂ ਵੀ ਵਧੇਰੇ ਖਤਰਨਾਕ ਹੈ । ਇਸੇ ਤਰਾਂ ਹੀ ਦੂਜੇ ਨੌਜਵਾਨਾਂ ਨੂੰ ਸੰਗੀਨ ਧਾਰਾਵਾਂ ਹੇਠ ਜੇਲ ਵਿੱਚ ਬੰਦ ਕਰ ਦਿੱਤਾ ਗਿਆ ਹੈ ,ਜੋ ਕਿ ਮਨੁੱਖੀ ਕਦਰਾਂ ਕੀਮਤਾਂ ਦੀ ਘੋਰ ਉਲੰਘਣਾ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਇਸਦੀ ਸਖਤ ਨਿਖੇਧੀ ਕੀਤੀ ਗਈ ਹੈ । ਯੂਨਾਈਟਿਡ ਖਾਲਸਾ ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਪੰਜਾਬ ਅਤੇ ਦਿੱਲੀ ਦੀ ਪੰਥਕ ਜਥੇਬੰਦੀਆਂ ,ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਹੋਣ ਦੀਆਂ ਦਾਅਵੇਦਾਰ ਸੰਥਾਵਾਂ ਨੂੰ ਭਾਈ ਮਹਿੰਦਰਪਾਲ ਸਿੰਘ ,ਭਾਈ ਲਵਪ੍ਰੀਤ ਸਿੰਘ ,ਭਾਈ ਗੁਰਤੇਜ ਸਿੰਘ ਸਮੇਤ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਜਾ ਰਹੇ ਸਿੱਖ ਨੌਜਵਾਨਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਅਤੇ ਪੈਰਵਈ ਕਰਨ ਦੀ ਅਪੀਲ ਕੀਤੀ ਗਈ ਹੈ । ਅਜੋਕੇ ਨਾਜੁਕ ਸਮੇਂ ਵਿੱਚ ਸਮੂਹ ਸਿੱਖਾਂ ਅਤੇ ਸਿੱਖ ਜਥੇਬੰਦੀਆਂ ਨੂੰ ਹਰ ਸਿੱਖ ਦਾ ਦਰਦ ਆਪਣੇ ਤੋਂ ਵੱਧ ਮਹਿਸੂਸ ਕਰਨ ਦੀ ਜਰੂਰਤ ਹੈ ।

ਭਾਰਤ ਸਰਕਾਰ ਅਤੇ ਇਸਦੇ ਦਲਾਲਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਜਾਦ ਸਿੱਖ ਰਾਜ ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਹੈ ਅਤੇ ਇਸਦੀ ਪੂਰਤੀ ਲਈ ਸੰਘਰਸ਼ ਨਿਰੰਤਰ ਜਾਰੀ ਰੱਖਿਆ ਜਾਵੇਗਾ । ਸਰਕਾਰ ਦਾ ਕੋਈ ਅੱਤਿਆਚਾਰ ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਦਮਦਮੀ ਟਕਸਾਲ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਅਰੰਭ ਹੋਏ ਇਸ ਕੌਮੀ ਸੰਘਰਸ਼ ਨੂੰ ਖਤਮ ਨਹੀਂ ਕਰ ਸਕੇਗਾ ।

# ਬਹੁਤ ਸਾਰੀਆਂ ਯੂਨੀਵਰਸਿਟੀਆਂ ਤੇ ਸਕੂਲ ਖੱਬੇ ਪੱਖੀ ਸੋਚ ਰਖਦੇ ਹਨ: ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਕੋਰੋਨਾਵਾਇਰਸ ਮਹਾਂਮਾਰੀ ਕਾਰਨ ਸਕੂਲ ਤੇ ਕਾਲਜ ਮੁੜ ਖੋਲਣ ਨੂੰ ਲੈ ਕੇ ਪੈਦਾ ਹੋਏ ਵਿਵਾਦ ਤੋਂ ਖਿਝੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਵਿਦਿਅੱਕ ਸੰਸਥਾਵਾਂ ਨੂੰ ਮਿਲਦੀ ਟੈਕਸ ਛੋਟ ਖਤਮ ਕਰ ਦਿੱਤੀ ਜਾਵੇਗੀ। ਰਾਸ਼ਟਰਪਤੀ ਨੇ ਟਵੀਟ ਕੀਤਾ ਹੈ ਕਿ "ਬਹੁਤ ਸਾਰੀਆਂ ਯੂਨੀਵਰਸਿਟੀਆਂ ਤੇ ਸਕੂਲ ਖੱਬੇ ਪੱਖੀ ਸੋਚ ਰਖਦੇ ਹਨ ਤੇ ਉਨਾਂ ਦੀ ਸਿੱਖਿਆ ਪ੍ਰਤੀ ਪਹੁੰਚ ਨਾਕਾਰਾਤਮਿਕ ਹੈ। ਇਸ ਲਈ ਮੈ ਵਿੱਤ ਵਿਭਾਗ ਨੂੰ ਕਹਿ ਰਿਹਾ ਹਾਂ ਕਿ ਸਿੱਖਿਆ ਸੰਸਥਾਵਾਂ ਦੇ ਟੈਕਸ ਛੋਟ ਰੁਤਬੇ ਬਾਰੇ ਮੁੜ ਪੜਚੋਲ ਕੀਤੀ ਜਾਵੇ।" ਐਸੋਸੀਏਸ਼ਨ ਆਫ ਅਮਰੀਕਨ ਯੂਨੀਵਰਸਿਟੀਜ਼ ਅਨੁਸਾਰ ਇੰਟਰਨਲ ਰੈਵਨਿਊ ਕੋਡ ਤਹਿਤ ਬਹੁ ਗਿਣਤੀ ਵਿਚ ਨਿੱਜੀ ਤੇ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਵਿਦਿਅਕ ਮੰਤਵ ਵਾਸਤੇ ਟੈਕਸ ਛੋਟ ਮਿਲੀ ਹੋਈ ਹੈ। ਉਹ ਸੰਘੀ ਕਾਨੂੰਨ ਤਹਿਤ ਛੋਟ ਦੇ ਹੱਕਦਾਰ ਹਨ। ਇਥੇ ਵਰਣਨਯੋਗ ਹੈ ਕਿ ਰਾਸ਼ਟਰਪਤੀ ਚਹੁੰਦੇ ਹਨ ਕਿ ਇਸ ਪੱਤਝੜ ਰੁੱਤੇ ਯੂਨੀਵਰਸਿਟੀਆਂ ਤੇ ਕਾਲਜ ਖੋਲ ਦਿੱਤੇ ਜਾਣ। ਉਨਾਂ ਨੇ ਇਸ ਹਫ਼ਤੇ ਦੇ ਸ਼ੁਰੂ ਵਿਚ ਹਾਵਰਡ ਯੂਨੀਵਰਸਿਟੀ ਵੱਲੋਂ ਅਕੈਡਮਿਕ ਸਾਲ 2020-2021 ਲਈ ਪੜਾਈ ਆਨ ਲਾਈਨ ਕਰਵਾਉਣ ਦੇ ਨਿਰਨੇ ਦੀ ਅਲੋਚਨਾ ਕਰਦਿਆਂ ਕਿਹਾ ਸੀ ਕਿ ਇਹ ਬੇਤੁਕੀ ਗੱਲ ਹੈ ਤੇ ਭੱਜਣ ਦਾ ਅਸਾਨ ਤਰੀਕਾ ਹੈ। ਲੰਘੇ ਵੀਰਵਾਰ ਰਾਸ਼ਟਰਪਤੀ ਨੇ ਐਲਾਨ ਕੀਤਾ ਸੀ ਕਿ "ਸਕੂਲ ਹਰ ਹਾਲਤ ਵਿਚ ਖੋਲੇ ਜਾਣਗੇ ਹਾਲਾਂ ਕਿ ਸਥਾਨਕ ਅਧਿਕਾਰੀਆਂ ਨੂੰ ਇਸ ਵਾਸਤੇ ਮਜਬੂਰ ਕਰਨ ਲਈ ਉਨਾਂ ਕੋਲ ਕਾਨੂੰਨੀ ਅਥਾਰਿਟੀ ਨਹੀਂ ਹੈ।"

# ਆਖਰਕਾਰ ਪਾ ਹੀ ਲਿਆ ਰਾਸ਼ਟਰਪਤੀ ਟਰੰਪ ਨੇ ਜਨਤਿਕ ਤੌਰ 'ਤੇ ਮਾਸਕ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 33,55,0000 ਤੋਂ ਪਾਰ ਹੋ ਜਾਣ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਇਕ ਫੌਜੀ ਹਸਪਤਾਲ ਦੇ ਦੌਰੇ ਦੌਰਾਨ ਮਾਸਕ ਪਹਿਨੇ ਹੋਏ ਨਜਰ ਆਏ। ਉਨਾਂ ਨੇ ਕੋਰੋਨਾ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਜਨਤਿਕ ਤੌਰ 'ਤੇ ਮਾਸਕ ਪਾਇਆ। ਰਾਸ਼ਟਰਪਤੀ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚ ਜਖਮੀ ਸੈਨਿਕਾਂ ਤੇ ਕੋਰੋਨਾ ਵਾਇਰਸ ਨਾਲ ਮੋਹਰਲੀ ਕਤਾਰ ਵਿਚ ਲੜ ਰਹੇ ਮੈਡੀਕਲ ਵਰਕਰਾਂ ਦਾ ਹਾਲ ਚਾਲ ਪੁੱਛਣ ਲਈ ਗਏ ਸਨ। ਇਸ ਮੌਕੇ ਉਨਾਂ ਕਿਹਾ ਕਿ ਮੈ ਕਦੀ ਵੀ ਮਾਸਕ ਪਾਉਣ ਦੇ ਵਿਰੁੱਧ ਨਹੀਂ ਰਿਹਾ ਪਰੰਤੂ ਮੇਰਾ ਵਿਸ਼ਵਾਸ਼ ਹੈ ਕਿ ਮਾਸਕ ਪਾਉਣ ਲਈ ਉਚਿੱਤ ਜਗਾ ਤੇ ਸਮਾਂ ਹੋਣਾ ਜਰੂਰੀ ਹੈ। ਘੰਟੇ ਤੋਂ ਵੀ ਘੱਟ ਸਮੇਂ ਦੇ ਦੌਰੇ ਦੌਰਾਨ ਰਾਸ਼ਟਰਪਤੀ ਨੇ ਨੀਲੇ ਰੰਗ ਦਾ ਮਾਸਕ ਪਹਿਨਿਆ। ਉਨਾਂ ਨਾਲ ਗਏ ਵਾਈਟ ਹਾਊਸ ਚੀਫ ਆਫ ਸਟਾਫ ਮਾਰਕ ਮੀਡੋਜ ਤੇ ਸੀਕਰਟ ਸਰਵਿਸ ਦੇ ਅਧਿਕਾਰੀਆਂ ਨੇ ਵੀ ਮਾਸਕ ਪਾਏ ਹੋਏ ਸਨ।

**ਪੀੜਤ ਮਰੀਜ਼ਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ-** ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਪੀੜਤਾਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਪੀੜਤਾਂ ਦੀ ਕੁਲ ਗਿਣਤੀ 33,55,646 ਹੋ ਗਈ ਹੈ ਜਦ ਕਿ ਹੁਣ ਤੱਕ 14,90,446 ਮਰੀਜ਼ ਠੀਕ ਹੋ ਚੁੱਕੇ ਹਨ। 1,37,403 ਮਰੀਜ਼ ਦਮ ਤੋੜ ਚੁੱਕੇ ਹਨ। ਹਾਲਾਂ ਕਿ ਮਰੀਜ਼ਾਂ ਦੀ ਗਿਣਤੀ ਦਾ ਵਧਣਾ ਚਿੰਤਾ ਦਾ ਵਿਸ਼ਾ ਹੈ ਪਰ ਇਹ ਰਿਪੋਰਟ ਰਾਹਤ ਦੇਣ ਵਾਲੀ ਹੈ ਕਿ ਮਰੀਜ਼ਾਂ ਦੇ ਠੀਕ ਹੋਣ ਦੀ ਦਰ 92% ਹੋ ਗਈ ਹੈ।

# ਟੈਕਸਸ ਵਿਚ 2 ਪੁਲਿਸ ਅਧਿਕਾਰੀਆਂ ਦੀ ਗੋਲੀਆਂ ਮਾਰਕੇ ਹੱਤਿਆ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਦੱਖਣੀ ਟੈਕਸਸ ਵਿਚ ਦੋ ਪੁਲਿਸ ਅਧਿਕਾਰੀਆਂ ਦੀ ਗੋਲੀਆਂ ਮਾਰਕੇ ਉਸ ਵੇਲੇ ਹੱਤਿਆ ਕਰ ਦਿੱਤੀ ਜਦ ਉਹ ਇਕ ਐਮਰਜੈਂਸੀ ਫੋਨ ਆਉਣ 'ਤੇ ਮੌਕੇ ਉਪਰ ਜਾ ਰਹੇ ਸਨ। ਜਨਤਿਕ ਸੁਰੱਖਿਆ ਵਿਭਾਗ ਦੇ ਬੁਲਾਰੇ ਲੈਫਟੀਨੈਂਟ ਕ੍ਰਿਸਟੋਫਰ ਓਲੀਵਰੇਜ਼ ਨੇ ਦਸਿਆ ਕਿ ਪੁਲਿਸ ਅਫਸਰਾਂ ਨੂੰ ਮੈਕਏਲਨ ਸ਼ਹਿਰ ਦੇ ਦੱਖਣ ਵਿਚ ਗੋਲੀ ਮਾਰੀ ਗਈ। ਉਨਾਂ ਨੂੰ ਨਜ਼ਦੀਕੀ ਹਸਪਤਾਲ ਵਿਚ ਲਿਜਾਇਆ ਗਿਆ ਪਰ ਉਹ ਬਚਾਏ ਨਹੀਂ ਜਾ ਸਕੇ। ਇਕ ਸ਼ੱਕੀ ਹਮਲਾਵਰ ਦੇ ਵੀ ਗੋਲੀ ਲੱਗੀ ਹੈ ਪਰ ਉਸ ਦੀ ਹਾਲਤ ਬਾਰੇ ਤੁਰੰਤ ਪਤਾ ਨਹੀਂ ਲੱਗ ਸਕਿਆ। ਮੈਕਏਲਨ ਪੁਲਿਸ ਮੁਖੀ ਵਿਕਟਰ ਰੋਡਰਿਜਜ ਨੇ ਕਿਹਾ ਹੈ ਕਿ ਅਸੀਂ ਆਪਣੇ ਦੋ ਜਵਾਨ ਗਵਾ ਲਏ ਹਨ ਜੋ ਸਾਡੇ ਸ਼ਹਿਰ ਵਿਚ ਕੇਵਲ ਸ਼ਾਂਤੀ ਬਣਾਈ ਰਖਣ ਲਈ ਕੰਮ ਕਰਦੇ ਸਨ। ਉਨਾਂ ਦਸਿਆ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਅਜੇ ਹੋਰ ਵੇਰਵੇ ਨਹੀਂ ਮਿਲ ਸਕੇ।

# ਜੇਲਾਂ ਵਿਚ ਕੋਰੋਨਾ ਫੈਲਣ ਦੇ ਡਰ ਕਾਰਨ ਕੈਲੀਫੋਰਨੀਆ 8000 ਕੈਦੀ ਰਿਹਾਅ ਕਰੇਗਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਕੈਲੀਫੋਰਨੀਆ ਦੀਆਂ ਜੇਲਾਂ ਵਿਚ ਬੰਦ 8000 ਕੈਦੀਆਂ ਨੂੰ ਅਗਸਤ ਤੱਕ ਰਿਹਾਅ ਕੀਤਾ ਜਾ ਸਕਦਾ ਹੈ। ਇਹ ਐਲਾਨ ਰਾਜ ਦੇ ਕੋਰੈਕਸ਼ਨਜ ਐਂਡ ਰੀਹੈਬਲੀਟੇਸ਼ਨ ਵਿਭਾਗ ਨੇ ਕੀਤਾ ਹੈ। ਕੈਲੀਫੋਰਨੀਆ ਦੇ ਸੁਰਖਿਆ ਤੇ ਨਿਆਂ ਬਾਰੇ ਡਾਇਰੈਕਟਰ ਜੇ ਜੋਰਡਨ ਨੇ ਕਿਹਾ ਹੈ ਕਿ ਜੇਲਾਂ ਵਿਚ ਬਹੁਤ ਸਾਰੇ ਲੋਕ ਮਾੜੇ ਸਿਹਤ ਵਾਤਾਵਰਣ ਵਿਚ ਰਹਿ ਰਹੇ ਹਨ ਇਸ ਲਈ ਇਨਾਂ ਨੂੰ ਰਿਹਾਅ ਕਰਨਾ ਬੇਹਤਰ ਰਹੇਗਾ। ਕੋਰੋਨਾ ਮਹਾਮਾਰੀ ਸ਼ੁਰੂ ਹੋਣ ਤੋਂ ਬਾਅਦ ਤਕਰੀਬਨ 10000 ਕੈਦੀ ਛੱਡੇ ਜਾ ਚੁੱਕੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

## ਦੱਰਿਆਂ ਤੇ ਦਰਿਆਵਾਂ ਸੰਗ - 11

# ਨਾਮਗਿਆਲ ਘਰਾਣੇ ਦੀ ਪ੍ਰਾਚੀਨ ਰਾਜਧਾਨੀ



- ਪ੍ਰੀਤਮ ਰੁਪਾਲ

ਸਾਡੇ ਲੇਹ ਪਹੁੰਚਦਿਆਂ ਦੁਪਹਿਰ ਢਲਣੀ ਸ਼ੁਰੂ ਹੋ ਗਈ ਸੀ। ਇਸ ਰਸਤੇ 'ਤੇ ਸਾਡਾ ਇਹ ਤੀਜਾ ਗੇੜਾ ਸੀ ਇਸ ਲਈ ਬਹੁਤਿਆਂ ਨੂੰ ਆਲੇ ਦੁਆਲੇ ਦੇ ਦ੍ਰਿਸ਼ ਵੇਖਣ ਵਿਚ ਹੁਣ ਕੋਈ ਖ਼ਾਸ ਦਿਲਚਸਪੀ ਨਹੀਂ ਸੀ ਰਹੀ। ਪੈਂਗੌਂਗ ਝੀਲ ਅਤੇ ਚਾਂਗ ਚੈਨਮੋ ਪਹਾੜੀਆਂ ਦੇ ਦ੍ਰਿਸ਼ ਵੇਖ ਕੇ ਉਂਝ ਵੀ ਇਨਾਂ ਵੱਲ ਧਿਆਨ ਘੱਟ ਹੀ ਜਾਂਦਾ ਸੀ। ਲੇਹ ਸ਼ਹਿਰ ਤੱਕ ਪਹੁੰਚਣ ਤੋਂ ਪਹਿਲਾਂ ਦੋ ਚੀਜ਼ਾਂ ਨੇ ਮੇਰਾ ਧਿਆਨ ਜ਼ਰੂਰ ਖਿਚਿਆ। ਇਹ ਸਿੰਧ ਦਰਿਆ ਦੇ ਪਰਲੇ ਪਾਸੇ ਜ਼ਾਂਸਕਰ ਪਰਬਤ ਮਾਲਾ ਵਿਚ ਵਸੇ ਦੋ ਇਤਿਹਾਸਕ ਪਿੰਡ ਸਤਾਕਨਾ ਅਤੇ ਸਤੋਕ ਸਨ। ਸਤਾਕਨਾ ਦਾ ਬੋਧੀ ਮੱਠ, ਕਾਰੂ ਤੋਂ ਥੋੜਾ ਲੇਹ ਵੱਲ ਜਾਂਦਿਆਂ ਹੀ ਨਜ਼ਰੀਂ ਪੈ ਜਾਂਦਾ ਹੈ। ਇਥੇ ਲੇਹ ਦੇ ਪੁਰਾਣੇ ਨਾਮਗਿਆਲ ਰਾਜੇ ਆਉਂਦੇ ਰਹੇ ਹਨ ਅਤੇ ਇਹ ਮੱਠ ਤਿੱਬਤੀ ਬੋਧੀ ਸੰਪਰਦਾਇ ਕਾਰ-ਗਯੂਤ ਪਾ ਨਾਲ ਸੰਬੰਧਤ ਹੈ ਜੋ ਸਿਰ 'ਤੇ ਲਾਲ ਰੰਗ ਦਾ ਟੋਪ ਪਹਿਨਦੇ ਹਨ। ਸਤੋਕ ਪਿੰਡ ਲੇਹ ਦੇ ਬਿਲਕੁਲ ਨੇੜੇ ਪੈਂਦਾ ਹੈ ਜਿਥੇ ਨਾਮਗਿਆਲ ਰਾਜ ਘਰਾਣੇ ਦਾ ਪੁਰਾਣਾ ਮਹਿਲ ਵੀ ਬਣਿਆ ਹੋਇਆ ਹੈ ਅਤੇ ਇਥੇ ਇਸ ਰਾਜ ਘਰਾਣੇ ਅਤੇ ਲੱਦਾਖੀ ਸਭਿਆਚਾਰ ਨਾਲ ਸੰਬੰਧਤ ਚੀਜ਼ਾਂ ਦਾ ਇਕ ਅਜਾਇਬ ਘਰ ਵੀ ਹੈ। ਲੱਦਾਖ ਦਾ ਰਾਜ ਅਤੇ ਤਖ਼ਤ ਖੁੱਸਣ ਮਗਰੋਂ ਇਹ ਸ਼ਾਹੀ ਪਰਿਵਾਰ ਦੀ ਨਿਜੀ ਜਾਇਦਾਦ ਵਜੋਂ ਬਚਿਆ ਹੋਇਆ ਇਲਾਕਾ ਹੈ। ਇਥੇ ਵੀ ਇਕ ਛੋਟਾ ਮੱਠ ਹੈ।

ਲੇਹ ਸ਼ਹਿਰ ਵਿਚ ਵੜਦਿਆਂ ਹੀ ਸਾਰੇ ਥੋੜੀ ਬਹੁਤੀ ਖਰੀਦਦਾਰੀ ਵਿਚ ਰੁੱਝ ਗਏ। ਇਥੋਂ ਦੇ ਧਾਤ ਅਤੇ ਕੀਮਤੀ ਪੱਥਰਾਂ ਦੇ ਬਣੇ ਗਹਿਣੇ ਤੇ ਹੋਰ ਸਜਾਵਟੀ ਚੀਜ਼ਾਂ ਬਹੁਤ ਮਸ਼ਹੂਰ ਹਨ। ਅਸੀਂ ਸ਼ਹਿਰ ਵਿਚ ਜ਼ਿਆਦਾ ਸਮਾਂ ਇਸ ਲਈ ਨਹੀਂ ਸੀ ਰੁਕ ਸਕਦੇ ਕਿਉਂਕਿ ਅਸੀਂ ਰਾਤ ਤੱਕ ਕਰਗਿਲ ਪਹੁੰਚਣਾ ਸੀ। ਲੇਹ ਸ਼ਹਿਰ ਦੀ ਖ਼ੂਬਸੂਰਤੀ ਜੋ ਕਿਸੇ ਸਮੇਂ ਸ਼ਹਿਰ ਦੀ ਐਨ ਉਪਰਲੀ ਪਹਾੜੀ 'ਤੇ ਬਣਿਆ ਸ਼ਾਹੀ ਮਹੱਲ ਸੀ ਹੁਣ ਇਸ ਦੇ ਬਾਜ਼ਾਰਾਂ, ਚੌੜੀਆਂ ਸੜਕਾਂ ਅਤੇ ਸ਼ਾਂਤੀ ਸਤੂਪ ਵਿਚ ਬਦਲ ਚੁੱਕੀ ਸੀ।

10ਵੀਂ ਸਦੀ ਵਿਚ ਲੱਦਾਖ ਇਕ ਅਜ਼ਾਦ ਰਿਆਸਤ ਸੀ ਜੋ ਪੁਰਾਣੇ ਤਿੱਬਤੀ ਰਾਜਿਆਂ ਦੇ ਰਾਜ ਪ੍ਰਬੰਧ ਹੇਠ ਚਲਦੀ ਸੀ। 17ਵੀਂ ਸਦੀ ਵਿਚ ਇਥੇ ਸੇਨਗੇ ਨਾਮਗਿਆਲ ਨਾਂ ਦਾ ਸ਼ਕਤੀਸ਼ਾਲੀ ਰਾਜਾ ਹੋਇਆ ਜਿਸ ਦਾ ਰਾਜ ਪ੍ਰਬੰਧ ਸਿੰਧ ਦੀ ਇਸ ਵਿਸ਼ਾਲ ਵਾਦੀ ਸਮੇਤ ਲਹੌਲ ਸਪਿਤੀ ਤੱਕ ਫੈਲਿਆ ਹੋਇਆ ਸੀ। ਇਹ ਅਸਲ ਵਿਚ ਪੰਜਾਬ ਅਤੇ ਮੱਧ ਏਸ਼ੀਆ ਵਿਚਕਾਰ ਇਕ ਵਪਾਰਕ ਲਾਂਘਾ ਸੀ ਅਤੇ ਲੱਦਾਖ ਇਸ ਵਪਾਰ ਦਾ ਵੱਡਾ ਕੇਂਦਰ ਬਣ ਗਿਆ ਸੀ। ਅੰਮ੍ਰਿਤਸਰ ਤੋਂ ਲੈ ਕੇ ਮੱਧ ਏਸ਼ੀਆਈ ਸ਼ਹਿਰਾਂ ਯਾਰਕੰਦ ਅਤੇ ਖੋਤਾਨ ਤੱਕ ਇਸ ਰਸਤਿਓਂ ਕੱਪੜਾ, ਗਰਮ ਮਸਾਲੇ, ਕੱਚਾ ਰੇਸ਼ਮ, ਗਲੀਚੇ ਵਗੈਰਾ ਦਾ ਵਪਾਰ ਹੁੰਦਾ ਸੀ। ਉਸ ਸਮੇਂ ਦੇ ਢੋਆ ਢੁਆਈ ਦੇ ਸਾਧਨ ਟੱਟੂਆਂ (ਛੋਟੇ ਘੋੜੇ) ਰਾਹੀਂ ਅੰਮ੍ਰਿਤਸਰ ਤੋਂ ਯਾਰਕੰਦ ਤੱਕ ਦੋ ਮਹੀਨੇ ਦਾ ਸਮਾਂ ਲੱਗਦਾ ਸੀ ਅਤੇ ਲੇਹ ਇਸ ਦੇ ਐਨ ਅੱਧ ਵਿਚਕਾਰ ਪੈਂਦਾ ਸੀ। ਪੂਰਬੀ ਲੱਦਾਖ ਅਤੇ ਪੱਛਮੀ ਤਿੱਬਤ ਦੇ ਪਠਾਰਾਂ ਤੋਂ ਪਸ਼ਮੀਨਾ ਬੱਕਰੀ ਦੀ ਨਰਮ ਜੱਤ ਤੋਂ ਬਣੀ ਪਸ਼ਮ ਇਸ ਸਥਾਨ ਤੋਂ ਹੇਠਾਂ ਜੰਮੂ ਅਤੇ ਮੈਦਾਨੀ ਇਲਾਕਿਆਂ ਵਿਚ ਆਉਂਦੀ ਸੀ। ਜੰਮੂ ਦੇ ਮਹਾਰਾਜਾ ਗੁਲਾਬ ਸਿੰਘ ਨੇ 19ਵੀਂ ਸਦੀ ਦੇ ਸ਼ੁਰੂ ਵਿਚ ਲੱਦਾਖ ਉਪਰ ਹਮਲਾ ਕਰਨ ਦੀ ਵਿਉਂਤ ਬਣਾਈ। ਉਸ ਨੇ 1834 ਈ. ਵਿਚ ਆਪਣੇ ਜਰਨੈਲ ਜ਼ੋਰਾਵਰ ਸਿੰਘ ਨੂੰ ਲੱਦਾਖ ਉਪਰ ਹਮਲਾ ਕਰਨ ਲਈ ਭੇਜਿਆ। ਉਸ ਸਮੇਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਅਤੇ ਕਈ ਇਤਿਹਾਸਕਾਰ ਲਿਖਦੇ ਹਨ ਕਿ ਇਹ ਹਿੱਸਾ ਵੀ ਰਣਜੀਤ ਸਿੰਘ ਦੇ ਰਾਜ ਦਾ ਹਿੱਸਾ ਬਣ ਗਿਆ ਸੀ। ਕੋਈ ਇਕ ਦਹਾਕਾ ਲੜਾਈ ਅਤੇ ਦੰਗੇ ਫਸਾਦ ਚਲਦੇ ਰਹੇ। ਉਤਰੀ ਭਾਰਤ ਵਿਚ ਅੰਗਰੇਜ਼ਾਂ ਦੇ ਕਾਬਜ਼ ਹੋਣ ਮਗਰੋਂ ਇਹ ਇਲਾਕਾ ਵੀ ਬਰਤਾਨਵੀਂ ਹਕੂਮਤ ਦੇ ਅਧਿਕਾਰ ਵਿਚ ਆ ਗਿਆ। ਅੰਗਰੇਜ਼ਾਂ ਨੇ ਲੱਦਾਖ ਅਤੇ ਬਾਲਤੀਸਤਾਨ ਰਿਆਸਤ ਨੂੰ ਇਕੱਠਾ ਕਰ ਕੇ ਜੰਮੂ ਕਸ਼ਮੀਰ ਸੂਬੇ ਵਿਚ ਮਿਲਾ ਦਿਤਾ। 1947 ਦੇ ਬਟਵਾਰੇ ਸਮੇਂ ਬਾਲਤੀਸਤਾਨ ਪਾਕਿਸਤਾਨ ਵਿਚ ਚਲਾ ਗਿਆ ਅਤੇ ਲੱਦਾਖ ਭਾਰਤ ਦਾ ਹਿੱਸਾ ਬਣਿਆ ਰਿਹਾ।



ਨਾਮਗਿਆਲ ਰਾਜਿਆਂ ਵਲੋਂ ਲੇਹ ਵਿਚ ਬਣਾਏ ਗਏ 9 ਮੰਜ਼ਿਲਾ ਮਹੱਲ ਦੇ ਖੰਡਰ ਅੱਜ ਵੀ ਸ਼ਾਹੀ ਠਾਠ ਬਾਠ ਦੀ ਸ਼ਾਹਦੀ ਭਰਦੇ ਹਨ। ਇਹ ਮਹੱਲ ਤਿੱਬਤ ਦੀ ਰਾਜਧਾਨੀ ਲਹਾਸਾ ਵਿਚ ਬਣੇ ਪੋਟਾਲਾ ਮਹੱਲ ਦੀ ਹੂਬਹੂ ਸ਼ਕਲ ਅਤੇ ਆਕਾਰ ਦਾ ਮਹੱਲ ਸੀ।

ਲੇਹ ਦੇ ਮੁੱਖ ਬਾਜ਼ਾਰ ਵਿਚ ਹੇਠਾਂ ਜਾ ਕੇ ਇਕ ਬੋਧੀ ਮੰਦਰ ਹੈ ਜੋ ਆਧੁਨਿਕ ਕਿਸਮ ਦਾ ਧਾਰਮਿਕ ਸਥਾਨ ਹੈ। ਇਸ ਦੇ ਸਾਹਮਣੇ ਇਕ ਪੁਰਾਤਨ ਮਸਜਿਦ ਹੈ ਜੋ 17ਵੀਂ ਸਦੀ ਦੀ ਬਣੀ ਹੋਈ ਹੈ। ਮੁੱਖ ਬਾਜ਼ਾਰ ਦੇ ਪਿਛਲੇ ਪਾਸੇ ਇਸ ਦੇ ਸਮਾਨੰਤਰ ਛੋਟਾ ਬਾਜ਼ਾਰ ਹੈ ਜੋ ਚਾਂਗ ਗਲੀ ਦੇ ਨਾਂ ਨਾਲ ਮਸ਼ਹੂਰ ਹੈ। ਇਥੇ ਤਾਂਬੇ ਚਾਂਦੀ ਤੇ ਕੀਮਤੀ ਪੱਥਰਾਂ ਦੇ ਗਹਿਣੇ ਅਤੇ ਔਰਤਾਂ ਦੇ ਵਸਤਰ ਵਗੈਰਾ ਮਿਲਦੇ ਹਨ। ਇਸ ਦੇ ਨੇੜੇ ਹੀ ਪੁਰਾਣਾ ਤਾਂਬਾ ਬਾਜ਼ਾਰ ਹੈ ਜਿਥੇ ਤਾਂਬੇ ਦੇ ਬਰਤਨ ਬਣਦੇ ਹਨ। ਹੇਠਾਂ ਮੁੱਖ ਸੜਕ 'ਤੇ ਮੋਰੇਵੀਅਨ ਗਿਰਜਾ ਘਰ ਨੇੜਿਓਂ ਮੁੜਦੀ ਇਕ ਹੋਰ ਸੜਕ ਚਾਂਗਪਾ ਪਿੰਡ ਨਾਲ ਜੋੜਦੀ ਹੈ ਜੋ ਹੁਣ ਲੇਹ ਦਾ ਹੀ ਸ਼ਹਿਰੀ ਭਾਗ ਬਣ ਗਿਆ ਹੈ। ਬਾਜ਼ਾਰ ਤੋਂ ਹੇਠਲੀ ਵਾਦੀ ਵਿਚ ਮਨਾਲੀ-ਸ੍ਰੀਨਗਰ ਸੜਕ ਦੇ ਨੇੜੇ ਜ਼ੋਰਾਵਰ ਸਿੰਘ ਦਾ ਕੱਚਾ ਕਿਲਾ ਹੈ। ਇਹ ਹੁਣ ਫੌਜ ਵਲੋਂ ਵਰਤਿਆ ਜਾ ਰਿਹਾ ਹੈ।

ਅਸੀਂ ਬਾਜ਼ਾਰ ਦੀ ਖਰੀਦਦਾਰੀ ਮਗਰੋਂ ਸ੍ਰੀਨਗਰ ਵੱਲ ਰਵਾਨਗੀ ਪਾ ਦਿਤੀ। ਹਵਾਈ ਅੱਡਾ ਲੰਘ ਕੇ ਇਕ ਪੈਟਰੋਲ ਪੰਪ ਤੋਂ ਤੇਲ ਪੁਆਇਆ। ਇਥੋਂ 8 ਕੁ ਕਿਲੋਮੀਟਰ ਅੱਗੇ ਜਾ ਕੇ ਪਿਤਕ ਪਿੰਡ ਪਹੁੰਚੇ ਜਿਥੇ ਇਕ ਪਥਰੀਲੀ ਪਹਾੜੀ ਦੀ ਬੁੱਕਲ ਵਿਚ ਬੋਧੀ ਮੱਠ ਬਣਿਆ ਹੋਇਆ ਹੈ। ਪਿਤਕ ਮੱਠ ਵੀ ਲੱਦਾਖ ਦੇ ਪ੍ਰਾਚੀਨ ਬੋਧੀ ਗੋਂਪਿਆ ਵਿਚੋਂ ਇਕ ਹੈ। ਅੱਗੋਂ ਸੜਕ ਫਿਰ ਸਿੰਧ ਦਰਿਆ ਦੇ ਬਿਲਕੁਲ ਨਾਲ ਚਲੀ ਗਈ। ਇਥੇ ਆ ਕੇ ਵਾਦੀ ਭਾਵੇਂ ਫਿਰ ਸੁੰਗੜ ਗਈ ਪਰ ਇਹ ਇਲਾਕਾ ਇਕ ਪਠਾਰ ਵਾਂਗ ਜਾਪਦਾ ਸੀ। ਸੜਕ ਦੇ ਉਪਰ ਬਣੇ ਗੁਰਦੁਆਰਾ ਪੱਥਰ ਸਾਹਿਬ ਅੱਗੇ ਜਾ ਕੇ ਗੱਡੀਆਂ ਰੁਕੀਆਂ। ਇਸ ਗੁਰਦੁਆਰੇ ਦਾ ਪ੍ਰਬੰਧ ਅਤੇ ਰੱਖ ਰਖਾਅ ਇਸ ਇਲਾਕੇ ਵਿਚ ਤੈਨਾਤ ਫੌਜੀ ਯੂਨਿਟਾਂ ਵਲੋਂ ਹੀ ਕੀਤਾ ਜਾਂਦਾ ਹੈ। ਉਂਝ ਇਥੇ ਸਥਾਈ ਤੌਰ 'ਤੇ ਗ੍ਰੰਥੀ ਅਤੇ ਹੋਰ ਸੇਵਾਦਾਰ ਰੱਖੇ ਹੋਏ ਹਨ। ਇਸ ਗੁਰਦੁਆਰੇ ਦਾ ਸੰਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਨਾਲ ਜੋੜਿਆ ਜਾਂਦਾ ਹੈ। ਇਕ ਸਾਖੀ ਮੁਤਾਬਿਕ ਗੁਰੂ ਸਾਹਿਬ ਆਪਣੀ ਤਿੱਬਤ ਦੀ ਯਾਤਰਾ ਦੌਰਾਨ ਇਥੇ ਰੁਕੇ ਸਨ ਅਤੇ ਇਕ ਦਿਉ ਦਾ ਸੁਧਾਰ ਕੀਤਾ ਸੀ। ਸਥਾਨਕ ਲੋਕ ਇਸ ਜਗਾ ਨੂੰ ਨਾਨਕ ਲਾਮਾ ਦੇ ਸਥਾਨ ਨਾਲ ਜਾਣਦੇ ਹਨ। ਇਹ ਲੇਹ ਸ਼ਹਿਰ ਤੋਂ ਕੋਈ 25 ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਇਹ ਸਮੁੰਦਰੀ ਤਲ ਤੋਂ 12000 ਫੁੱਟ ਦੀ ਉਚਾਈ 'ਤੇ ਸਥਿਤ ਹੈ।

ਇਥੇ ਰੁਕ ਕੇ ਸਾਰਿਆਂ ਨੇ ਮੱਥਾ ਟੇਕਿਆ ਅਤੇ ਚਾਹ ਦਾ ਲੰਗਰ ਛਕਿਆ। ਇਥੇ ਇਕ ਛੋਟੇ ਜਿਹੇ ਬੋਰਡ 'ਤੇ ਲਿਖਿਆ ਹੋਇਆ ਸੀ 'ਮੈਗਨੈਟਿਕ ਹਿੱਲ'। ਇਸ ਤੋਂ ਅੱਗੇ ਇਕ ਹੋਰ ਵੱਡੇ ਬੋਰਡ 'ਤੇ ਲਿਖਿਆ ਸੀ 'ਤੁਸੀਂ ਆਪਣੀ ਮੋਟਰ ਕਾਰ ਨਿਊਟਰਲ ਕਰ ਦਿਉ ਇਹ ਆਪਣੇ ਆਪ ਪਹਾੜੀ ਚੜਾਈ ਚੜ ਜਾਵੇਗੀ।' ਅਸੀਂ ਵੀ ਇਹ ਤਜਰਬਾ ਕਰਕੇ ਵੇਖਿਆ। ਸਾਡੀ ਜੀਪ ਨਿਊਟਰਲ ਕਰਨ ਮਗਰੋਂ ਇਹ ਕੁਝ ਕੁ ਫੁੱਟ ਅੱਗੇ ਸਰਕੀ ਫਿਰ ਰੁਕ ਗਈ। ਇਥੋਂ ਫਿਰ ਸਾਡੀਆਂ ਤਿੰਨੇ ਜੀਪਾਂ ਬਾਕਾਇਦਾ ਕਾਫ਼ਲਾ ਬਣਾ ਕੇ ਆਪਣੀ ਤਰਤੀਬ ਮੁਤਾਬਿਕ ਕਰਗਿਲ ਲਈ ਚੱਲ ਪਈਆਂ। ਨਿੰਮੂ ਪਿੰਡ ਨੇੜੇ ਸਿੰਧ ਅਤੇ ਖੱਬੇ ਪਾਸਿਓਂ ਆ ਰਹੇ ਜ਼ਾਂਸਕਰ ਦਰਿਆ ਦਾ ਸੰਗਮ ਵੇਖਣ ਵਾਲਾ ਸੀ। ਸਿੰਧ ਦਰਿਆ ਦਾ ਗਹਿਰਾ ਨੀਲਾ ਅਤੇ ਜ਼ਾਂਸਕਰ ਦਾ ਪਿਲੱਤਣ ਵਾਲਾ ਪਾਣੀ ਇਥੇ ਇਕ ਮਿਕ ਹੋ ਕੇ ਮਟਮੈਲੇ ਜਿਹੇ ਰੰਗ ਵਿਚ ਬਦਲ ਜਾਂਦੇ ਹਨ ਜੋ ਥੋੜਾ ਅੱਗੇ ਜਾ ਕੇ ਫਿਰ ਨੀਲਾ ਹੋ ਜਾਂਦਾ ਹੈ। ਹੁਣ ਸਾਡੀਆਂ ਜੀਪਾਂ ਪੂਰੀ ਰਫ਼ਤਾਰ ਨਾਲ ਦੌੜ ਰਹੀਆਂ ਸਨ। ਨਿੰਮੂ ਕਾਫ਼ੀ ਵੱਡਾ ਕੇਂਦਰ ਹੈ ਜਿਥੇ ਫੌਜੀ ਚੌਕੀ ਵੀ ਹੈ। ਅਸੀਂ ਨਿੰਮੂ ਤੋਂ ਅੱਗੇ ਲੰਘ ਕੇ ਸਸਪੋਲ ਪਹੁੰਚੇ। ਇਥੇ ਛੋਟੇ ਛੋਟੇ ਬੱਚੇ ਸੜਕ ਕਿਨਾਰੇ ਖੜੇ ਮਟਰ ਵੇਚ ਰਹੇ ਸਨ। ਅਸੀਂ ਇਹ ਸੋਚ ਕੇ ਦੋ ਤਿੰਨ ਡੱਬੇ ਮਟਰਾਂ ਦੇ ਖਰੀਦ ਲਏ ਕਿ ਅਗਲੇ ਟਿਕਾਣੇ 'ਤੇ ਪਹੁੰਚ ਕੇ ਸਬਜ਼ੀ ਬਣਾਵਾਂਗੇ। ਤਾਜ਼ੇ ਮਟਰਾਂ ਦੇ ਜਦ ਦਾਣੇ ਕੱਢ ਕੇ ਖਾਧੇ ਇਹ ਇੰਨੇ ਮਿੱਠੇ ਸਨ ਕਿ ਅਸੀਂ ਪੰਜ ਜਣੇ ਸਾਰੇ ਮਟਰ ਕੱਚੇ ਹੀ ਖਾ ਗਏ।

ਫਿਰ ਅਸੀਂ ਨੁਰਲਾ ਪਹੁੰਚ ਗਏ। ਨੁਰਲਾ ਇਕ ਰੇਸਤਰਾਂ ਵਰਗੇ ਆਲੀਸ਼ਾਨ ਢਾਬੇ 'ਤੇ ਰੁਕ ਕੇ ਚਾਹ ਪੀਤੀ। ਢਾਬੇ ਦੇ ਬਿਲਕੁਲ ਨਾਲ ਲੱਦਾਖ ਰੇਂਜ ਦੀਆਂ ਪਹਾੜੀਆਂ ਵਿਚੋਂ ਨੁਰਲਾ ਨਾਲਾ ਸਿੰਧ ਦਰਿਆ ਵਿਚ ਡਿੱਗ ਰਿਹਾ ਸੀ। ਇਥੇ ਦਰਿਆ ਪੂਰੇ ਜਲੌਅ ਵਿਚ ਸੀ ਪਾਣੀ ਦੇ ਵਹਿਣ ਦੀ ਅਵਾਜ਼ ਬੜੀ ਸ਼ੋਰੀਲੀ ਸੀ। ਇਥੇ ਸਾਨੂੰ ਪੰਜਾਬੀ ਟਰੱਕ ਡਰਾਈਵਰ ਮਿਲੇ ਜਿਨਾਂ ਨੂੰ ਇਸ ਇਲਾਕੇ ਬਾਰੇ ਕਾਫ਼ੀ ਗਿਆਨ ਸੀ। ਉਨਾਂ ਨੇ ਸਾਨੂੰ ਦੱਸਿਆ ਕਿ ਖਾਣ ਪੀਣ ਦਾ ਸਮਾਨ ਇਸ ਤੋਂ ਅਗਲੇ ਸ਼ਹਿਰ ਖਾਲਸੀ ਤੋਂ ਹੀ ਮਿਲੇਗਾ ਅਤੇ ਉਸ ਤੋਂ ਅੱਗੇ ਕਰਗਿਲ ਤੱਕ ਕੁਝ ਨਹੀਂ ਮਿਲਦਾ।

ਨੁਰਲਾ ਤੋਂ ਚੱਲ ਕੇ ਅਸੀਂ ਖਾਲਸੀ ਪਹੁੰਚੇ। ਇਹ ਬਹੁਤਾ ਵੱਡਾ ਸ਼ਹਿਰ ਤਾਂ ਭਾਵੇਂ ਨਹੀਂ ਸੀ ਪਰ ਇਥੇ ਸੜਕ ਦੇ ਉਪਰ ਹੀ ਬਾਜ਼ਾਰ ਸੀ ਜਿਥੇ ਕਾਫੀ ਦੁਕਾਨਾਂ ਸਨ। ਇਥੋਂ ਬਰੈਡ, ਸਬਜ਼ੀਆਂ ਅਤੇ ਖਾਣ ਪੀਣ ਦਾ ਹੋਰ ਸਮਾਨ ਖਰੀਦਿਆ। ਖਾਲਸੀ ਤੋਂ ਥੋੜਾ ਅੱਗੇ ਜਾ ਕੇ ਅਸੀਂ ਸਿੰਧ ਦਰਿਆ ਉਪਰ ਬਣਿਆ ਪੁਲ ਪਾਰ ਕੀਤਾ। ਇਥੋਂ ਇਹ ਸੜਕ ਸਿੱਧੀ ਦਾਹ ਨੂੰ ਚਲੀ ਜਾਂਦੀ ਹੈ। ਅਸੀਂ ਫਾਤੂ ਲਾ (ਦੱਰੇ) ਵੱਲ ਪਹਾੜੀ ਚੜਾਈ ਸ਼ੁਰੂ ਕਰ ਦਿਤੀ। ਇਹ ਸੜਕ ਘੁੰਮਣ ਘੇਰੀ ਨਾਲ ਪਹਾੜੀ ਦੇ ਉਪਰ ਵੱਲ ਹੀ ਜਾ ਰਹੀ ਸੀ। ਅਸੀਂ ਸਿੰਧ ਦਰਿਆ ਬਹੁਤ ਹੇਠਾਂ ਛੱਡ ਆਏ ਸਾਂ। ਸਾਹਮਣੇ ਜ਼ਾਂਸਕਰ ਦੀਆਂ ਉਚੀਆਂ ਪਹਾੜੀਆਂ ਅਤੇ ਹਨੇਰੀਆਂ ਖੱਡਾਂ ਨਜ਼ਰ ਆ ਰਹੀਆਂ ਸਨ।




ਅੰਮ੍ਰਿਤਸਰ ਟਾਈਮਜ਼
AMRITSAR TIMES

15 ਜੁਲਾਈ 2020 ਤੋਂ 21 ਜੁਲਾਈ 2020

## ਅਜੋਕੀ ਰਾਜਨੀਤੀ ਅਤੇ ਪੰਥਕ ਰਾਹ - ਅਕਾਲੀ ਦਲ ਕੀ ਕਰਨ ?

ਤਬਦੀਲੀ ਕੁਦਰਤ ਦਾ ਬੁਨਿਆਦੀ ਸੁਭਾਅ ਹੈ। ਹਰੇਕ ਹੋਂਦ ਦਾ ਆਪਣੇ ਆਦਿ ਤੋਂ ਅੰਤ ਤੱਕ ਪਹੁੰਚਣ ਲਈ ਤਬਦੀਲੀ ਦੇ ਅਨੇਕ ਪੜਾਵਾਂ ਵਿੱਚੋਂ ਗੁਜ਼ਰਨਾ ਲਾਜ਼ਮ ਹੈ। ਜੀਵਾਂ ਦੀ ਤਰਾਂ ਜਥੇਬੰਦੀਆਂ ਵੀ ਜੰਮਦੀਆਂ, ਜਵਾਨ ਹੁੰਦੀਆਂ ਤੇ ਪ੍ਰੌੜ ਅਵਸਥਾ ਤੱਕ ਪੁੱਜਦਿਆਂ ਬਹੁਤ ਤਬਦੀਲੀਆਂ ਨਾਲ ਪੇਸ਼ੋ ਪੇਸ਼ ਹੁੰਦੀਆਂ ਅੰਤ ਫ਼ਨਾਹ ਹੁੰਦੀਆਂ ਹਨ। ਤਬਦੀਲੀਆਂ ਦੇ ਇਹਨਾ ਦੌਰਾਂ ਦੌਰਾਨ ਅਵਸਥਾ ਵਿੱਚ ਬਦਲਾਓ ਜਾਂ ਤਾਕਤ ਵਿੱਚ ਉਤਰਾਅ- ਚੜਾਅ ਆਉਣੇ ਤਾਂ ਕੁਦਰਤੀ ਵਰਤਾਰਾ ਹੈ। ਪਰ ਜਦੋਂ ਤਬਦੀਲੀਆਂ ਦੇ ਇਹਨਾ ਦੌਰਾ ਦਰਮਿਆਨ ਜੱਥੇਬੰਦੀ ਦਾ ਬੁਨਿਆਦੀ ਚਰਿੱਤਰ ਹੀ ਬਦਲ ਜਾਏ ਇਹ ਗ਼ੈਰ ਕੁਦਰਤੀ ਵਰਤਾਰਾ ਹੈ, ਜੋ ਪੜਚੋਲ ਦੀ ਮੰਗ ਕਰਦਾ ਹੈ।

ਜਿਸ ਕਾਰਜ ਲਈ ਜਿੰਨਾ ਮਨੁਖਾਂ ਨੇ ਕੋਈ ਸੰਸਥਾ ਬਣਾਈ ਹੁੰਦੀ ਹੈ, ਉਹ ਸੰਸਥਾ ਚ ਵੀ ਤੇ ਸੰਸਥਾ ਬਣਾਉਣ/ਚਲਾਉਣ ਜਾ ਓਹਦਾ ਪ੍ਰਬੰਧ ਵੇਖਣ ਵਾਲੇ ਮਨੁੱਖਾਂ ਵਿੱਚ ਵੀ ਉਤਾਰ ਚੜਾਅ ਆਉਂਦੇ ਰਹਿੰਦੇ ਹਨ। ਕਈ ਵਾਰ ਨਿਘਾਰ ਵੱਧ ਆ ਜਾਣ ਤੇ ਵੀ ਵਕਤ ਨਾਲ ਮੋੜਾ ਕੱਟ ਕੇ ਅਸਲ ਪਹਿਚਾਣ ਤੇ ਅਸਲ ਕਾਰਜ ਵੱਲ ਨੂੰ ਮੂੰਹ ਹੋ ਜਾਂਦਾ ਹੈ ਪਰ ਕਈ ਵਾਰ ਨਿਘਾਰ ਇਕ ਲਗਾਤਾਰਤਾ ਵਿੱਚ ਆ ਰਹੇ ਹੁੰਦੇ ਹਨ ਤੇ ਉੱਥੇ ਪਹੁੰਚ ਜਾਂਦੇ ਨੇ ਜਿੱਥੇ ਪਹੁੰਚ ਕੇ ਓਹਦੇ ਅਮਲ ਅਤੇ ਨਾਮ/ਕਾਰਜ ਵਿੱਚ ਜਮੀਨ ਅਸਮਾਨ ਜਿੰਨਾ ਪਾੜਾ ਪੈ ਜਾਂਦਾ ਹੈ ਤੇ ਇਸ ਸਥਿਤੀ ਨੂੰ ਘੋਖਣ ਦੀ ਵੀ ਲੋੜ ਮਹਿਸੂਸ ਨਹੀਂ ਹੋ ਰਹੀ ਹੁੰਦੀ। ਜਦੋਂ ਹਲਾਤ ਇਸ ਤਰਾਂ ਦੇ ਬਣ ਜਾਣ ਓਦੋਂ ਲੀਹੋਂ ਲਹੇ ਹੋਣ ਕਰਕੇ ਆਪਣੇ ਰਵਾਇਤੀ ਅਮਲ ਦੀ ਬਾਂਹ ਫੜਨਾ ਤਾਂ ਔਖਾ ਹੁੰਦਾ ਹੀ ਹੈ ਨਾਲ ਹੀ ਇਹ ਹਿੰਮਤ ਵੀ ਨਹੀਂ ਪੈਂਦੀ ਕਿ ਆਪਣੇ ਮੌਜਦਾ ਅਮਲ ਅਨੁਸਾਰ ਆਪਣੇ ਬਣਦੇ ਖਾਨੇ ਵਿੱਚ ਖੜਾ ਹੋਇਆ ਜਾ ਸਕੇ। ਗੁਰੂ ਗ੍ਰੰਥ ਤੇ ਗੁਰੂ ਪੰਥ ਦੀ ਨਿਆਰੇਪਣ ਦੀ ਸ਼ਾਨ ਬੁਲੰਦ ਰੱਖਣੀ ਅਤੇ ਨਿਤਾਣਿਆ ਦੀ ਧਿਰ ਬਣਨਾ (ਭਾਵ ਸਰਬਤ ਦੇ ਭਲੇ ਦੀ ਰਾਜਨੀਤੀ) ਇਹ ਦੋ ਨੁਕਤੇ ਹੀ ਖਾਲਸਾ ਪੰਥ ਦੀ ਤਵਾਰੀਖ ਦਾ ਧੁਰਾ ਹਨ। ਪਿਛਲੀ ਸਦੀ ਵਿੱਚ ਜਦੋਂ ਪੰਥ ਦਾ ਨਿਆਰਾਪਣ ਤੇ ਗੁਰੂ ਘਰ ਵਿੱਚ ਗੁਰਮਤਿ ਪਰੰਪਰਾ ਧੁੰਦਲੀ ਪੈ ਗਈ ਸੀ ਤਾਂ ਪੰਥਪ੍ਰਸਤ ਸਿੰਘਾਂ ਨੇ ੧੯੨੦ ਵਿੱਚ ਸ੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਸੀ। ਸੁਰੂਆਤ ਵਿੱਚ ਮੁੱਖ ਕਾਰਜ ਖਾਲਸਾ ਪੰਥ ਦੇ ਨਿਆਰੇਪਣ ਦੀ ਸ਼ਾਨ ਬੁਲੰਦ ਕਰਨ ਵੱਲ ਹੀ ਸੇਧਿਤ ਰਿਹਾ। ਪਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਜਾਣ ਅਤੇ ਫਿਰੰਗੀ ਸਾਮਰਾਜ ਦੇ ਅੰਤਲੇ ਸਾਲਾ ਵਿੱਚ ਅਕਾਲੀ ਦਲ ਦਾ ਸਿਆਸਤ ਨਾਲ ਵੀ ਵਾਅ-ਵਾਸਤਾ ਹੋ ਗਿਆ। ੧੯੪੭ ਵਿੱਚ ਸੱਤਾ ਦੇ ਤਬਾਦਲੇ ਤੋਂ ਬਾਅਦ ਇੰਡੀਆ ਵਿੱਚ ਵੋਟਤੰਤਰ ਪੂਰੀ ਤਰਾਂ ਲਾਗੂ ਹੋਣ ਨਾਲ ਅਕਾਲੀ ਦਲ ਦੀ ਸਰਗਰਮੀ ਦਾ ਧੁਰਾ ਪੰਥ ਦੇ ਨਿਆਰੇਪਣ ਦੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਜਗਾ ਪੰਜਾਬ ਦੀ ਸੂਬੇਦਾਰੀ ਪ੍ਰਾਪਤ ਕਰਨ ਵੱਲ ਲਗਾਤਾਰ ਝੁਕਦਾ ਗਿਆ ਜੋ ਹੁਣ ਲਗਭਗ ਪੰਥਕ ਸਰੋਕਾਰਾਂ ਨੂੰ ਤਿਲਾਜਲੀ ਦੇ ਚੁੱਕਾ ਹੈ।

'ਸ਼੍ਰੋਮਣੀ ਅਕਾਲੀ ਦਲ' ਹੁਣ ਆਪਣੇ ਰਵਾਇਤੀ ਅਮਲ ਤੋਂ ਮੋੜਾ ਕੱਟ ਕੇ ਲਗਾਤਾਰ ਨਿਘਾਰ ਵੱਲ ਹੀ ਜਾ ਰਿਹਾ ਹੈ ਪਰ ਆਪਣੇ ਆਪ ਨੂੰ ਪੰਥਕ ਪਾਰਟੀ ਦੱਸਣ/ਪ੍ਰਚਾਰਣ ਦੀ ਜਿੱਦ ਨਹੀਂ ਛੱਡ ਰਿਹਾ। ਇਹਦੇ ਨਾਲੋਂ ਵੱਖ ਹੋ ਕੇ ਬਣੇ ਅਕਾਲੀ ਦਲਾਂ ਦਾ ਵੀ ਲਗਭਗ ਇਹੀ ਅਮਲ ਹੈ। ਹਾਲ ਹੀ ਵਿੱਚ ਸੁਖਦੇਵ ਸਿੰਘ ਢੀਂਡਸਾ ਨੇ ਵੱਖਰਾ ਅਕਾਲੀ ਦਲ ਬਣਾਉਣ ਦਾ ਐਲਾਨ ਕੀਤਾ ਹੈ। ਇਹ ਕਿਸੇ ਵੱਲੋਂ ਕੋਈ ਨਵੀਂ ਗੱਲ ਨਹੀਂ ਹੋਈ, ਪਹਿਲਾਂ ਵੀ ਇਸੇ ਤਰਾਂ ਵਾਪਰ ਚੁੱਕਾ ਹੈ। ਇਹ ਮਸਲਾ ਅਹਿਮ ਇਸ ਕਰਕੇ ਨਹੀਂ ਹੈ ਕਿ ਬਾਦਲ ਨਾਲੋਂ ਕੋਈ ਬਹੁਤ ਨਜ਼ਦੀਕੀ ਵੱਖ ਹੋਇਆ ਹੈ ਤੇ ਵੱਖ ਹੋ ਕੇ ਬਾਦਲ ਦੇ ਵਿਰੁੱਧ ਕੋਈ ਪਾਰਟੀ ਬਣਾਈ ਹੈ, ਮਸਲਾ ਅਹਿਮ ਇਸ ਕਰਕੇ ਹੈ ਕਿ ਸਾਰੇ ਹੀ ਅਕਾਲੀ ਦਲ ਸਮੇਤ ਬਾਦਲ ਦਲ ਪੰਥਕ ਪਾਰਟੀ ਹੋਣ ਦਾ ਦਾਅਵਾ ਕਰਦੇ ਹਨ ਜਦ ਕਿ ਤਾਕਤ ਦੀ ਇੱਛਾ ਇੰਡੀਅਨ ਵੋਟ ਤੰਤਰ ਦੀਆਂ ਸੰਸਥਾਵਾਂ ਤੋਂ ਰੱਖਦੇ ਹਨ।

ਸਿੱਖ ਲਈ ਰਾਜਨੀਤੀ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲਾ ਪ੍ਰਬੰਧ ਕਾਇਮ ਕਰਨ ਲਈ ਤਾਂ ਹੋ ਸਕਦੀ ਹੈ ਪਰ ਸਿਰਫ ਤਾਕਤ ਮਾਨਣ ਦੀ ਇੱਛਾ ਲਈ ਨਹੀਂ ਹੋ ਸਕਦੀ। ਖਾਲਸਾ ਪੰਥ ਕੋਲ ਬਹੁਤ ਹੀ ਮੌਲਿਕ ਸੰਸਥਾਵਾਂ ਹਨ ਜਿੰਨਾਂ ਰਾਹੀਂ ਆਪਣੇ ਆਗੂ ਚੁਣ ਕੇ,ਖਾਲਸਾ ਪੰਥ ਦੀ ਨਿਆਰੀ ਸਨ ਬੁਲੰਦ ਕਰ ਕੇ ਸਰਬੱਤ ਦੇ ਭਲੇ ਦਾ ਢਾਂਚਾ ਸਿਰਜਿਆ ਜਾ ਸਕਦਾ ਹੈ। ਪੰਥਕ ਹੋਣ ਦਾ ਦਾਅਵਾ ਕਰਨ ਵਾਲੇ ਦਲ, ਖਾਲਸਾ ਪੰਥ ਦੀਆਂ ਸੰਸਥਾਵਾਂ ਨੂੰ ਤਕੜਾ ਕਰਕੇ ਓਹਨਾ ਤੋਂ ਹੀ ਤਾਕਤ ਲੈ ਕੇ ਸਰਬੱਤ ਦੇ ਭਲੇ ਵਾਲਾ ਢਾਂਚਾ ਕਾਇਮ ਕਰਨ ਵਿੱਚ ਤਾਂ ਸਫਲ ਹੋ ਸਕਦੀਆਂ ਹਨ ਪਰ ਇੰਡੀਅਨ ਸੰਸਥਾਵਾਂ ਰਾਹੀਂ ਉਹ ਸਰਬੱਤ ਦੇ ਭਲੇ ਦੀ ਗੱਲ ਕਰ ਸਕਣ, ਇਹ ਉਹਨਾਂ ਦਾ ਬਹੁਤ ਵੱਡਾ ਵਹਿਮ ਹੈ, ਅਣਜਾਣਤਾ ਹੈ ਜਾ ਬੇਈਮਾਨੀ ਹੈ।

ਇਹ ਔਖਾ ਵੇਲਾ ਹੈ ਇੱਥੇ ਆ ਕੇ ਸਾਰੀਆਂ ਹੀ ਸਿੱਖ ਪਾਰਟੀਆਂ ਨੂੰ ਨਖੇੜਾ ਕਰਨਾ ਬਿਨਾ ਸ਼ੱਕ ਨਾ-ਮੁਮਕਿਨ ਲੱਗ ਸਕਦਾ ਹੈ ਪਰ ਇਹ ਨਖੇੜਾ ਇਮਾਨਦਾਰੀ ਨਾਲ ਕਰਨਾ ਹੀ ਪਵੇਗਾ, ਸਗੋਂ ਕਰ ਲੈਣਾ ਚਾਹੀਦਾ ਹੈ। ਜਿਸ ਜੰਗ ਵਿੱਚ ਹੋ, ਉੱਥੇ ਆਪਣੀ ਬਣਦੀ ਥਾਂ ਦਾ ਹਿੰਮਤ ਨਾਲ ਐਲਾਨ ਕਰੋ, ਜੰਗ ਕਰੋ, ਫਤਿਹ ਉਪਰੰਤ ਜਿੰਨਾਂ ਕੁ ਕਰ ਸਕੇ ਪੰਥ ਲਈ ਚੰਗਾ ਹੀ ਹੈ, ਘੱਟੋ ਘੱਟ ਇਮਾਨਦਾਰੀ ਦਾ ਐਲਾਨ ਤਾਂ ਹੋਵੇ। ਬੇਈਮਾਨੀ ਦੀ ਜਿੱਤ ਵੀ ਤੁਹਾਨੂੰ ਭਵਿੱਖ ਵਿੱਚ ਮਿਹਣਾ ਹੀ ਦੇਵੇਗੀ, ਇਮਾਨਦਾਰੀ ਦੀ ਹਾਰ ਨਾਲ ਘੱਟੋ ਘੱਟ ਇਹ ਮਿਹਣਿਆਂ ਤੋਂ ਬਚ ਸਕਦੇ ਹੋ। ਜਿਸ ਦੌੜ (ਪੰਜਾਬ ਦੀ ਸੂਬੇਦਾਰੀ) ਵਿੱਚ ਹੋ ਉਹ ਅਕਾਲੀਆਂ ਦੀ ਦੌੜ ਨਹੀਂ ਹੈ, ਜਾਂ ਦੌੜ ਛੱਡ ਦਿਓ ਜਾਂ ਅਕਾਲੀ ਹੋਣ ਦਾ ਦਾਅਵਾ। ਜੇ ਸਿਆਸੀ ਤੇ ਸ਼ਖਸੀ ਅਮਲ ਪੰਥਕ ਪਰੰਪਰਾ ਅਨੁਸਾਰ ਨਹੀਂ ਢਾਲ ਸਕਦੇ ਹੋ ਤਾਂ ਪੰਥਕ ਨਹੀਂ ਕਹਾਉਣਾ ਚਾਹੀਦਾ।

ਜੇ ਨਾਮ ਅਕਾਲੀ ਦਲ ਰੱਖਣਾ ਹੈ ਤਾਂ ਵੋਟਤੰਤਰ ਤੋਂ ਬਾਹਰ ਹੋ ਕੇ ਖਾਲਸਾ ਪੰਥ ਦੀਆਂ ਸੰਸਥਾਵਾਂ ਤੇ ਪਰੰਪਰਾਵਾਂ ਨੂੰ ਮੁੜ ਸੁਰਜੀਤ ਕਰਨ ਦੇ ਰਾਹ ਪੈਣਾ ਚਾਹੀਦਾ ਹੈ।

# ਕੀ ਨਵਾਂ ਅਕਾਲੀ ਦਲ ਪੰਥ ਪੱਖੀ ਹੋਵੇਗਾ ਜਾਂ ਭਾਜਪਾ ਦਾ ਪਿਛਲਗ



- ਬਘੇਲ ਸਿੰਘ ਧਾਲੀਵਾਲ
99142-58142

ਸ਼ਰੋਮਣੀ ਅਕਾਲੀ ਦਲ ਦੀ ਪਹਿਲੀ ਸਤਾਬਦੀ ਤੋਂ ਮਹਿਜ ਕੁੱਝ ਮਹੀਨੇ ਪਹਿਲਾਂ ਸੁਖਦੇਵ ਸਿੰਘ ਢੀਡਸਾ ਨੇ ਆਪਣਾ ਨਵਾਂ ਅਕਾਲੀ ਦਲ ਬਣਾ ਕੇ ਪੰਜਾਬ ਦੀ ਸਿੱਖ ਰਾਜਨੀਤੀ ਵਿੱਚ ਆਪਣੀ ਸਿੱਧੀ ਪਕੜ ਬਨਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਇਸ ਕੋਸ਼ਿਸ ਵਿੱਚ ਕਿੰਨਾ ਕੁ ਸਫਲ ਹੁੰਦੇ ਹਨ, ਉਸ ਤੋ ਪਹਿਲਾਂ ਸ਼ਰੋਮਣੀ ਅਕਾਲੀ ਦਲ ਦੇ ਪਿਛੋਕੜ ਤੇ ਸਰਸਰੀ ਝਾਤ ਮਾਰਨੀ ਬਣਦੀ ਹੈ। ਪੰਥ ਦੀ ਨੁਮਾਇੰਦਾ ਪਾਰਟੀ ਸ਼ਰੋਮਣੀ ਅਕਾਲੀ ਦਲ ਨੇ ਆਪਣੇ ਸੌ ਸਾਲਾਂ ਦੇ ਸਫਰ ਵਿੱਚ ਬੜੇ ਉਤਰਾਅ ਚੜਾ ਦੇਖੇ ਹਨ। ਪਹਿਲੀ ਸਤਾਬਦੀ ਤੱਕ ਪਹੁੰਚਦਿਆਂ ਪਹੁੰਚਦਿਆਂ ਸ਼ਰੋਮਣੀ ਅਕਾਲੀ ਦਲ ਅਪਣੀ ਅਸਲੀ ਪਛਾਣ ਖੋ ਚੁੱਕਾ ਹੈ। ਸਰੋਮਣੀ ਅਕਾਲੀ ਦਲ ਦਾ ਰਵਾਇਤੀ ਚਿਹਰਾ ਮੁਹਰਾ ਤਾਂ ਭਾਵੇਂ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਪਾਰਟੀ ਦੀ ਅਗਵਾਈ ਆਉਣ ਸਮੇ ਹੀ ਬਦਲਣਾ ਸ਼ੁਰੂ ਹੋ ਗਿਆ ਸੀ, ਪਰੰਤੂ 1994 ਵਿਚ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਮੋਗਾ ਰੈਲੀ ਵਿੱਚ ਇਸ ਪੰਥਕ ਪਾਰਟੀ ਦਾ ਨਾਮ ਬਦਲ ਕੇ ਪੰਜਾਬੀ ਪਾਰਟੀ ਬਨਾਉਣ ਦਾ ਬਾਕਾਇਦਾ ਐਲਾਨ ਵੀ ਕਰ ਦਿੱਤਾ ਅਤੇ 2008 ਵਿੱਚ ਜਦੋ ਚੋਣ ਕਮਿਸ਼ਨ ਨੇ ਧਰਮ ਦੇ ਨਾਮ ਤੇ ਬਣੀਆਂ ਪਾਰਟੀਆਂ ਨੂੰ ਚੋਣਾਂ ਲੜਨ ਤੇ ਰੋਕ ਲਾ ਦਿੱਤੀ ਤਾਂ ਇਹ ਪੰਥਕ ਪਾਰਟੀ ਧਰਮ ਨਿਰਪੱਖ ਬਣ ਗਈ। ਭਾਵ ਚੋਣਾਂ ਲੜਦੀ ਰਹੀ ਤੇ ਕਿਹਾ ਜਾ ਸਕਦਾ ਹੈ ਕਿ 2008 ਤੋ ਬਾਅਦ ਸ਼ਰੋਮਣੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਵਾਲੀ ਪਾਰਟੀ ਨਾ ਰਹਿ ਕੇ ਇੱਕ ਧਰਮ ਨਿਰਪੱਖ ਪਾਰਟੀ ਬਣ ਗਈ,ਇਹ ਵੱਖਰੀ ਗੱਲ ਹੈ ਕਿ ਕੇਂਦਰ ਵਿੱਚ ਅਪਣੇ ਅਸਰ ਰਸੂਖ ਨੂੰ ਵਰਤ ਕੇ ਪ੍ਰਕਾਸ਼ ਸਿੰਘ ਬਾਦਲ ਆਮ ਚੋਣਾਂ ਵੀ ਲੜਦਾ ਰਿਹਾ ਤੇ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਵੀ ਲੜਦਾ ਰਿਹਾ ਤੇ ਸਰੋਮਣੀ ਕਮੇਟੀ 'ਤੇ ਕਾਬਜ ਵੀ ਚੱਲਿਆ ਆ ਰਿਹਾ ਹੈ। ਭਾਵ ਕਿ ਬੇਸ਼ੱਕ ਸ਼ਰੋਮਣੀ ਕਮੇਟੀ ਤੇ ਵੀ ਸਿੱਧੇ ਤੌਰ ਤੇ ਅਕਾਲੀ ਦਲ ਦਾ ਕਬਜਾ ਹੈ,ਪਰੰਤੂ ਇਸ ਦੇ ਬਾਵਜੂਦ ਵੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਵਾਲੀ ਪਾਰਟੀ ਨਹੀ ਰਿਹਾ। ਇੱਥੇ ਹੀ ਬੱਸ ਨਹੀ ਸਿੱਖਾਂ ਦੀ ਆਪਸੀ ਪਾਟੋਧਾੜ ਇਸ ਕਦਰ ਵੱਧ ਗਈ ਹੈ ਕਿ ਸਿੱਖਾਂ ਦੇ ਲਹੂ ਡੋਲਵੇਂ ਸੰਘਰਸ਼ਾਂ ਚੋਂ ਹੋਂਦ ਵਿੱਚ ਆਏ ਸ਼ਰੋਮਣੀ ਅਕਾਲੀ ਦਲ ਦੀ ਅਸਲ ਪਹਿਚਾਣ ਦੀ ਵੀ ਲੜਾਈ ਚੱਲ ਰਹੀ ਹੈ। ਇੱਕ ਸਮਾ ਸੀ ਜਦੋ ਡੇਢ ਦਰਜਨ ਦੇ ਕਰੀਬ ਅਕਾਲੀ ਦਲ ਬਣ ਗਏ ਸਨ। ਹੁਣ ਵੀ ਜੇਕਰ ਗੱਲ ਕੀਤੀ ਜਾਵੇ ਤਾਂ ਅੱਜ ਵੀ ਅੱਧੀ ਦਰਜਨ ਤੋਂ ਵੱਧ ਅਕਾਲੀ ਦਲਾਂ ਦੀ ਗਿਣਤੀ ਹੈ, ਜਿੰਨਾਂ ਵਿੱਚ ਅਕਾਲੀ ਦਲ ਬਾਦਲ,ਅਕਾਲੀ ਦਲ ਮਾਨ,ਅਕਾਲੀ ਦਲ 1920, ਅਕਾਲੀ ਦਲ ਦਿੱਲੀ, ਅਕਾਲੀ ਦਲ ਸੁਤੰਤਰ, ਅਕਾਲੀ ਦਲ ਟਕਸਾਲੀ ਤੇ ਬੀਤੇ ਦਿਨੀ ਹੋਂਦ ਵਿੱਚ ਆਏ ਨਵੇਂ ਸੁਖਦੇਵ ਸਿੰਘ ਢੀਂਡਸੇ ਵਾਲੇ ਅਕਾਲੀ ਦਲ ਦਾ ਅਜੇ ਪੂਰਾ ਨਾਮਕਰਣ ਹੋਣਾ ਬਾਕੀ ਹੈ, ਜਿਕਰਯੋਗ ਹਨ। ਸੋ ਪਹਿਲੀ ਸਤਾਬਦੀ ਦੇ ਮੌਕੇ ਤੇ ਆਮ ਸਿੱਖਾਂ ਲਈ ਇਹ ਵੀ ਇੱਕ ਸਮੱਸਿਆ ਦਰਪੇਸ ਹੋਵੇਗੀ ਕਿ ਅਕਸਰ ਕਿਹੜੇ ਦਲ ਨੂੰ ਅਸਲ ਅਕਾਲੀ ਦਲ ਸਮਝਿਆ ਜਾਵੇ ਜਾਂ ਮੰਨਿਆ ਜਾਵੇ, ਕਿਉਕਿ ਜਿਹੜੀ ਪਾਰਟੀ ਆਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਾ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ, ਉਹਨਾਂ ਨੇ ਖੁਦ ਹੀ ਅਕਾਲੀ ਦਲ ਦੇ ਵਿਧਾਨ ਦੇ ਖਿਲਾਫ ਜਾ ਕੇ ਇਸ ਪਾਰਟੀ ਨੂੰ ਪੰਜਾਬੀ ਪਾਰਟੀ ਬਣਾ ਦਿੱਤਾ ਹੈ। ਇਸ ਤੋ ਬਾਅਦ ਜਿਹੜਾ ਵੱਡਾ ਧੜੇ ਵਾਲਾ ਅਕਾਲੀ ਦਲ ਹੈ ਉਹ ਅਕਾਲੀ ਦਲ (ਅ) ਹੈ ਜਿਸ ਦੀ ਅਗਵਾਈ ਸ੍ਰ ਸਿਮਰਨਜੀਤ ਸਿੰਘ ਮਾਨ ਕਰਦੇ ਹਨ,ਕਿਉਕਿ ਇਸ ਪਾਰਟੀ ਦਾ ਮੁੱਖ ਏਜੰਡਾ ਖਾਲਿਸਤਾਨ ਦੇ ਦੁਆਲੇ ਘੁੰਮਦਾ ਹੈ। ਇਸ ਲਈ ਇਸ ਪਾਰਟੀ ਨੂੰ ਕੇਂਦਰ ਕਦੇ ਵੀ ਸਫਲ ਨਹੀ ਹੋਣ ਦੇਵੇਗਾ। ਇਸ ਤੋ ਬਾਅਦ ਰਵੀਇੰਦਰ ਸਿੰਘ ਦਾ ਅਕਾਲੀ ਦਲ 1920 ਹੈ, ਜਿਸ ਦਾ ਅਪਣਾ ਲੋਕ ਆਧਾਰ ਨਾ ਦੇ ਬਰਾਬਰ ਹੋਣ ਕਰਕੇ ਉਹਨਾਂ ਨੂੰ ਕਿਸੇ ਨਾ ਕਿਸੇ ਧੜੇ ਨਾਲ ਸਮਝੋਤਾ ਕਰਕੇ ਹੀ ਚੱਲਣਾ ਪੈਂਦਾ ਹੈ। ਜੇਕਰ ਪਿਛਲੇ ਸਾਲਾਂ ਵਿਚ ਬਾਦਲ ਧੜੇ ਤੋ ਵੱਖ ਹੋਏ ਟਕਸਾਲੀਆਂ ਦੇ ਅਕਾਲੀ ਦਲ ਦੀ ਗੱਲ ਕੀਤੀ ਜਾਵੇ ਤਾਂ ਕਹਿ ਸਕਦੇ ਹਾਂ ਕਿ ਉਹ ਵੀ ਸੁਖਦੇਵ ਸਿੰਘ ਢੀਂਡਸੇ ਵੱਲੋਂ ਅਪਣਾ ਨਵਾਂ ਅਕਾਲੀ ਦਲ ਬਣਾ ਲੈਣ ਤੋ ਬਾਅਦ ਬੇਹੱਦ ਕਮਜੋਰ ਹੋ ਗਏ ਹਨ ਤੇ ਵੱਡੀ ਗਿਣਤੀ ਵਿਚ ਨੇਤਾ ਢੀਂਡਸਾ ਧੜੇ ਨਾਲ ਜਾ ਮਿਲੇ ਹਨ। ਇੱਕ ਧੜਾ ਹੋਰ ਹੈ ਜਿਸ ਦਾ ਨਾਮ ਅਕਾਲੀ ਦਲ ਸੁਤੰਤਰ ਹੈ, ਜਿਸ ਦਾ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਹੈ ਪਰ ਉਹਨਾਂ ਦਾ ਲੋਕ ਆਧਾਰ ਨਾਭਾ ਪਾਰ ਨਹੀ ਕਰਦਾ। ਹੁਣ ਗੱਲ ਕਰਦੇ ਹਾਂ ਨਵੇਂ ਬਣੇ ਅਕਾਲੀ ਦਲ ਦੀ ਜਿਸਨੂੰ ਸੁਖਦੇਵ ਸਿੰਘ ਢੀਂਡਸਾ ਨੇ ਬੜੀ ਦੂਰਅੰਦੇਸੀ ਨਾਲ ਸ਼ਰੋਮਣੀ ਅਕਾਲੀ ਦਲ ਦਾ ਨਾਮ ਦਿੱਤਾ ਹੈ,ਪਰ ਉਹਨਾਂ ਦਾ ਏਜੰਡਾ ਸਪੱਸਟ ਨਾ ਹੋਣ ਕਰਕੇ ਸਾਇਦ ਉਹ ਵੀ ਕੋਈ ਵੱਡਾ ਮਾਰਕਾ ਮਾਰਨ ਦੇ ਸਮਰੱਥ ਭਾਵੇਂ ਨਾ ਵੀ ਹੋਣ, ਪਰ ਇਹ ਜਰੂਰ ਕਿਹਾ ਜਾ ਸਕਦਾ ਹੈ,ਕਿ ਆਪਣੇ ਅਕਾਲੀ ਦਲ ਨੂੰ ਬਾਦਲ ਦੇ ਬੇੜੀਆਂ ਵਿਚ ਵੱਟੇ ਪਾਉਣ ਦੇ ਸਮਰੱਥ ਜਰੂਰ ਬਣਾ ਸਕਦੇ ਹਨ।

ਇਸ ਗੱਲ ਤੋ ਵੀ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਟਕਸਾਲੀ ਤੇ ਢੀਡਸਾ ਸਮੇਤ ਅਕਾਲੀ ਦਲ ਬਾਦਲ ਦੀ ਟੇਕ ਪੰਜਾਬੀਆਂ ਅਤੇ ਸਿੱਖਾਂ ਤੇ ਨਾ ਹੋ ਕੇ ਕੇਂਦਰ 'ਤੇ ਹੀ ਰੱਖੀ ਹੋਈ ਹੈ, ਇਸ ਲਈ ਇਹ ਦੋਨੋ ਧੜੇ ਵੀ ਪੰਜਾਬ ਹਿਤੈਸੀ ਨਹੀ ਹੋ ਸਕਣਗੇ ਤੇ ਨਾ ਹੀ ਅਕਾਲੀ ਦਲ ਦੇ ਅਸਲ ਵਾਰਸ ਬਨਣ ਦੇ ਸਮਰੱਥ ਹੋ ਸਕਦੇ ਹਨ। ਜੇਕਰ ਸੁਖਦੇਵ ਸਿੰਘ ਢੀਂਡਸਾ ਅਪਣੀ ਟੇਕ ਪੰਥ ਅਤੇ ਪੰਜਾਬ ਤੇ ਰੱਖ ਕੇ ਤੁਰਦੇ ਤਾਂ ਸਾਇਦ ਕੁੱਝ ਪ੍ਰਾਪਤੀ ਹੋ ਸਕਦੀ ਸੀ,ਪ੍ਰੰਤੂ ਇਹ ਸੱਚ ਤੋ ਕਿਵੇਂ ਮੁਨਕਰ ਹੋਇਆ ਜਾ ਸਕਦਾ ਹੈ ਕਿ ਜਿਸ ਅਕਾਲੀ ਦਲ ਦਾ ਚਿਹਰਾ ਮੁਹਰਾ ਬਦਲਣ ਵਿੱਚ ਢੀਂਡਸਾ ਬਾਦਲ ਦਾ ਭਾਈਵਾਲ ਰਿਹਾ ਹੋਵੇ, ਜਿਹੜੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਢੀਡਸਾ ਨੇ ਵੀ ਮਿੱਟੀ ਘੱਟੇ ਰੋਲਣ ਵਿੱਚ ਵੱਡਾ ਯੋਗਦਾਨ ਪਾਇਆ ਹੋਵੇ, ਜਿਸ ਦੇ ਬਦਲੇ ਕੇਂਦਰ ਤੋ ਵੱਡੇ ਵੱਡੇ ਪੁਰਸਕਾਰ ਉਹਨਾਂ ਦੀ ਝੋਲੀ ਵੀ ਪਏ ਹੋਣ, ਫਿਰ ਅੱਜ ਉਹਨਾਂ ਸਿੱਖ ਹਿਤਾਂ ਦੀ ਗੱਲ ਸੁਖਦੇਵ ਸਿੰਘ ਢੀਡਸਾ ਕਿਵੇਂ ਕਰ ਸਕਦੇ ਹਨ ?

ਸੋ ਪੰਥ ਅਤੇ ਪੰਜਾਬ ਦੇ ਹਿਤਾਂ ਨਾਲ ਸਬੰਧਤ ਅਜਿਹੇ ਬਹੁਤ ਸਾਰੇ ਸੁਆਲ ਹਨ ਜਿਹੜੇ ਇਸ ਨਵੇਂ ਅਕਾਲੀ ਦਲ ਦੇ ਪ੍ਰਧਾਨ ਨੂੰ ਦੇਣੇ ਹੀ ਪੈਣਗੇ ਅਤੇ ਇਹ ਵੀ ਇਮਾਨਦਾਰੀ ਨਾਲ ਕਬੂਲ ਕਰਨਾ ਪਵੇਗਾ ਕਿ ਹਣ ਤੱਕ ਪੰਥ ਅਤੇ ਪੰਜਾਬ ਦੇ ਮਸਲਿਆਂ ਤੋ ਪਾਸਾ ਵੱਟਣਾ ਉਹਨਾਂ ਦੀ ਵੱਡੀ ਗਲਤੀ ਸੀ। ਜੇਕਰ ਆਪਣਾ ਏਜੰਡਾ ਸਪੱਸ਼ਟ ਨਾ ਕੀਤਾ ਤਾਂ ਮਹਿਜ ਕੇਂਦਰ ਦਾ ਸਹਾਰਾ ਵੀ ਢੀਂਡਸਾ ਸਾਹਬ ਦੀ ਬੇੜੀ ਨੂੰ ਪਾਰ ਲਾਉਣ ਵਿੱਚ ਕਾਮਯਾਬ ਨਹੀ ਹੋ ਸਕੇਗਾ।

# ਗੈਂਗਸਟਰ ਵਿਕਾਸ ਦੂਬੇ ਸ਼ੱਕੀ ਪੁਲੀਸ ਮੁਕਾਬਲੇ ’ਚ ਮਾਰਿਆ ਗਿਆ

- *8 ਪੁਲੀਸਮੈਨਾਂ ਦੇ ਕਤਲਾਂ ’ਚ ਲੋੜੀਂਦਾ ਸੀ ਦੂਬੇ*
- *60 ਤੋਂ ਵੱਧ ਮਾਮਲੇ ਦਰਜ ਸਨ ਦੂਬੇ ’ਤੇ*
- *ਪੁਲੀਸ ‘ਮਿਲੀਭੁਗਤ’ ਦੀ ਜਾਂਚ ਲਈ ਯੂਪੀ ਸਰਕਾਰ ਨੇ ‘ਸਿੱਟ’ ਬਣਾਈ*
- *ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਵਿਚ ਨਿਆਂਇਕ ਜਾਂਚ ਹੋਵੇ-ਕਾਂਗਰਸ*
- *ਕੁਲ 539 ਲੋਕ ਸਾਂਸਦ ਚੁਣੇ ਗਏ, 233 ਸਾਂਸਦਾਂ ਨੇ ਆਪ ਘੋਸ਼ਣਾ ਪੱਤਰ ਦੇਕੇ ਪ੍ਰਵਾਨਿਆ ਹੈ ਕਿ ਉਹਨਾਂ ਵਿਰੁਧ ਅਪਰਾਧਿਕ ਕੇਸ ਦਰਜ*

**- ਅੰਮ੍ਰਿਤਸਰ ਟਾਈਮਜ਼ ਬਿਊਰੋ**

8 ਪੁਲਸਮੈਨਾਂ ਦੇ ਕਤਲਾਂ ਵਿਚ ਲੋੜੀਂਦਾ ਵਿਕਾਸ ਦੂਬੇ ਬੀਤੇ ਸ਼ੁੱਕਰਵਾਰ ਸਵੇਰੇ ਕਾਨਪੁਰ ਨੇੜੇ ‘ਪੁਲੀਸ ਮੁਕਾਬਲੇ’ ਵਿਚ ਮਾਰਿਆ ਗਿਆ। ਬੀਤੇ ਮੰਗਲਵਾਰ ਉਜੈਨ ਦੇ ਮਹਾਕਾਲ ਮੰਦਰ ਵਿਚ ਫੜੇ ਗਏ ਦੂਬੇ ਨੂੰ ਯੂ ਪੀ ਪੁਲਸ ਦੀ ਐੱਸ ਟੀ ਐਫ ਦੇ ਜਵਾਨ ਕਾਨਪੁਰ ਲਿਆ ਰਹੇ ਸੀ ਕਿ ਗੱਡੀ ਪਲਟ ਗਈ ਤੇ ਦੂਬੇ ਇਕ ਜਵਾਨ ਦੀ ਗੰਨ ਖੋਹ ਕੇ ਭੱਜ ਨਿਕਲਿਆ। ਆਤਮ-ਸਮਰਪਣ ਲਈ ਕਹਿਣ ’ਤੇ ਉਸ ਨੇ ਗੋਲੀ ਚਲਾ ਦਿੱਤੀ ਤੇ ਜਵਾਬੀ ਐਕਸ਼ਨ ਵਿਚ ਮਾਰਿਆ ਗਿਆ। ਕਾਨਪੁਰ ਦੇ ਐੱਲ ਐੱਲ ਆਰ ਹਸਪਤਾਲ ਤੇ ਕਾਲਜ ਦੇ ਪ੍ਰਿੰਸੀਪਲ ਡਾ. ਆਰ ਬੀ ਕਮਲ ਨੇ ਦੱਸਿਆ ਕਿ ਤਿੰਨ ਗੋਲੀਆਂ ਦੂਬੇ ਦੀ ਛਾਤੀ ਤੇ ਇਕ ਬਾਂਹ ਵਿਚ ਲੱਗੀ। ਜ਼ਖਮੀ ਹੋਣ ਵਾਲੇ ਤਿੰਨ ਪੁਲਸ ਵਾਲਿਆਂ ਦੀ ਹਾਲਤ ਸਥਿਰ ਹੈ। ਇਨਾਂ ਵਿਚੋਂ ਦੋ ਦੇ ਗੋਲੀਆਂ ਬਾਂਹ ਨਾਲ ਘਸਰ ਕੇ ਗਈਆਂ। ਯੂ ਪੀ ਦੇ ਐਡੀਸ਼ਨਲ ਡੀ ਜੀ ਪੀ ਪ੍ਰਸ਼ਾਂਤ ਕੁਮਾਰ ਨੇ ਦੱਸਿਆ ਕਿ ਘਟਨਾ ਵੇਲੇ ਤਿੰਨ ਸਬ-ਇੰਸਪੈਕਟਰ, ਇਕ ਸਿਪਾਹੀ ਤੇ ਐੱਸ ਟੀ ਐਫ ਦੇ ਦੋ ਕਮਾਂਡੋ ਜ਼ਖਮੀ ਹੋਏ।

ਇੱਥੇ ਜ਼ਿਕਰਯੋਗ ਹੈ ਕਿ ਵਿਕਾਸ ਦੂਬੇ ’ਤੇ 60 ਤੋਂ ਵੱਧ ਕੇਸ ਦਰਜ ਹਨ, ਵਿਕਾਸ ਦੂਬੇ ਪਿਛਲੇ 7 ਦਿਨਾਂ ਤੋਂ ਭੱਜ ਰਿਹਾ ਸੀ, ਯੂਪੀ ਐਸਟੀਐਫ ਅਤੇ ਪੁਲਿਸ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਪੁਲਿਸ ਤੋਂ ਦੂਰ ਸੀ। ਵਿਕਾਸ ਦੂਬੇ ਨੇ 2001 ਵਿੱਚ, ਰਾਜਨਾਥ ਸਿੰਘ ਸਰਕਾਰ ਵਿੱਚ ਇੱਕ ਮੰਤਰੀ, ਸੰਤੋਸ਼ ਸ਼ੁਕਲਾ, ਨੂੰ ਥਾਣੇ ਵਿੱਚ ਹੀ ਵੜ ਕੇ ਮਾਰ ਦਿੱਤੀ ਸੀ। ਹਿਸਟਰੀਸ਼ੀਟਰ ਵਿਕਾਸ ਦੂਬੇ ਖਿਲਾਫ 60 ਤੋਂ ਵੱਧ ਕੇਸ ਦਰਜ ਹਨ ਅਤੇ ਹੁਣ ਇਨਾਮ ਦੀ ਰਕਮ ਵੀ ਉਸ ਦੇ ਸਿਰ ਤੇ ਵਧਾ ਦਿੱਤੀ ਗਈ ਸੀ, ਖ਼ਬਰ ਦੇਣ ਲਈ ਵਾਲਾ ਨੂੰ ਪੰਜ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ। ਦੂਬੇ ਨਾਲ ਸਥਾਨਕ ਪੁਲੀਸ ਦੀ ਕਥਿਤ ਮਿਲੀਭੁਗਤ ਦੀ ਪੜਤਾਲ ਲਈ ਉੱਤਰ ਪ੍ਰਦੇਸ਼ ਸਰਕਾਰ ਵਲੋਂ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਗਈ ਹੈ। ਵਧੀਕ ਮੁੱਖ ਸਕੱਤਰ ਸੰਜੇ ਭੂਸਰੈੱਡੀ ਸਿੱਟ ਦੀ ਅਗਵਾਈ ਕਰਨਗੇ ਤੇ ਵਧੀਕ ਡੀਜੀ ਹਰੀ ਰਾਮ ਸ਼ਰਮਾ ਤੇ ਡੀਆਈਜੀ ਰਵਿੰਦਰ ਗੌੜ ਇਸ ਦੇ ਮੈਂਬਰ ਹੋਣਗੇ। ਸਿੱਟ ਵਲੋਂ 31 ਜੁਲਾਈ ਤੱਕ ਆਪਣੀ ਰਿਪੋਰਟ ਸੌਂਪੀ ਜਾਵੇਗੀ।

## ਮੁਕਾਬਲੇ ’ਤੇ ਉਠੇ ਸੁਆਲ

ਵਿਕਾਸ ਦੂਬੇ ਦੇ ਮਾਰੇ ਜਾਣ ਤੋਂ ਪਹਿਲਾਂ ਸਾਹਮਣੇ ਆਈਆਂ ਵੀਡੀਓਜ਼ ਨੇ ਮੁਕਾਬਲੇ ਬਾਰੇ ਪੁਲਸ ਨੇ ਦਾਅਵੇ ’ਤੇ ਕਈ ਸਵਾਲ ਖੜੇ ਕਰ ਦਿੱਤੇ ਹਨ। ਦੂਬੇ ਦੇ ਗੰਨ ਖੋਹਣ ਸੰਬੰਧੀ ਸਵਾਲ ’ਤੇ ਕੇਰਲਾ ਦੇ ਸਾਬਕਾ ਡੀ ਜੀ ਪੀ ਡਾ. ਐਨ ਸੀ ਅਸਥਾਨਾ ਨੇ ਕਿਹਾ ਕਿ ਇਹ ਹੁਕਮ ਹੁੰਦੇ ਹਨ ਕਿ ਪੁਲਸ ਵਾਲਿਆਂ ਨੇ ਹਥਿਆਰ ਡੋਰੀ ਨਾਲ ਬੰਨ ਕੇ ਰੱਖਣੇ ਹੁੰਦੇ ਹਨ। ਖਤਰਨਾਕ ਅਪਰਾਧੀ ਨੂੰ ਹਥਕੜੀ ਲਾਉਣੀ ਹੁੰਦੀ ਹੈ। ਉਨਾਂ ਸੜਕ ਦੀ ਹਾਲਤ ਤੇ ਗੱਡੀ ਪਲਟਣ ਦੀ ਵੀਡੀਓ ਸ਼ੇਅਰ ਕਰਦਿਆਂ ਦੱਸਿਆ ਕਿ ਗੱਡੀ ਦੀਆਂ ਸਾਰੀਆਂ ਤਾਕੀਆਂ ਬੰਦ ਹਨ। ਉਹ ਕਿਵੇਂ ਭੱਜਿਆ? ਮੀਡੀਆ ਨੂੰ ਪਹਿਲਾਂ ਹੀ ਕਿਉਂ ਰੋਕਿਆ ਗਿਆ ਸੀ? ਸਿਰਫ ਵਿਕਾਸ ਦਾ ਵਾਹਨ ਕਿਵੇਂ ਪਲਟ ਗਿਆ? ਕੀ ਵਿਕਾਸ ਨੂੰ ਹਥਕੜੀ ਨਹੀਂ ਪਾਈ ਸੀ? ਕੀ ਇਕ ਪਿਸਤੌਲ ਪੁਲਿਸ ਕਰਮਚਾਰੀ ਇੰਨੀ ਅਸਾਨੀ ਨਾਲ ਖੋਹੀ ਜਾ ਸਕਦੀ ਸੀ? ਪੁਲਿਸ ਨੇ ਵਿਕਾਸ ਨੂੰ ਫੜਨ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਗੋਲੀ ਕਿਉਂ ਮਾਰੀ ਗਈ? ਅਪਰਾਧੀ, ਜਿਸ ਨੇ ਆਪਣੇ ਆਪ ਨੂੰ ਸਮਰਪਣ ਕਰ ਦਿੱਤਾ ਹੈ, ਉਹ ਇੰਨੇ ਸਾਰੇ ਪੁਲਿਸ ਮੁਲਾਜ਼ਮਾਂ ਦੇ ਘਿਰੇ ਹੋਣ ਤੋਂ ਬਾਅਦ ਭੱਜ ਕਿਵੇਂ ਜਾਵੇਗਾ?

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਗੱਡੀ ਨਹੀਂ ਪਲਟੀ, ਭੇਦ ਸਾਹਮਣੇ ਆਉਣ ਨਾਲ ਸਰਕਾਰ ਨੇ ਖੁਦ ਨੂੰ ਪਲਟਣ ਤੋਂ ਬਚਾਅ ਲਿਆ।

ਕਾਂਗਰਸ ਸੁਪਰੀਮੋ ਰਾਹੁਲ ਗਾਂਧੀ ਨੇ ਟਵੀਟ ਕੀਤਾ, ‘ਕਿਤਨੇ ਜਵਾਬੋਂ ਸੇ ਅੱਛੀ ਹੈ ਖਾਮੋਸ਼ੀ ਉਸਕੀ, ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰੱਖ ਲੀ।’ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਚੰਗਾ ਹੋਇਆ ਅਪਰਾਧੀ ਮਾਰਿਆ ਗਿਆ, ਪਰ ਉਸ ਨੂੰ ਬਚਾਉਣ ਵਾਲਿਆਂ ਦਾ ਕੀ ਹੋਵੇਗਾ?

ਉਨਾਂ ਕਿਹਾ ਕਿ ਇਸ ਮਾਮਲੇ ਦੀ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਵਿਚ ਨਿਆਇਕ ਜਾਂਚ ਕਰਵਾਉਣੀ ਚਾਹੀਦੀ ਹੈ, ਤਾਂ ਕਿ ਅਪਰਾਧੀਆਂ ਨੂੰ ਸੁਰੱਖਿਆ ਦੇਣ ਵਾਲੇ




ਰਾਜਨੀਤਿਕ ਆਗੂਆਂ ਦੀ ਸਚਾਈ ਸਾਹਮਣੇ ਆ ਸਕੇ।

ਬਸਪਾ ਸੁਪਰੀਮੋ ਮਾਇਆਵਤੀ ਨੇ ਕਿਹਾ ਕਿ ਬਿਕਰੂ ਪਿੰਡ ਵਿਚ 8 ਪੁਲਸਮੈਨਾਂ ਦੇ ਮਾਰੇ ਜਾਣ ਤੋਂ ਦੂਬੇ ਦੇ ਮਾਰੇ ਜਾਣ ਤੱਕ ਦੀਆਂ ਘਟਨਾਵਾਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਵਿਚ ਜਾਂਚ ਕਰਾਈ ਜਾਏ। ਦੂਬੇ ਤੋਂ ਪੁੱਛਗਿੱਛ ਹੁੰਦੀ ਤਾਂ ਕਈ ਬੇਨਕਾਬ ਹੋਣੇ ਸਨ।

## ਢਹਿ-ਢੇਰੀ ਹੋ ਗਿਆ ਗੈਂਗਸਟਰ ਦਾ ਸਾਮਰਾਜ

2 ਜੁਲਾਈ ਦੀ ਰਾਤ ਨੂੰ ਪੁਲਿਸ ਟੀਮ ’ਤੇ ਹੋਏ ਹਮਲੇ ਤੋਂ ਬਾਅਦ ਘਟਨਾ ਦਾ ਪਾਸਟਰਮਾਈਂਡ ਮਸ਼ਹੂਰ ਗੈਂਗਸਟਰ ਵਿਕਾਸ ਦੂਬੇ ਮਾਰੇ ਜਾਣ ਤੋਂ ਬਾਅਦ ਉਸਦਾ ਜ਼ੁਰਮ ਦਾ ਸਾਮਰਾਜ ਢਹਿ-ਢੇਰੀ ਹੋ ਗਿਆ ਹੈ। ਪੁਲਿਸ ਨੇ ਵਿਕਾਸ ਦੂਬੇ ਸਮੇਤ ਉਸ ਦੇ ਗਿਰੋਹ ਦੇ 5 ਲੋਕਾਂ ਨੂੰ ਹੁਣ ਤੱਕ ਮਾਰਿਆ ਹੈ, ਜਦੋਂ ਕਿ ਖਾਕੀ ਨਾਲ ਗੱਦਾਰੀ ਕਰਨ ਦੇ ਮਾਮਲੇ ਵਿੱਚ ਤਿੰਨ ਪੁਲਿਸਕਰਮੀਆਂ ਸਮੇਤ ਕਈ ਹੋਰ ਗ੍ਰਿਫਤਾਰ ਕੀਤੇ ਹਨ। ਇਸ ਤੋਂ ਪਹਿਲਾਂ ਗੈਂਗਸਟਰ ਵਿਕਾਸ ਦੂਬੇ ਦੇ ਕਰੀਬੀ ਸਾਥੀ ਅਮਰ ਦੂਬੇ ਦੀ ਇਕ ਮੁਕਾਬਲੇ ਵਿਚ ਮਾਰੇ ਜਾਣ ਤੋਂ ਅਗਲੇ ਦਿਨ ਕਾਨਪੁਰ ਪੁਲਿਸ ਹਮਲੇ ਵਿੱਚ ਨਾਮਜ਼ਦ ਦੋ ਹੋਰ ਸਾਥੀਆਂ ਨੂੰ ਬੀਤੇ ਵੀਰਵਾਰ ਨੂੰ ਪੁਲਿਸ ਨੇ ਗੋਲੀ ਮਾਰ ਦਿੱਤੀ। ਇਕ ਅਪਰਾਧੀ ਦੀ ਪਛਾਣ ਰਣਬੀਰ ਵਜੋਂ ਹੋਈ ਅਤੇ ਉਸ ਨੂੰ ਇਟਾਵਾ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ, ਦੂਸਰਾ ਦੂਬੇ ਦਾ ਸਾਥੀ ਪ੍ਰਭਾਤ ਮਿਸ਼ਰਾ ਸੀ ਜਿਸ ਨੂੰ ਬੁੱਧਵਾਰ ਨੂੰ ਫਰੀਦਾਬਾਦ ਤੋਂ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਸੀ।

## ਯੋਗੀ ਦੇ ਰਾਜ ਵਿੱਚ ਐਨਕਾਊਂਟਰ

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ 2017 ਵਿੱਚ ਸੂਬੇ ਦੀ ਕਮਾਨ ਸਾਂਭੀ ਸੀ। ਜਨਵਰੀ 2019 ਵਿੱਚ ਉਸ ਨੇ ਆਪਣੀ ਪਿੱਠ ਨੂੰ ਥਾਪੜਦਿਆਂ ਇੱਕ ਪ੍ਰੈਸ ਰਿਲੀਜ਼ ਜਾਰੀ ਕੀਤੀ ਸੀ। ਇਸ ਵਿੱਚ ਲਗਭਗ ਦੋ ਸਾਲਾਂ ਦੇ ਅੰਦਰ 67 ਤੋਂ ਵੱਧ ਪੁਲਿਸ ਐਨਕਾਊਂਟਰਾਂ ਦੀ ਗੱਲ ਕੀਤੀ ਗਈ ਸੀ।

ਇਨਾਂ ਵਿੱਚੋਂ ਕਈਆਂ ਦੇ ਫਰਜ਼ੀ ਹੋਣ ਦੇ ਇਲਜ਼ਾਮ ਸਰਕਾਰ ’ਤੇ ਲੱਗੇ ਸਨ। ਇੱਕ ਤੋਂ ਬਾਅਦ ਇੱਕ ਹੋਣ ਵਾਲੀਆਂ ਪੁਲੀਸ ਮੁਕਾਬਲਿਆਂ ’ਤੇ ਨਾ ਸਿਰਫ ਵਿਧਾਨ ਸਭਾ ਤੇ ਸੰਸਦ ਵਿੱਚ ਹੰਗਾਮਾ ਹੋਇਆ, ਸਗੋਂ ਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਨੇ ਵੀ ਸਰਕਾਰ ਉੱਪਰ ਸੁਆਲ ਉਠਾਏ।

ਮੁੱਖ ਮੰਤਰੀ ਯੋਗੀ ਆਖਦੇ ਹਨ ਕਿ ਸਾਡੇ ਰਾਜ ਵਿਚ ਕੋਈ ਫਰਜ਼ੀ ਐਨਕਾਊਂਟਰ ਨਹੀਂ ਹੋਏ। ਅਸੀਂ ਜਨਤਾ ਦੀ ਸੇਵਾ ਕਰਨ ਆਏ ਹਾਂ।



ਹਾਈਕੋਰਟ ਦੇ ਐਡਵੋਕੇਟ ਨਵਕਿਰਨ ਸਿੰਘ ਦਾ ਕਹਿਣਾ ਹੈ ਕਿ “ਐਨਕਾਊਂਟਰ ਝੂਠਾ ਹੈ ਜਾਂ ਸੱਚਾ, ਇਹ ਨਿਰਪੱਖ ਜਾਂਚ ਤੋਂ ਬਾਅਦ ਹੀ ਪਤਾ ਲੱਗ ਸਕਦਾ ਹੈ। “ਗ਼ੈਰ-ਕਾਨੂੰਨੀ ਪੁਲਿਸ ਹਿਰਾਸਤ ਵਿੱਚ ਕੀਤਾ ਗਿਆ ਐਨਕਾਊਂਟਰ, ਕਸਟੋਡੀਅਲ ਡੈੱਥ ਹੀ ਕਿਹਾ ਜਾਏਗਾ। ਉਹਨਾਂ ਕਿਹਾ ਕਿ ਕਈ ਵਾਰ ਪੁਲਿਸ ਪਾਰਟੀ, ਆਪਣੀ ਕਸਟਡੀ ਵਿੱਚ ਲਏ ਸ਼ਖਸ ਨੂੰ ਕਿਸੇ ਰਿਕਵਰੀ ਲਈ, ਪੇਸ਼ੀ ਲਈ, ਜਗਾ ਸ਼ਿਫਟ ਕਰਨ ਲਈ, ਵਾਰਦਾਤ ਦਾ ਸੀਨ ਰੀ-ਕ੍ਰੀਏਟ ਕਰਨ ਲਈ ਲੈ ਕੇ ਜਾਂਦੀ ਹੈ ਅਤੇ ਕਹਿੰਦੀ ਹੈ ਕਿ ਮੁਲਜ਼ਮ ਨੇ ਭੱਜਣ ਦੀ ਕੋਸ਼ਿਸ਼ ਕੀਤੀ ਜਾਂ ਪੁਲਿਸ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਪੁਲਿਸ ਨੂੰ ਗੋਲੀ ਚਲਾਉਣੀ ਪਈ ਅਤੇ ਮੁਲਜ਼ਮ ਦੀ ਮੌਤ ਹੋ ਗਈ। ਪੁਲਿਸ ਇਸ ਘਟਨਾ ਨੂੰ ਐਨਕਾਊਂਟਰ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ, ਪਰ ਕਾਨੂੰਨੀ ਤੌਰ ’ਤੇ ਉਹ ਕਸਟੋਡੀਅਲ ਡੈੱਥ ਹੀ ਕਹੀ ਜਾਏਗੀ। ਵਕੀਲ ਨਵਕਿਰਨ ਸਿੰਘ ਨੇ ਦੱਸਿਆ ਕਿ ਸੀਆਰਪੀਸੀ ਦੇ ਸੈਕਸ਼ਨ 174(1) ਅਧੀਨ ਹਰ ਕਸਟੋਡੀਅਲ ਡੈੱਥ ਦੀ ਜਾਂਚ ਹੰਦੀ ਹੈ। ਰਿਪੋਰਟ ਤਿਆਰ ਕਰਕੇ ਉਹ ਸਬੰਧਤ ਸੈਸ਼ਨ ਜੱਜ




ਨੂੰ ਭੇਜੀ ਜਾਏਗੀ ਅਤੇ ਉਸ ਤੋਂ ਬਾਅਦ ਤੈਅ ਹੋਏਗਾ ਕਿ ਕੇਸ ਦੀ ਜਾਂਚ ਪੁਲਿਸ ਦੀ ਸਪੈਸ਼ਲ ਟੀਮ ਕਰੇਗੀ, ਕੋਈ ਖਾਸ ਏਜੰਸੀ ਕਰੇਗੀ ਜਾਂ ਰੂਟੀਨ ਵਿੱਚ ਜਾਂਚ ਹੋਏਗੀ। ਜੇ ਜਾਂਚ ਨਾ ਹੋਵੇ ਤਾਂ ਲੋਕਾਂ ਦਾ ਦੇਸ਼ ਦੀ ਕਾਨੂੰਨੀ ਪ੍ਰਕਿਰਿਆ ਤੋਂ ਭਰੋਸਾ ਪੂਰੀ ਤਰਾਂ ਉੱਠ ਜਾਏਗਾ।” ਉਨਾਂ ਨੇ ਦੱਸਿਆ, “ਜਿਸ ਤਰਾਂ ਪੁਲਿਸ ਆਪਣੀ ਹਰ ਕਾਰਵਾਈ ਦੀ ਇੱਕ ਰਿਪੋਰਟ ਬਣਾਉਂਦੀ ਹੈ, ਉਸੇ ਤਰਾਂ ਐਨਕਾਊਂਟਰ ਦੀ ਵੀ ਪੁਲਿਸ ਰਿਪੋਰਟ ਬਣਦੀ ਹੈ ਜਿਸ ਵਿੱਚ ਪੁਲਿਸ ਮੁਤਾਬਕ ਘਟਨਾ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ ਅਤੇ ਫਿਰ ਐੱਫਆਈਆਰ ਦਰਜ ਕੀਤੀ ਜਾਂਦੀ ਹੈ। ਐਨਕਾਊਂਟਰ ਸਬੰਧੀ ਜਾਂਚ ਹੋਣੀ ਹੈ ਜਾਂ ਨਹੀਂ, ਇਹ ਕੇਸ ਦੇ ਮੁਤਾਬਕ ਹੀ ਤੈਅ ਹੁੰਦਾ ਹੈ। ਕਈ ਵਾਰ ਸਰਕਾਰ ਕਿਸੇ ਐਨਕਾਊਂਟਰ ਦੀ ਜਾਂਚ ਕਰਵਾਉਂਦੀ ਹੈ ਅਤੇ ਜੇਕਰ ਹਾਈਕੋਰਟ ਵਿੱਚ ਕੋਈ ਪਟੀਸ਼ਨ ਦਾਇਰ ਕਰ ਦੇਵੇ ਤਾਂ ਹਾਈਕੋਰਟ ਫ਼ੈਸਲਾ ਸੁਣਾਉਂਦੀ ਹੈ ਕਿ ਜਾਂਚ ਹੋਣੀ ਹੈ ਜਾਂ ਨਹੀਂ।”

ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ “ਸਰਕਾਰੀ ਅੰਕੜੇ ਹੀ ਦੱਸਦੇ ਹਨ ਕਿ ਅਜਿਹੀਆਂ ਜ਼ਿਆਦਤਰ ਮੌਤਾਂ ਪੁਲਿਸ ਦੀ ਨਾਜਾਇਜ਼ ਕਸਟਡੀ ਵਿੱਚ ਹੁੰਦੀਆਂ ਹਨ। ਹਿਰਾਸਤ ਵਿੱਚ ਲਏ ਗਏ ਵਿਅਕਤੀ, ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ। 2005 ਤੋਂ 2018 ਵਿਚਕਾਰ 1373 ਵਿੱਚੋਂ 873 ਦੀ ਮੌਤ ਪੁਲਿਸ ਕਸਟਡੀ ਵਿੱਚ ਹੋਈ, ਪਰ ਉਹ ਜੁਡੀਸ਼ੀਅਲ ਰਿਮਾਂਡ ਵਿਚ ਨਹੀਂ ਸਨ।”

## ਰਾਜਨੀਤੀ ਦਾ ਅਪਰਾਧੀਕਰਨ

ਸਾਲ 1993 ਵਿੱਚ ਪੀ ਵੀ ਨਰਸਿਮਹਾ ਰਾਓ ਸਰਕਾਰ ਦੌਰਾਨ ਕੇਂਦਰ ਸਰਕਾਰ ਨੇ ਨਰਿੰਦਰ ਨਾਥ ਵੋਹਰਾ ਦੀ ਅਗਵਾਈ ਵਿੱਚ ਇੱਕ ਕਮੇਟੀ ਵੋਹਰਾ ਕਮੇਟੀ ਬਣਾਈ ਸੀ। ਉਸ ਕਮੇਟੀ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਕਿ ਉਹ ਇਸ ਗੱਲ ਦਾ ਪਤਾ ਲਗਾਵੇ ਕਿ ਭਾਰਤ ਵਿੱਚ ਸੰਗਠਿਤ ਅਪਰਾਧਿਕ ਗਿਰੋਹ ਕਿਸ ਤਰਾਂ ਵੱਧ-ਫੁੱਲ ਰਹੇ ਹਨ। ਬਾਕੀ ਸਫ਼ਾ 32 ’ਤੇ

## ਸ਼ੋਸ਼ਲ ਮੀਡੀਆ ’ਤੇ ਦੱਸਿਆ ਜਾ ਰਿਹਾ ਹੈ ਬ੍ਰਾਹਮਣ ਹੀਰੋ

ਜੋਤੀ ਯਾਦਵ ਨਾਮ ਦੇ ਸਖਸ਼ ਨੇ ਸ਼ੋਸ਼ਲ ਮੀਡੀਆ ਵਿਚ ਗੈਂਗਸਟਰ ਵਿਕਾਸ ਦੂਬੇ ਦੇ ਝੂਠੇ ਪੁਲੀਸ ਮੁਕਾਬਲੇ ਵਿਚ ਮਾਰੇ ਜਾਣ ਮਗਰੋਂ ਉਸ ਨੂੰ ਬ੍ਰਾਹਮਣ ਹੀਰੋ ਦੱਸਿਆ ਜਾ ਰਿਹਾ ਹੈ। ਉਨਾਂ ਦਾ ਕਹਿਣਾ ਹੈ ਕਿ ਸੀ.ਐੱਮ ਆਦਿੱਤਿਆਨਾਥ ਬ੍ਰਾਹਮਣ ਭਾਈਚਾਰੇ ਦੇ ਹਿੱਤਾਂ ਦਾ ਘਾਣ ਕਰ ਰਹੇ ਹਨ। ਯੋਗੀ ਸਰਕਾਰ ਨੇ ਬ੍ਰਾਹਮਣ ਦੀ ਹੱਤਿਆ ਕਰਕੇ ਪਾਪ ਕਮਾਇਆ ਹੈ। ਸ਼ੋਸ਼ਲ ਮੀਡੀਆ ਵਿਚ ਉਸ ਨੂੰ ਬ੍ਰਾਹਮਣ - ‘ਟਾਈਗਰ’ ਦੱਸਿਆ ਜਾ ਰਿਹਾ ਹੈ, ਜਿਸਨੇ ਆਪਣੇ ਭਾਈਚਾਰੇ ਦੇ ਪਿਆਰ ਅਤੇ ਸਤਿਕਾਰ ਦਾ ਆਦੇਸ਼ ਦਿੱਤਾ ਸੀ.ਉਸਨੂੰ ਹਿੰਦੂ ਦੇਵਤਾ ਵਿਸ਼ਨੂੰ ਦਾ ਛੇਵਾਂ ਅਵਤਾਰ ਪਰਸ਼ੂਰਾਮ ਦੀ ‘ਔਲਾਦ’ ਵਜੋਂ ਦੇਖਿਆ ਜਾਂਦਾ ਹੈ ਅਜਿਹੇ ਵਿੱਚ, ਮੁਕਾਬਲੇ ਵਿੱਚ ਦੂਬੇ ਦੇ ਕਤਲ ਨੇ ਉੱਤਰ ਪ੍ਰਦੇਸ਼ ਵਿੱਚ ਠਾਕੁਰ ਭਾਈਚਾਰੇ ਖ਼ਿਲਾਫ਼ ਬ੍ਰਾਹਮਣ ਦੀ ਅਗਵਾਈ ਵਾਲੀ ‘ਲੜਾਈ’ ਨੂੰ ਜਗਾਇਆ ਹੈ। ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਠਾਕੁਰ ਹਨ, ਜਿਸ ਨੇ ਬ੍ਰਾਹਮਣ ਦੀ ਹੱਤਿਆ ਕੀਤੀ।

‘ਤੁਸੀਂ ਸਿਰਫ ਵਿਕਾਸ ਦੂਬੇ ਨੂੰ ਨਹੀਂ ਮਾਰਿਆ ।ਤੁਸੀਂ ਬ੍ਰਾਹਮਣਾਂ ਦੇ ਵਿਸ਼ਵਾਸ ਨੂੰ ਮਾਰ ਦਿੱਤਾ ਹੈ ।ਤੁਸੀਂ ਵਿਕਾਸ ਨੂੰ ਨਹੀਂ, ਵਿਸ਼ਵਾਸ ਨੂੰ ਮਾਰਿਆ ਹੈ। ਸਾਰੇ ਮਿਸ਼ਰਾ, ਪਾਂਡੇ, ਚੌਬੇ ਸਾਰੇ ਬ੍ਰਾਹਮਣਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਭਗਵਾਨ ਪਰਸ਼ੂਰਾਮ ਨੇ ਕਿਸ ਦੇ ਵਿਰੁੱਧ ਲੜਿਆ ਸੀ। ‘ਫੇਸਬੁੱਕ ਉੱਤੇ, ਸ਼ਿਵਮ ਬ੍ਰਾਹਮਣ ਦਾਦਾ ਭਾਈ ਨਾਮ ਦਾ ਇੱਕ ਉਪਭੋਗਤਾ ਆਪਣੇ ਫੇਸਬੁੱਕ ਲਾਈਵ ਵਿੱਚ ਇਹ ਕਹਿੰਦਾ ਹੈ.ਉਹ ਅੱਗੇ ਕਹਿੰਦਾ ਹੈ, ‘ਦੂਬੇ’ ਤੇ ਫਿਲਮ ਬਣਾਉਣ ਦੀ ਹਿੰਮਤ ਨਾ ਕਰੋ। ਨਹੀਂ ਤਾਂ ਅਸੀਂ ਥੀਏਟਰਾਂ ਨੂੰ ਅੱਗ ਲਗਾਵਾਂਗੇ। ਇਸ ਤਰਾਂ ਸ਼ੋਸ਼ਲ ਮੀਡੀਏ ’ਤੇ ਯੂ ਪੀ ਦੇ ਬ੍ਰਾਹਮਣਾਂ ਨੇ ਸਪਸ਼ਟ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ - ਇਹ ਠਾਕੁਰ ਅਤੇ ਬ੍ਰਾਹਮਣਾਂ ਵਿਚਕਾਰ ਲੜਾਈ ਹੈ। ਇਸੇ ਕਰਕੇ ਵਿਕਾਸ ਦੂਬੇ ਦਾ ਕਤਲ ਹੋਇਆ ਹੈ।

## ਝੂਠੇ ਪੁਲਿਸ ਮੁਕਾਬਲਿਆਂ ਨੂੰ ਅੰਜਾਮ ਦੇਣ ਵਾਲੇ ਨਹੀਂ ਬਚਣੇ ਚਾਹੀਦੇ

ਝੂਠੇ ਪੁਲੀਸ ਮੁਕਾਬਲੇ ਰਾਹੀਂ ਦੋਸ਼ੀ ਨੂੰ ਬਿਨਾਂ ਮੁਕੱਦਮਾ ਚਲਾਏ ਕਤਲ ਕਰਨਾ ਵੱਡਾ ਗੁਨਾਹ ਹੈ। ਇਹ ਪੂਰੀ ਤਰਾਂ ਗੈਰ ਸੰਵਿਧਾਨਕ ਹੈ। ਵਿਕਾਸ ਦੂਬੇ ਦੀ ਮੌਤ ਤੋਂ ਇਹ ਸਪਸ਼ਟ ਹੈ ਕਿ ‘ਮੁਕਾਬਲਾ’ ਨਕਲੀ ਸੀ। ਵਿਕਾਸ ਦੂਬੇ ਪੁਲੀਸ ਹਿਰਾਸਤ ਵਿਚ ਸੀ ਅਤੇ ਨਿਹੱਥਾ ਸੀ। ਇਸ ਤਰਾਂ ਅਸਲ ਮੁਕਾਬਲਾ ਕਿਵੇਂ ਸੰਭਵ ਹੈ? ਇਹ ਨਿਆਂ ਦਾ ਕਤਲ ਹੈ।

ਆਮ ਕਰਕੇ ਭਾਰਤੀ ਪੁਲਿਸ ਦੁਆਰਾ ਵੱਡੇ ਪੱਧਰ ’ਤੇ ਝੂਠੇ ਪੁਲੀਸ ਮੁਕਾਬਲਿਆਂ ਦਾ ਦੋਸ਼ੀਆਂ ਨੂੰ ਖਤਮ ਕਰਨ ਲਈ ਇਸਤੇਮਾਲ ਕਰ ਰਹੀ ਹੈ। ਜਿਵੇਂ ਕਿ ਮਹਾਰਾਸ਼ਟਰ ਪੁਲਿਸ ਮੁੰਬਈ ਅੰਡਰ ਵਰਲਡ ਨਾਲ ਨਜਿੱਠਣ ਲਈ, 2017 ਵਿਚ ਯੋਗੀ ਆਦਿੱਤਿਆਨਾਥ ਦੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ, ਪੰਜਾਬ ਸੰਤਾਪ ਦੇ ਦਿਨਾਂ ਦੌਰਾਨ ਖਾਲਿਸਤਾਨ ਦੀ ਮੰਗ ਕਰਨ ਵਾਲੇ ਸਿੱਖਾਂ ਦੇ ਝੂਠੇ ਪੁਲੀਸ ਮੁਕਾਬਲੇ ਬਣਾਏ ਗਏ। ਇਹ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਤੇ ਇਨਸਾਫ਼ ਦੇ ਕਤਲ ਦੀਆਂ ਉਦਾਹਰਣਾਂ ਹਨ। ਸੰਵਿਧਾਨ 21 ਕਹਿੰਦਾ ਹੈ ਕਿ ਹਰੇਕ ਮਨੁੱਖ ਦੇ ਕਾਨੂੰਨੀ ਅਧਿਕਾਰ ਹਨ, ਚਾਹੇ ਦੋਸ਼ੀ ਕਿਉਂ ਨਾ ਹੋਵੇ। ਕੋਈ ਵੀ ਕਿਸੇ ਨੂੰ ਕਾਨੂੰਨੀ ਅਧਿਕਾਰ ਤੋਂ ਵਾਂਝਿਆ ਨਹੀਂ ਕਰ ਸਕਦਾ। ਸਟੇਟ ਨੂੰ ਅਪਰਾਧਿਕ ਪ੍ਰਕਿਰਿਆ ਜ਼ਾਬਤਾ (ਸੀਆਰਪੀਸੀ) ਦੀਆਂ ਧਾਰਾਵਾਂ ਦੇ ਅਨੁਸਾਰ ਦੋਸ਼ੀ ’ਤੇ ਮੁਕੱਦਮਾ ਕਰਨਾ ਚਾਹੀਦਾ ਹੈ। ਮੁਕੱਦਮੇ ਵਿਚ ਦੋਸ਼ੀ ਨੂੰ ਪਹਿਲਾਂ ਉਸਦੇ ਖਿਲਾਫ ਲਗਾਏ ਦੋਸ਼ਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ, ਫਿਰ ਉਸ ਨੂੰ ਆਪਣਾ ਬਚਾਅ (ਵਕੀਲ ਰਾਹੀਂ) ਕਰਨ ਦਾ ਮੌਕਾ ਦਿੱਤਾ ਜਾਂਦਾ ਹੈ, ਅਤੇ ਕੇਵਲ ਤਾਂ ਹੀ ਉਹ ਦੋਸ਼ੀ ਪਾਇਆ ਜਾਂਦਾ ਹੈ, ਜੇ ਉਸਨੂੰ ਅਦਾਲਤ ਦੋਸ਼ੀ ਠਹਿਰਾਵੇ ਅਤੇ ਮੌਤ ਦੀ ਸਜ਼ਾ ਸੁਣਾਵੇ। ਦੂਜੇ ਪਾਸੇ, ‘ਫੇਕ ਐਨਕਾਊਂਟਰ’ ਕਾਨੂੰਨ ਤੇ ਸੰਵਿਧਾਨ ਵਿਰੋਧੀ ਹੈ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਬਿਨਾਂ ਕਿਸੇ ਮੁਕੱਦਮੇ ਦੇ, ਪਾਸੇ ਕਰ ਦਿੱਤੀਆਂ ਜਾਂਦੀਆਂ ਹਨ। ਝੂਠੇ ਪੁਲੀਸ ਮੁਕਾਬਲੇ ਦੇ ਮੁੱਦੇ ’ਤੇ ਦੇਸ ਵਿੱਚ ਇੱਕ ਕਾਨੂੰਨ ਹੈ। ਪਰ ਸਿਆਸਤਦਾਨਾਂ ਅਤੇ ਪੁਲਿਸ ਦੇ ਭ੍ਰਿਸ਼ਟ ਗਠਜੋੜ ਨੇ ਸਾਰਾ ਸਿਸਟਮ ਤੋੜ ਕੇ ਰੱਖ ਦਿੱਤਾ ਹੈ। ਸੁਪਰੀਮ ਕੋਰਟ ਦਾ ਇੱਕ ਫੈਸਲਾ ਹੈ, ਜੋ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਫੁੱਲ ਬੈਂਚ ਦੇ ਫੈਸਲੇ ਨੂੰ ਜਾਇਜ਼ ਠਹਿਰਾਉਂਦਾ ਹੈ। ਇਸ ਵਿੱਚ ਸਾਫ਼ ਤੌਰ ’ਤੇ ਕਿਹਾ ਗਿਆ ਹੈ ਕਿ ਇਸ ਤਰਾਂ ਦੇ ਪੁਲੀਸ ਮੁਕਾਬਲੇ ਦੇ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ। ਇਸ ਬਾਰੇ ਪੁਲਿਸ ਜਾਂਚ ਹੋਣੀ ਚਾਹੀਦੀ ਹੈ, ਇਹ ਪਤਾ ਲਗਾਉਣ ਲਈ ਕਿ ਅਸਲ ਵਿੱਚ ਕੀ ਹੋਇਆ ਸੀ। ਪਰ ਮੁਕਾਬਲੇ ਦੀ ਜਾਂਚ ਦੋਸ਼ੀ ਪੁਲਿਸ ਨਹੀਂ ਕਰ ਸਕਦੀ, ਜਿਸ ਨੇ ਪੁਲੀਸ ਮੁਕਾਬਲੇ ਵਿਚ ਹਿੱਸਾ ਲਿਆ। ਉਹ ਵੱਖਰੇ ਲੋਕ ਹੋਣਗੇ। ਅਜਿਹੇ ਕੇਸ ਦੀ ਵੀਡੀਓਗ੍ਰਾਫੀ ਹੋਣੀ ਜ਼ਰੂਰੀ ਹੈ। ਐੱਫਆਈਆਰ ਵਿੱਚ ਪੁਲਿਸ ਮੁਲਾਜ਼ਮਾਂ ਨੂੰ ਮੁਲਜ਼ਮ ਬਣਾਇਆ ਜਾਣਾ ਚਾਹੀਦਾ ਹੈ ਅਤੇ ਆਈਪੀਸੀ ਦੀ ਧਾਰਾ 302 ਲਗਾਈ ਜਾਣੀ ਚਾਹੀਦੀ ਹੈ, ਯਾਨੀ ਉਸ ਵਿਅਕਤੀ ਦੀ ਮੌਤ ਹੋਈ ਹੈ। ਜਾਂਚ ਵਿੱਚ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਗੋਲੀ ਆਤਮ-ਰੱਖਿਆ ਵਿਚ ਚਲਾਈ ਗਈ ਸੀ। ਬਾਕੀ ਸਫ਼ਾ 31 ’ਤੇ

# ਵਿਦਿਅਕ ਅਦਾਰਿਆਂ ਤੇ ਸਿਲੇਬਸਾਂ ਦਾ ਭਗਵਾਂਕਰਨ ਦੀ ਨੀਤੀ ਅਪਨਾ ਰਹੀ ਏ ਮੋਦੀ ਸਰਕਾਰ

**✪ ਕੋਰੋਨਾ ਮਹਾਂਮਾਰੀ ਤੇ ਲਾਕਡਾਊਨ ਦੌਰਾਨ ਵਿਦਿਆਰਥੀਆਂ ਦੀ ਪੜਾਈ ਦੇ ਹੋਏ ਨੁਕਸਾਨ ਦਾ ਬਹਾਨਾ ਬਣਾ ਕੇ ਕਿਤਾਬਾਂ ਵਿੱਚੋਂ ਲੋਕਤੰਤਰੀ ਢਾਂਚੇ, ਫੈਡਰਲਿਜ਼ਮ, ਮਨੁੱਖੀ ਅਧਿਕਾਰਾਂ ਦੀ ਸਿੱਖਿਆ ਨਾਲ ਸੰਬੰਧਿਤ 30 ਫ਼ੀਸਦੀ ਚੈਪਟਰ ਹਟਾਏ ✪ ਸੰਘ ਵਿਦਿਅਕ ਪਾਲਿਸੀ ਨੂੰ ਕੰਟਰੋਲ ਰਕਨ ਲੱਗਾ**

- ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਰੋਨਾ ਮਹਾਂਮਾਰੀ ਦੇ ਸੰਦਰਭ ਵਿੱਚ ਆਪਣੇ ਇੱਕ ਸੰਬੋਧਨ ਰਾਹੀਂ ਕਿਹਾ ਸੀ ਕਿ ਅਸੀਂ ਆਪਦਾ ਨੂੰ ਅਵਸਰ ਵਿੱਚ ਬਦਲ ਦੇਵਾਂਗੇ। ਉਸ ਵੇਲੇ ਭਾਰਤ ਦੇ ਲੋਕਾਂ ਨੇ ਸਮਝਿਆ ਸੀ ਕਿ ਪ੍ਰਧਾਨ ਮੰਤਰੀ ਲੋਕਾਂ ਦਾ ਭਲਾ ਤੇ ਵਿਕਾਸ ਕਰਨਗੇ। ਪਰ ਅਸਲ ਵਿੱਚ ਇਸ ਪਿੱਛੇ ਛੁਪਿਆ ਸੱਚ ਇਹ ਸੀ ਕਿ ਉਹ ਆਪਣੇ ਵਿਰੋਧੀਆਂ ਤੇ ਵਿਰੋਧੀ ਵਿਚਾਰਧਾਰਾਵਾਂ ਉੱਪਰ ਪਾਬੰਦੀਆਂ ਲਗਾਉਣਗੇ ਤੇ ਵਿਦਿਅਕ ਅਦਾਰਿਆਂ ਦੇ ਗਿਆਨ ਸਿਲੇਬਸਾਂ ਦਾ ਭਗਵਾਂਕਰਨ ਕਰਕੇ ਹਿੰਦੂ ਰਾਸ਼ਟਰਵਾਦ ਵਲ ਵਧਣ ਦੀ ਕੋਸ਼ਿਸ ਕਰਨਗੇ, ਜਿਸ ਦਾ ਏਜੰਡਾ ਆਰ ਐਸ ਐਸ ਨੇ ਘੜਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤਾਂ ਲਾਕਡਾਊਨ ਦੌਰਾਨ ਦਿੱਲੀ ਪੁਲਸ ਨੂੰ ਸੀਏਏ ਵਿਰੋਧੀ ਅੰਦੋਲਨਕਾਰੀਆਂ ਨੂੰ ਕੁਚਲਣ ਉੱਤੇ ਲਗਾ ਦਿੱਤਾ, ਜੋ ਕਿ ਸੰਵਿਧਾਨਕ ਨਿਯਮਾਂ ਦੇ ਉਲਟ ਸੀ। ਇਸ ਕੋਰੋਨਾ ਸਮੇਂ ਦੌਰਾਨ ਦਿੱਲੀ ਹਿੰਸਾ 2020 ਨੂੰ ਆਧਾਰ ਬਣਾ ਕੇ ਜਾਮੀਆ ਮਿਲੀਆ ਦੇ ਵਿਦਿਆਰਥੀਆਂ ਤੋਂ ਲੈ ਕੇ ਆਮ ਮੁਸਲਿਮ ਨੌਜਵਾਨਾਂ ਦੀਆਂ ਧੜਾ-ਧੜ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਪਰ ਦਿੱਲੀ ਹਿੰਸਾ ਦੇ ਜਨਮਦਾਤਾ ਜੋ ਭਾਜਪਾ ਨਾਲ ਸੰਬੰਧਿਤ ਪ੍ਰਮੁਖ ਆਗੂ ਹਨ, ਉਨਾਂ ਵਿਰੁਧ ਕੋਈ ਕੇਸ ਦਰਜ ਨਹੀਂ ਕੀਤਾ ਗਿਆ।

ਦਿੱਲੀ ਹਿੰਸਾ ਦੀ ਸ਼ੁਰੂਆਤ 23 ਫ਼ਰਵਰੀ ਨੂੰ ਭਾਜਪਾ ਆਗੂ ਕਪਿਲ ਮਿਸ਼ਰਾ ਵੱਲੋਂ ਪੁਲਸ ਦੀ ਮੌਜੂਦਗੀ ਵਿੱਚ ਦਿੱਤੇ ਉਸ ਭਾਸ਼ਣ ਨਾਲ ਹੋਈ ਸੀ, ਜਿਸ ਵਿੱਚ ਉਸ ਨੇ ਪੁਲਸ ਨੂੰ ਚਿਤਾਵਨੀ ਦਿੱਤੀ ਸੀ ਕਿ, "ਟਰੰਪ ਦੇ ਜਾਣ ਤੱਕ ਜਾਫਰਾਬਾਦ ਤੇ ਚਾਂਦ ਬਾਗ ਅੰਦੋਲਨਕਾਰੀਆਂ ਤੋਂ ਖਾਲੀ ਕਰਾਓ, ਨਹੀਂ ਤਾਂ ਸਾਨੂੰ ਸੜਕਾਂ ਉੱਤੇ ਆਉਣਾ ਪਵੇਗਾ।" ਕਪਿਲ ਮਿਸ਼ਰਾ ਦੇ ਇਸ ਭਾਸ਼ਣ ਤੋਂ ਬਾਅਦ ਹਿੰਸਾ ਭੜਕਾਈ ਗਈ। ਇਸ ਹਿੰਸਾ ਵਿੱਚ 53 ਲੋਕਾਂ ਦੀ ਮੌਤ ਹੋ ਗਈ ਤੇ ਕਰੋੜਾਂ ਦੀ ਸੰਪਤੀ ਅੱਗ ਦੇ ਹਵਾਲੇ ਕਰ ਦਿੱਤੀ ਗਈ ਜਾਂ ਲੁੱਟ ਲਈ ਗਈ।

ਇਸ ਹਿੰਸਾ ਤੋਂ ਬਾਅਦ ਸਾਜ਼ਿਸ਼ ਤਹਿਤ ਵਿਦਿਆਰਥੀਆਂ ਤੇ ਮੁਸਲਮਾਨਾਂ ਨੂੰ ਫਸਾਇਆ ਗਿਆ। ਜਿਨਾਂ ਅੰਦੋਲਨਕਾਰੀਆਂ ਦੀਆਂ ਅਦਾਲਤਾਂ ਵਲੋਂ ਜ਼ਮਾਨਤ ਵੀ ਹੋਈਆਂ ਹਨ, ਉਨਾਂ ਉੱਤੇ ਯੂ ਏ ਪੀ ਏ ਲਗਾ ਕੇ ਮੁੜ ਜੇਲ ਵਿੱਚ ਸੁਟ ਦਿੱਤਾ ਗਿਆ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਕਿਵੇਂ ਪਿੱਛੇ ਰਹਿ ਸਕਦੇ ਹਨ। ਉਨਾਂ ਨੇ ਵੀ ਭਗਵੇਂ ਪੂਰਨਿਆਂ 'ਤੇ ਸੈਂਕੜੇ ਬੇਗੁਨਾਹ ਲੋਕਾਂ ਨੂੰ ਜੇਲਾਂ ਵਿੱਚ ਸੁੱਟ ਕੇ ਉਨਾਂ ਦੀਆਂ ਜਾਇਦਾਦਾਂ ਦੀ ਨਿਲਾਮੀ ਦੇ ਨੋਟਿਸ ਕੱਢੇ ਗਏ। ਜੇਕਰ ਅਸੀਂ ਪੰਜਾਬ ਦੀ ਹਾਲਤ ਦੇਖੀਏ ਤਾਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵੀ 2020 ਵਾਲੀ ਖਾਲਿਸਤਾਨੀ ਲਹਿਰ ਨੂੰ ਕੁਚਲਣ ਦੇ ਲਈ ਯੂਏਪੀਏ ਕਾਨੂੰਨ ਤਹਿਤ ਅਨੇਕਾਂ ਬੇਗੁਨਾਹ ਸਿੱਖਾਂ ਨੂੰ ਫਸਾਇਆ ਹੈ। ਜਦ ਕਿ ਪੰਜਾਬ ਦੇ ਵਿਚ ਕੋਈ ਹਿੰਸਕ ਲਹਿਰ ਨਹੀਂ ਤਾਂ ਅਜਿਹਾ ਕਾਨੂੰਨ ਵਰਤਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸੀ। ਇਸ ਦਾ ਬਸਪਾ ਦੇ ਜਸਬੀਰ ਸਿੰਘ ਗੜੀ ਤੇ ਸੁਖਪਾਲ ਸਿੰਘ ਖਹਿਰਾ ਨੇ ਤਿੱਖੀ ਆਲੋਚਨਾ ਕੀਤੀ ਹੈ। ਦਲ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਵੀ ਬਿਆਨ ਆ ਚੁੱਕੇ ਹਨ। ਪੰਜਾਬ ਦੇ ਸਿੱਖਾਂ ਨੂੰ ਇੰਝ ਜਾਪਣ ਲੱਗਾ ਹੈ ਕਿ ਜਿਵੇਂ ਕੈਪਟਨ ਸਰਕਾਰ ਦਾ ਵੀ ਮੋਦੀਕਰਨ ਤੇ ਭਗਵਾਂਕਰਨ ਹੋ ਚੁੱਕਾ ਹੈ।

## ਗਿਆਨ ਸਿਲੇਬਸਾਂ ਦਾ ਭਗਵਾਂਕਰਨ

ਤੁਹਾਨੂੰ ਯਾਦ ਕਰਵਾ ਦੇਈਏ ਕਿ ਦੇਸ਼ ਦੇ ਮੌਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਉਨਾਂ ਨੇ ਯੂਰਪ ਦੀ ਇਕ ਮਸ਼ਹੂਰ ਸਮਾਚਾਰ ਏਜੰਸੀ ਰਾਇਟਰ ਨੂੰ 12 ਜੁਲਾਈ 2013 ਨੂੰ ਇੰਟਰਵਿਊ ਦਿੰਦੇ ਹੋਏ ਖੁਦ ਨੂੰ ਹਿੰਦੂ ਰਾਸ਼ਟਰਵਾਦੀ ਦੱਸਿਆ ਸੀ। ਉਸ ਦਾ ਸਾਫ ਮਤਲਬ ਇਹ ਨਿਕਲਦਾ ਹੈ ਕਿ ਮੋਦੀ ਭਾਰਤੀ ਰਾਸ਼ਟਰਵਾਦੀ ਨਹੀਂ ਹਨ, ਬਲਕਿ ਹਿੰਦੂ ਰਾਸ਼ਟਰਵਾਦੀ ਹਨ। ਜੇਕਰ ਆਰ ਐਸ ਐਸ ਦਾ ਇਕ ਵੱਡਾ ਨੇਤਾ ਖੁਦ ਨੂੰ ਹਿੰਦੂ ਰਾਸ਼ਟਰਵਾਦੀ ਦਸ ਰਿਹਾ ਹੈ ਤੇ ਉਹ ਇਹੀ ਵੀ ਮੰਨ ਰਿਹਾ ਹੈ ਕਿ ਭਾਰਤ ਵਿਚ ਰਹਿ ਰਹੇ ਹੋਰ ਧਰਮਾਂ ਦੇ ਸ਼ਰਧਾਲੂ ਭਿੰਨ ਭਿੰਨ ਰਾਸ਼ਟਰ ਹਨ ਤਾਂ ਕੋਈ ਵੀ ਭਾਰਤੀ ਰਾਸ਼ਟਰਵਾਦੀ ਨਹੀਂ ਹੈ। ਫਿਰ ਸੁਆਲ ਪੈਦਾ ਹੋ ਜਾਂਦਾ ਹੈ ਕਿ ਭਾਰਤ ਦੇ ਲੋਕਾਂ ਵਿਚ ਏਕਤਾ ਕਿੱਥੇ ਹੈ ਤੇ ਏਕਤਾ ਕੌਣ ਤੋੜ ਰਿਹਾ ਹੈ। ਜੇ ਏਕਤਾ ਨਹੀਂ ਤਾਂ ਰਾਸ਼ਟਰ ਕਿਵੇਂ ਇਕ ਹੋ ਸਕਦਾ ਹੈ?

ਇੱਥੇ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਬਣਨ ਤੋਂ ਬਾਅਦ ਆਰ. ਐਸ. ਐਸ. ਨੇ ਆਪਣੇ ਭਗਵੇਂ ਏਜੰਡੇ ਨੂੰ ਤੇਜ਼ੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਮੋਦੀ ਸਰਕਾਰ ਵਲੋਂ ਆਪਣੇ ਏਜੰਡੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਤਿੰਨੇ ਫੌਜਾਂ ਦੇ ਮੁੱਖੀ, ਸੁਪਰੀਮ ਕੋਰਟ ਦੇ ਜੱਜ ਤੇ ਹੋਰ ਉੱਚ ਅਹੁਦਿਆਂ 'ਤੇ ਪਹਿਲਾਂ ਹੀ ਤਿਆਰ ਕੀਤੇ ਹੋਏ ਆਈਏਐਸ.,ਆਈਪੀਐਸ. ,ਪੀਸੀਐਸ.,ਆਈਐਫਐਸ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਆਦਿ ਆਪਣੇ ਵਿਅਕਤੀ ਹੁਣ ਤੱਕ ਲਗਾਏ ਜਾ ਰਹੇ ਹਨ।





ਆਰ ਐਸ ਐਸ ਹੁਣ ਭਗਵੇਂ ਸਿੱਖਿਆ ਏਜੰਡੇ ਲਈ ਲਗਾਤਾਰ ਸਰਗਰਮ ਹੈ ਤੇ ਉਹ ਪੂਰੇ ਭਾਰਤ ਦਾ ਇਤਿਹਾਸ ਬਦਲ ਰਹੀ ਹੈ ਤਾਂ ਜੋ ਇਤਿਹਾਸ ਦਾ ਭਗਵਾਂਕਰਨ ਕਰਕੇ ਹਿੰਦੂ ਰਾਸ਼ਟਰਵਾਦ ਵਲ ਵਧਿਆ ਜਾਵੇ। ਇਸ ਸੰਬੰਧ ਵਿਚ ਸਿਖ ਇਤਿਹਾਸ ਦਾ ਭਗਵਾਂਕਰਨ ਤੇ ਗੁਰਬਾਣੀ ਦੀ ਬ੍ਰਾਹਮਣਵਾਦੀ ਵਿਆਖਿਆ ਤੇ ਅੰਬੇਡਕਰ ਦੀਆਂ ਬ੍ਰਾਹਮਣਵਾਦ ਵਿਰੋਧੀ ਨੀਤੀਆਂ ਦਾ ਭਗਵਾਂਕਰਨ ਕਰਕੇ ਬ੍ਰਾਹਮਣਵਾਦ ਵਿਰੋਧੀ ਫਲਸਫਿਆਂ ਨੂੰ ਹਿੰਦੂ ਰਾਸ਼ਟਰਵਾਦ ਦੇ ਹੱਕ ਵਿਚ ਭੁਗਤਾਇਆ ਜਾਵੇ ਤਾਂ ਜੋ ਸਿਖ ਤੇ ਮੂਲਨਿਵਾਸੀ ਹਿੰਦੂ ਧਰਮ ਦਾ ਇਕ ਹਿੱਸਾ ਬਣ ਸਕਣ। ਇਹ ਰਾਜ ਕਰਨ ਦਾ ਚਾਣਕੀਆ ਨੀਤੀ ਅਨੁਸਾਰ ਇਕ ਢੰਗ ਹੈ। ਆਰ ਐਸ ਐਸ ਲਗਾਤਾਰ ਸਿੱਖਿਆ ਦੇ ਖੇਤਰ ਵਿਚ ਕੰਮ ਕਰਦੀ ਆ ਰਹੀ ਹੈ। ਆਰ ਐਸ ਐਸ ਦੀ ਭਗਵੀਂਵਾਦੀ ਸਿੱਖਿਆ ਨੀਤੀ ਦਾ ਪ੍ਰਚਾਰ ਤੇ ਪਾਸਾਰ ਸਰਵਸਵਤੀ ਸਿੱਖਿਆ ਮੰਦਰ, ਏਕਲ ਸਕੂਲ ਤੇ ਵਿਦਿਆ ਭਾਰਤੀ ਸੰਸਥਾਵਾਂ ਕਰਦੀਆਂ ਆ ਰਹੀਆਂ ਹਨ। ਮੋਦੀ ਦੇ ਰਾਜ ਦੌਰਾਨ ਆਰ ਐਸ ਐਸ ਨੇ ਭਾਰਤ ਦੀਆਂ ਪ੍ਰਮੁਖ ਯੂਨੀਵਰਸਿਟੀਆਂ ਤੇ ਸੋਧ ਸੰਸਥਾਵਾਂ ਦੇ ਉੱਚੇ ਅਹੁਦਿਆਂ 'ਤੇ ਭਗਵੇਂਵਾਦੀ ਏਜੰਡੇ ਨਾਲ ਸਹਿਮਤ ਵਿਦਵਾਨ ਬਿਰਾਜਮਾਨ ਹਨ। ਭਾਜਪਾ ਦੀ ਅਗਵਾਈ ਵਾਲੀ ਪਿਛਲੀ ਐਨਡੀਏ ਸਰਕਾਰ ਜਿਸ ਦੀ ਅਗਵਾਈ ਅਟਲ ਬਿਹਾਰੀ ਵਾਜਪਾਈ ਕਰ ਰਹੇ ਸਨ, ਨੇ ਵੀ ਸਿੱਖਿਆ ਦੇ ਭਗਵਾਂਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਉਨਾਂ ਨੇ ਸਕੂਲੀ ਸਿਲੇਬਸਾਂ ਵਿਚ ਪਰਿਵਰਤਨ ਕੀਤੇ ਸਨ ਤੇ ਮਿੱਥਕ ਸਾਹਿਤ ਤੇ ਕਰਮਕਾਂਡ ਵਰਗੇ ਸਿਲੇਬਸ ਲਾਗੂ ਕੀਤੇ ਸਨ। ਆਰਐੱਸਐੱਸ ਤੇ ਭਾਜਪਾ ਵਰਗੇ ਹਿੰਦੂਵਾਦੀ ਸੰਗਠਨਾਂ ਦੀ ਰਾਏ ਇਹ ਵੀ ਹੈ ਕਿ ਬ੍ਰਿਟਿਸ਼ ਸਾਮਰਾਜ ਦੇ ਦੌਰ ਵਿਚ ਲਿਖੀਆਂ ਗਈਆਂ ਦੇਸ ਦੇ ਇਤਿਹਾਸ ਦੀਆਂ ਕਿਤਾਬਾਂ ਵਿਚ ਹਿੰਦੂ ਸੰਸਕ੍ਰਿਤੀ ਤੇ ਸੱਭਿਅਤਾ ਤੇ ਉਸ ਦੀਆਂ ਪ੍ਰਾਪਤੀਆਂ ਨੂੰ ਗਲਤ ਢੰਗ ਨਾਲ ਪੇਸ਼ ੀਤਾ ਗਿਆ ਹੈ। ਉਨਾਂ ਦੀ ਵਿਚਾਰਧਾਰਾ ਇਹ ਹੈ ਕਿ 'ਭਾਰਤ ਹਿੰਦੂਆਂ ਦਾ ਹੈ, ਹਿੰਦੂਆਂ ਲਈ ਹੈ'।

ਆਰਐੱਸਐੱਸ ਦੇ ਸੰਸਥਾਪਕਾਂ ਦਾ ਖਿਆਲ ਸੀ ਕਿ ਆਰੀਅਨ ਨਸਲ ਦੇ ਲੋਕ ਅਸਲ ਭਾਰਤੀ ਹਨ ਅਤੇ ਹਿੰਦੂਆਂ ਦੀਆਂ ਦੋ ਅਹਿਮ ਕਿਤਾਬਾਂ 'ਮਹਾਂਭਾਰਤ' ਅਤੇ 'ਰਮਾਇਣ' ਸਿਰਫ ਧਾਰਮਿਕ ਕਿਤਾਬਾਂ ਨਹੀਂ, ਸਗੋਂ ਇਤਿਹਾਸਕ ਹਕੀਕਤ ਹਨ।

ਮੋਦੀ ਸਰਕਾਰ ਨੇ ਕੁਝ ਸਮੇਂ ਪਹਿਲਾਂ ਇਤਿਹਾਸਕਾਰਾਂ, ਪੁਰਾਤਤਵ ਵਿਗਿਆਨੀਆਂ ਤੇ ਸੰਸਕ੍ਰਿਤੀ ਦੇ ਸਕਾਲਰਾਂ ਦੀ ਇਕ ਕਮੇਟੀ ਬਣਾਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਮੇਟੀ ਸਾਬਿਤ ਕਰੇਗੀ ਕਿ ਮੌਜੂਦਾ ਭਾਰਤ ਵਿਚ ਵਸਣ ਵਾਲੇ ਲੋਕ ਸਭ ਤੋਂ ਪਹਿਲਾਂ ਵਸਣ ਵਾਲੇ ਆਰੀਅਨ ਲੋਕਾਂ ਦੀਆਂ ਸੰਤਾਨਾਂ ਹੀ ਹਨ। ਇਹ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਇਹ ਕਮੇਟੀ ਪੁਰਾਤਤਵਿਕ, ਪ੍ਰਾਚੀਨ ਪਾਂਡੂਲਿਪੀਆਂ ਤੇ ਡੀਐੱਨਏ ਦੇ ਆਧਾਰ 'ਤੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰੇਗੀ ਕਿ ਮੌਜੂਦਾ ਹਿੰਦੂ ਹੀ ਦੇਸ ਵਿਚ ਹਜ਼ਾਰਾਂ ਸਾਲ ਪਹਿਲਾਂ ਆਬਾਦ ਹੋਣ ਵਾਲੇ ਲੋਕਾਂ ਦੀਆਂ ਨਸਲਾਂ ਹਨ। ਇਤਿਹਾਸਕਾਰਾਂ ਦੀ ਇਹ ਕਮੇਟੀ ਇਹ ਵੀ ਸਾਬਿਤ ਕਰੇਗੀ ਕਿ ਹਿੰਦੂਆਂ ਦੀਆਂ ਪ੍ਰਾਚੀਨ ਧਾਰਮਿਕ ਕਿਤਾਬਾਂ ਸਿਰਫ ਕਹਾਣੀਆਂ ਨਹੀਂ ਇਤਿਹਾਸਕ ਹਕੀਕਤ ਹਨ ਅਤੇ ਉਸ ਦੇ ਪਾਤਰ ਅਸਲੀ ਹਨ।

ਸੰਨ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਪ੍ਰਾਚੀਨ, ਮੱਧ ਕਾਲੀਨ ਤੇ ਆਧੁਨਿਕ ਭਾਰਤੀ ਇਤਿਹਾਸ ਨੂੰ ਆਰ ਐਸ ਐਸ ਦੇ ਦ੍ਰਿਸ਼ਟੀਕੋਣ ਅਨੁਸਾਰ ਵਿਦਿਆਰਥੀਆਂ 'ਤੇ ਥੋਪਿਆ ਜਾ ਰਿਹਾ ਹੈ।

ਆਰ ਐਸ ਐਸ ਦੀਆਂ ਹਦਾਇਤਾਂ 'ਤੇ ਜਿਸ ਤਰਾਂ ਦੀ ਸਿੱਖਿਆ ਵਿਵਸਥਾ ਲਾਗੂ ਕੀਤੀ ਜਾ ਰਹੀ ਹੈ, ਉਸ ਦਾ ਅੰਤਿਮ ਨਿਸ਼ਾਨਾ ਆਉਣ ਵਾਲੀਆਂ ਪੀੜੀਆਂ ਦੇ ਸੋਚਣ ਦੇ ਤਰੀਕਿਆਂ ਵਿਚ ਤਬਦੀਲੀ ਲਿਆਉਣਾ ਹੈ। ਇਸ ਦਾ ਉਦੇਸ਼ ਬ੍ਰਾਹਮਣਵਾਦੀ ਸੋਚ ਨੂੰ ਸਮਾਜ 'ਤੇ ਜ਼ਬਰੀ ਲਾਗੂ ਕਰਨਾ ਹੈ ਤੇ ਵਿਗਿਆਨਕ ਸਮਝ ਨੂੰ ਕਮਜ਼ੋਰ ਕਰਨਾ ਹੈ ਤੇ ਮੱਧ ਕਾਲੀਨ ਰੂੜੀਵਾਦੀ ਮਾਨਸਿਕਤਾ ਤੇ ਜਾਤੀਵਾਦੀ ਸਿਸਟਮ ਨੂੰ ਉਤਸ਼ਾਹਿਤ ਕਰਨਾ ਹੈ। ਹੁਣੇ ਜਿਹੇ ਇਕ ਮੀਟਿੰਗ ਵਿਚ ਆਰ ਐਸ ਐਸ ਦੇ ਨੇਤਾਵਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਤਿਹਾਸ ਤੇ ਹੋਰ ਵਿਸ਼ਿਆਂ ਦੀਆਂ ਪੁਸਤਕਾਂ ਆਪਣੇ ਢੰਗ ਨਾਲ ਲਿਖੀਆਂ ਹਨ। ਇਹ ਇਤਿਹਾਸ ਸੱਚਾ ਨਹੀਂ ਹੈ ਤੇ ਹਿੰਦੂ ਵਿਰੋਧੀ ਹੈ। ਹੁਣ ਸਮਾਂ ਆ ਗਿਆ ਹੈ ਕਿ ਵਿਦਿਆਰਥੀਆਂ ਨੂੰ ਅਸਲੀ ਇਤਿਹਾਸ ਪੜਾਇਆ ਜਾਵੇ ਤੇ ਸਿੱਖਿਆ ਵਿਵਸਥਾ ਨੂੰ ਸਹੀ ਦਿਸ਼ਾ ਵਿਚ ਲਿਆਂਦਾ ਜਾਵੇ।

ਤੁਹਾਨੂੰ ਯਾਦ ਕਰਵਾ ਦੇਈਏ ਕਿ 23 ਜੂਨ 2013 ਦੌਰਾਨ ਭਾਜਪਾ ਦੇ ਸੀਨੀਅਰ ਨੇਤਾ ਵੇਕਈਆ ਨਾਇਡੂ ਨੇ ਕਿਹਾ ਸੀ ਕਿ ਜੇਕਰ ਭਾਜਪਾ ਸੱਤਾ ਵਿਚ ਵਾਪਸ ਆਈ ਤਾਂ ਉਹ ਸਿਲੇਬਸ ਬਦਲੇਗੀ। ਬੱਤਰਾ ਦੇਸ ਵਿਚ ਰਾਸ਼ਟਰਵਾਦੀ ਸਿੱਖਿਆ ਪ੍ਰਣਾਲੀ ਲਾਗੂ ਕਰਨਾ ਚਾਹੁੰਦੇ ਹਨ, ਜਿਸ ਦੇ ਰਾਹੀਂ ਇਕ ਅਜਿਹੀ ਨਵੀਂ ਪੀੜੀ ਉਭਰੇ ਜੋ ਹਿੰਦੂ ਰਾਸ਼ਟਰਵਾਦ ਦੇ ਪ੍ਰਤੀ ਪ੍ਰਤੀਬੱਧ ਹੋਵੇ।

ਆਰ ਐਸ ਐਸ ਪੁਰਾਣਾਂ ਨੂੰ ਇਤਿਹਾਸ ਦਾ ਭਾਗ ਬਣਾਉਣਾ ਚਾਹੁੰਦੀ ਹੈ। ਆਰ ਐਸ ਐਸ ਹੁਣ ਆਪਣੀ ਸਿੱਖਿਆ ਪ੍ਰਣਾਲੀ ਰਾਹੀਂ ਇਹ ਝੂਠਾ ਦਾਅਵਾ ਕਰ ਰਹੀ ਹੈ ਕਿ ਆਰੀਅਨ ਭਾਰਤ ਦੇ ਮੂਲਨਿਵਾਸੀ ਸਨ। ਮੋਹਨਜੋਦੋੜੋ ਤੇ ਹੜੱਪਾ ਨੂੰ ਆਰੀਆ ਸੱਭਿਅਤਾ ਦੱਸਣ ਦਾ ਯਤਨ ਕੀਤਾ ਜਾ ਰਿਹਾ ਹੈ। ਰਾਮਾਇਣ ਤੇ ਮਹਾਂਭਾਰਤ ਦੀ ਇਤਿਹਾਸਕਤਾ ਨੂੰ ਸਾਬਤ ਕਰਨ ਦੇ ਯਤਨ ਹੋ ਰਹੇ ਹਨ। ਹਾਲਾਂਕਿ ਹੁਣ ਤੱਕ ਸਮਝਿਆ ਜਾਂਦਾ ਹੈ ਕਿ ਰਾਮਾਇਣ ਤੇ ਮਹਾਂਭਾਰਤ ਇਤਿਹਾਸ ਨਹੀਂ, ਮਿਥਿਹਾਸ ਹਨ। ਪਰ ਆਰ ਐਸ ਐਸ ਰਾਮਾਇਣ ਤੇ ਮਹਾਂਭਾਰਤ ਮਹਾਂਕਾਵਾਂ ਨੂੰ ਇਤਿਹਾਸ ਦਾ ਦਰਜ ਦਿਵਾਉਣ ਦੇ ਲਈ ਸਰਗਰਮ ਹੈ ਤੇ ਇਸੇ ਗੱਲ ਨੂੰ ਉਹ ਲਗਾਤਾਰ ਪ੍ਰਚਾਰ ਰਹੀ ਹੈ। ਇਹੀ ਕਾਰਨ ਹੈ ਕਿ ਇਨਾਂ ਗ੍ਰੰਥਾਂ ਨੂੰ ਸਿਲੇਬਸ ਦਾ ਆਧਾਰ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

## ਮੋਦੀ ਸਰਕਾਰ ਵਲੋਂ ਆਰ ਐਸ ਐਸ ਦਾ ਏਜੰਡਾ

## ਲਾਗੂ ਕਰਨ ਦੇ ਯਤਨ

ਹੁਣੇ ਜਿਹੇ ਮੋਦੀ ਸਰਕਾਰ ਵਲੋਂ ਇੱਕ ਸੋਚੀ-ਸਮਝੀ ਨੀਤੀ ਤਹਿਤ ਪਾਠਕ੍ਰਮ ਉੱਤੇ ਹਮਲਾ ਬੋਲ ਦਿੱਤਾ ਗਿਆ ਹੈ। ਕੋਰੋਨਾ ਮਹਾਂਮਾਰੀ ਤੇ ਲਾਕਡਾਊਨ ਦੌਰਾਨ ਵਿਦਿਆਰਥੀਆਂ ਦੀ ਪੜਾਈ ਦੇ ਹੋਏ ਨੁਕਸਾਨ ਦਾ ਬਹਾਨਾ ਬਣਾ ਕੇ ਕਿਤਾਬਾਂ ਵਿੱਚੋਂ 30 ਫ਼ੀਸਦੀ ਚੈਪਟਰ ਹਟਾਏ ਜਾ ਚੁੱਕੇ ਹਨ। ਇਹ ਉਹੋ ਚੈਪਟਰ ਹਨ, ਜਿਹੜੇ ਸਾਡੇ ਲੋਕਤੰਤਰੀ ਢਾਂਚੇ ਦੀ ਸਿੱਖਿਆ ਲਈ ਅਹਿਮ ਹਨ, ਪਰ ਆਰ ਐੱਸ ਐੱਸ ਨੂੰ ਹਮੇਸ਼ਾ ਚੁਭਦੇ ਰਹੇ ਹਨ। ਗਿਆਰਵੀਂ ਦੀ ਜਮਾਤ ਦੀ ਪੁਲੀਟੀਕਲ ਸਾਇੰਸ ਦੀ ਕਿਤਾਬ ਵਿੱਚੋਂ ਫੈਡਰਲਿਜ਼ਮ ਨਾਲ ਸੰਬੰਧਿਤ ਲੇਖ ਸਥਾਨਕ ਸਰਕਾਰਾਂ ਦੀ ਜ਼ਰੂਰਤ, ਭਾਰਤ ਵਿੱਚ ਸਥਾਨਕ ਸਰਕਾਰਾਂ ਦੇ ਵਿਕਾਸ, ਨਾਗਰਿਕਤਾ, ਰਾਸ਼ਟਰਵਾਦ ਤੇ ਧਰਮ ਨਿਰਪੱਖਤਾ ਪੂਰੀ ਤਰਾਂ ਹਟਾ ਦਿੱਤੇ ਗਏ ਹਨ। ਆਰ ਐੱਸ ਐੱਸ ਦੀ ਵਿਚਾਰਧਾਰਾ ਵਿੱਚ ਫੈਡਰਲਿਜ਼ਮ ਨੂੰ ਕੋਈ ਥਾਂ ਨਹੀਂ, ਉਹ ਤਾਂ ਦੇਸ਼ ਵਿੱਚ ਹਿੰਦੂ ਰਾਸ਼ਟਰ ਸਥਾਪਨਾ ਕਰਨਾ ਚਾਹੁੰਦੀ ਹੈ। ਧਰਮ ਨਿਰਪੱਖਤਾ ਨਾਲ ਨਫ਼ਰਤ ਤਾਂ ਆਰ ਐਸ ਐਸ ਦਾ ਇਤਿਹਾਸ ਰਿਹਾ ਹੈ। ਘੱਟ ਗਿਣਤੀਆਂ ਤੇ ਦੱਬੇ ਕੁਚਲਿਆਂ ਨਾਲ ਉਹ ਨਫ਼ਰਤ ਕਰਦੀ ਰਹੀ ਹੈ, ਕਿਉਂਕਿ ਉਹ ਮਨੂ ਸਿਮਰਤੀਆਂ ਦੀ ਉਪਾਸ਼ਕ ਹੈ। ਸੰਘ ਸਮਝਦਾ ਹੈ ਕਿ ਭਾਰਤ ਵਿੱਚ ਹਿੰਦੂ ਰਾਸ਼ਟਰ ਦੀ ਕਾਇਮੀ ਲਈ ਧਰਮ ਨਿਰਪੱਖਤਾ ਹੀ ਸਭ ਤੋਂ ਵੱਡਾ ਅੜਿੱਕਾ ਹੈ। ਆਰ ਐਸ ਐਸ ਕਿਸ ਤਰਾਂ ਇਸ ਦੇਸ਼ ਦੀਆਂ ਵੱਖ ਵੱਖ ਕੌਮਾਂ ਨੂੰ ਲੜਾਉਣ ਵਿਚ ਲੱਗੀ ਹੈ, ਇਸ ਦਾ ਅਨੁਮਾਨ ਗੁਰੂ ਗੋਲਵਲਕਰ ਦੇ ਹੇਠ ਲਿਖੇ ਵਿਚਾਰਾਂ ਤੋਂ ਚੰਗੀ ਤਰਾਂ ਲਗਾਇਆ ਜਾ ਸਕਦਾ ਹੈ :

***"ਗੋਲਵਲਕਰ ਦੁਆਰਾ 1939 ਵਿਚ ਛਪਾਈ ਗਈ ਕਿਤਾਬ 'ਦਿ ਆਵਰ ਨੇਸ਼ਨ ਹੁੱਡ ਡਿਫਾਈਨਡ'*** ਵਿਚ ਜਰਮਨੀ ਦੇ ਤਾਨਾਸ਼ਾਹ ਹਿਟਲਰ ਦੁਆਰਾ ਉਸਾਰੇ ਨਾਜ਼ੀ ਸੱਭਿਆਚਾਰਕ ਰਾਸ਼ਟਰਵਾਦ ਦਾ ਗੁਣ-ਗਾਇਨ ਕੀਤਾ ਗਿਆ ਹੈ। ਨਾਲ ਹੀ ਇਸ ਦੇਸ਼ ਦੀਆਂ ਘੱਟ ਗਿਣਤੀਆਂ ਦੇ ਬਾਰੇ ਵਿਚ ਜੋ ਯੋਜਨਾ ਦੱਸੀ ਗਈ ਹੈ, ਉਹ ਇਸ ਦੇਸ਼ ਦੀ ਬਰਬਾਦੀ ਦੀ ਇੱਛਾ ਰੱਖਣ ਵਾਲੇ ਕਿਸੇ ਵੀ ਜਥੇਬੰਦੀ ਨੂੰ ਬਹੁਤ ਵਧੀਆ ਲੱਗੇਗੀ। ਗੁਰੂ ਗੋਲਵਲਕਰ ਆਖਦੇ ਹਨ ਕਿ ਤੁਹਾਨੂੰ ਇਹ ਗੱਲ ਆਪਣੇ ਮਨ ਵਿਚ ਬਿਠਾਉਣੀ ਜ਼ਰੂਰੀ ਹੈ ਕਿ ਕਿਵੇਂ ਪ੍ਰਾਚੀਨ ਰਾਸ਼ਟਰਾਂ ਨੇ ਆਪਣੀ ਘੱਟ ਗਿਣਤੀ ਸਮੱਸਿਆ ਦਾ ਹੱਲ ਕੀਤਾ। ਪ੍ਰਾਚੀਨ ਰਾਸ਼ਟਰ ਆਪਣੇ ਰਾਜ ਵਿਚ ਕਿਸੇ ਵੀ ਵੱਖਰੇ ਤੱਤ ਤੇ ਵੱਖਰੀ ਸੰਸਕ੍ਰਿਤੀ ਨੂੰ ਸਵੀਕਾਰ ਕਰਨ ਦੇ ਲਈ ਤਿਆਰ ਨਹੀਂ ਸਨ। ਪ੍ਰਵਾਸੀਆਂ (ਇਸ ਤੋਂ ਗੋਲਵਲਕਰ ਦਾ ਮਤਲਬ ਮੁਸਲਮ ਤੇ ਇਸਾਈ ਹੈ) ਨੂੰ ਪ੍ਰਕਿਰਤਕ ਤੌਰ 'ਤੇ ਜਨਸੰਖਿਆ ਦੇ ਮੁੱਖ ਭਾਗ ਵਿਚ ਅਰਥਾਤ ਰਾਸ਼ਟਰੀ ਨਸਲ ਵਿਚ ਆਪਣੇ ਆਪ ਨੂੰ ਜ਼ਜਬ ਕਰਨਾ ਚਾਹੀਦਾ ਹੈ। ਰਾਸ਼ਟਰੀ ਨਸਲ ਦੀ ਸੰਸਕ੍ਰਿਤੀ ਭਾਸ਼ਾ ਤੇ ਵਿਚਾਰਧਾਰਾ ਨੂੰ ਸਵੀਕਾਰਦੇ ਹੋਏ ਆਪਣਾ ਅਲੱਗ ਵਜੂਦ ਨੂੰ ਤਿਆਗਣਾ ਚਾਹੀਦਾ ਹੈ। ਜੇਕਰ ਅਜਿਹਾ ਨਹੀਂ ਕਰਦੇ ਤਾਂ ਕੇਵਲ ਵਿਦੇਸ਼ੀਆਂ ਦੀ ਤਰਾਂ ਰਹਿ ਸਕਦੇ ਹਨ। ਪਰ ਉਨਾਂ ਨੂੰ ਕਿਸੇ ਵੀ ਤਰਾਂ ਦੀ ਵਿਸ਼ੇਸ਼ ਸੁਰੱਖਿਆ ਨਹੀਂ ਮਿਲੇਗੀ ਤੇ ਨਾ ਹੀ ਵਿਸ਼ੇਸ਼ ਅਧਿਕਾਰ ਸਹੂਲਤ ਦੇ ਹੱਕਦਾਰ ਹੋਣਗੇ। ਅਜਿਹੇ ਵਿਦੇਸ਼ੀ ਤੱਤਾਂ ਦੇ ਲਈ ਸਿਰਫ਼ ਦੋ ਰਸਤੇ ਖੁੱਲੇ ਹਨ ਜਾਂ ਤਾਂ ਰਾਸ਼ਟਰੀ ਨਸਲ ਵਿਚ ਪੂਰੀ ਤਰਾਂ ਘੁੱਲ ਮਿਲ ਜਾਣ, ਉਸ ਦੀ ਸੰਸਕ੍ਰਿਤੀ ਨੂੰ ਸਵੀਕਾਰ ਲੈਣ ਜਾਂ ਰਾਸ਼ਟਰੀ ਨਸਲ ਦੇ ਰਹਿਮੋ ਕਰਮ 'ਤੇ ਦੇਸ਼ ਵਿਚ ਰਹਿਣ। ਇਹੀ ਇਕੋ ਇਕ ਤਾਰਕਿਕ ਤੇ ਸਹੀ ਹੱਲ ਹੈ। ਪੁਰਾਣੇ ਸਮਝਦਾਰ ਦੇਸਾਂ ਦੇ ਅਨੁਭਵ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੋਸਤਾਨ ਵਿਚ ਗ਼ੈਰ ਹਿੰਦੂ ਜਨਤਾ ਨੂੰ ਜਾਂ ਤਾਂ ਹਿੰਦੂ ਸੰਸਕ੍ਰਿਤੀ ਤੇ ਭਾਸ਼ਾ ਅਪਨਾ ਲੈਣੀ ਚਾਹੀਦੀ ਹੈ, ਹਿੰਦੂ ਧਰਮ ਦਾ ਆਦਰ ਤੇ ਸਨਮਾਨ ਕਰਨਾ ਸਿੱਖਣਾ ਚਾਹੀਦਾ ਹੈ ਤੇ ਹਿੰਦੂ ਨਸਲ ਤੇ ਹਿੰਦੂ ਸੰਸਕ੍ਰਿਤੀ ਅਰਥਾਤ ਹਿੰਦੂ ਰਾਸ਼ਟਰ ਦਾ ਗੁਣਗਾਇਨ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਕਰਨਾ ਚਾਹੀਦਾ। ਉਨਾਂ ਨੂੰ ਆਪਣਾ ਅਲੱਗ ਅਲੱਗ ਵਜੂਦ ਖਤਮ ਕਰ ਦੇਣਾ ਚਾਹੀਦਾ ਹੈ ਤਾਂ ਕਿ ਉਹ ਹਿੰਦੂ ਨਸਲ ਦੇ ਵਿਚ ਜਜ਼ਬ ਹੋ ਜਾਣ। ਨਹੀਂ ਤਾਂ ਉਹ ਦੇਸ਼ ਵਿਚ ਨਹੀਂ ਰਹਿ ਸਕਦੇ।

***(ਗੋਲਵਲਕਰ ਵੀ ਆਰ ਨੇਸ਼ਨ ਹੁੱਡ ਡਿਫਾਈਨਡ ਭਾਰਤ ਪਬਲੀਕੇਸ਼ਨ ਨਾਗਪੁਰ 1939 ਪੰਨਾ 47-48)***

ਸਕੂਲੀ ਸਿੱਖਿਆ ਉੱਤੇ ਇਸ ਵਿਚਾਰ ਅਧੀਨ 9ਵੀਂ ਜਮਾਤ ਦੇ ਪੁਲੀਟੀਕਲ ਸਾਇੰਸ ਵਿਸ਼ੇ ਵਿੱਚੋਂ 'ਲੋਕਤੰਤਰਿਕ ਅਧਿਕਾਰ' ਚੈਪਟਰ ਨੂੰ ਹਟਾ ਦਿੱਤਾ ਗਿਆ ਹੈ।

ਬਾਕੀ ਸਫ਼ਾ 32 'ਤੇ

# ਅਰਦਾਸ



- ਡਾ. ਹਰਪਾਲ ਸਿੰਘ ਪੰਨੂ

ਖੇਤ ਵਿਚ ਖੂਹ ਖੋਦਣਾ ਸੀ, ਇਸ ਵਾਸਤੇ ਉੱਚ ਕੋਟੀ ਦਾ ਉਸਤਾਦ ਲੱਭਣ ਲਈ ਸਾਰੇ ਚਾਚੇ ਬਾਬੇ ਪੁੱਛ-ਗਿੱਛ ਕਰਨ ਲੱਗੇ। ਪਤਾ ਲੱਗਾ ਫਕੀਰੀਆ ਨਾਮ ਦਾ ਮਾਹਿਰ ਇਨੀਂ ਦਿਨੀ ਕਕਰਾਲੇ ਪਿੰਡ ਵਿਚ ਕਿਸੇ ਖੇਤ, ਖੂਹ ਦੀ ਚਿਣਾਈ ਕਰਵਾ ਰਿਹਾ ਹੈ। ਕਕਰਾਲੇ ਗਏ, ਲੱਭ ਲਿਆ, ਕਹਿੰਦਾ ਮਹੀਨਾ ਇੱਥੇ ਲੱਗੇਗਾ ਫਿਰ ਆਕੇ ਲੈ ਜਾਇਓ। ਸਾਈ ਫੜਾਈ, ਪ੍ਰਸੰਨ-ਚਿੱਤ ਬਾਬੇ ਪਰਤ ਆਏ। ਮਹੀਨੇ ਦਾ ਕੀ ਹੈ, ਆਇਆ ਕਿ ਆਇਆ।

ਪਤਾ ਲੱਗਾ ਬਾਬਾ ਜੀ ਦੇ ਘਰ ਫਕੀਰੀਆ ਆਇਆ ਬੈਠਾ ਹੈ। ਅਸੀਂ ਬੱਚੇ ਉਸਨੂੰ ਦੇਖਣ ਵਾਸਤੇ ਦੌੜੇ। ਮਾਲਵੇ ਦੇ ਲੋਕ ਚੰਗੇ ਭਲੇ ਸ਼ਬਦ ਨੂੰ ਆਰਾਮ ਨਾਲ ਵਿਗਾੜ ਕੇ ਸੱਤਿਆਨਾਸ ਕਰ ਦਿੰਦੇ ਹਨ। ਸਾਰੇ ਉਸਨੂੰ ਪਖੀਰੀਆ ਕਹਿਕੇ ਬੁਲਾਉਂਦੇ, ਸਾਨੂੰ ਬੱਚਿਆਂ ਨੂੰ ਹੁਕਮ ਹੋਇਆ ਕਿ ਪਖੀਰੀਏ ਨੂੰ ਤਾਇਆ ਕਹਿਣਾ ਹੈ।

ਪਿੰਡ ਦਰਜੀ ਹੁੰਦਾ ਸੀ, ਉਸਦਾ ਨਾਮ ਸੀ ਸੇਰਲੀ ਪਖੀਰ। ਮੈਨੂੰ ਸਮਝ ਨਾ ਆਏ ਇਹ ਕੀ ਨਾਮ ਹੋਇਆ- ਸੇਰਲੀ ਪਖੀਰ ! ਇਸ ਦਾ ਕੀ ਮਤਲਬ ? ਇਕ ਦਿਨ ਉਸੇ ਨੂੰ ਪੁੱਛ ਲਿਆ- ਚਾਚਾ ਤੇਰਾ ਨਾਮ ਅਜੀਬ ਹੈ, ਇਸ ਦਾ ਮਤਲਬ ਕੀ ਹੋਇਆ ਭਲਾ ? ਉਹ ਹੱਸ ਪਿਆ, ਕਹਿੰਦਾ- ਨਾਮ ਤਾਂ ਮੇਰਾ ਬਹੁਤ ਵਧੀਆ ਹੈ, ਤੇਰੀ ਮਾਂ ਨੇ ਵਿਗਾੜ ਦਿੱਤਾ। ਪੁੱਛਿਆ- ਕੀ ਨਾਮ ਹੈ ? ਕਹਿੰਦਾ- ਫਕੀਰ ਸ਼ੇਰ ਅਲੀ। ਫਕੀਰ ਦੀ ਥਾਂ ਪਖੀਰ ਕਹਿੰਦੇ ਨੇ ਸ਼ੇਰ ਅਲੀ ਦੀ ਥਾਂ ਸੇਰਲੀ, ਫਕੀਰ ਸ਼ੇਰ ਅਲੀ ਨੂੰ ਸੇਰਲੀ ਪਖੀਰ ਬਣਾ ਦਿੱਤਾ, ਸ਼ੇਰ ਨੂੰ ਗਿੱਦੜ। ਕੋਈ ਇਨਸਾਫ ਹੋਇਆ ਇਹ ?

ਪੱਕਾ ਰੰਗ, ਫਕੀਰੀਆ ਦਰਮਿਆਨੇ ਕੱਦ ਦਾ, ਕੁਝ ਕੁ ਕੁੱਬਾ, ਲੰਗ ਮਾਰ ਕੇ ਤੁਰਦਾ ਸੀ। ਹੱਥ ਵਿਚ ਡੇਢ ਕੁ ਫੁੱਟ ਦੀ ਨਿੱਕੀ ਜਿਹੀ ਹੁੱਕੀ ਹਰ ਵਕਤ ਰੱਖਦਾ। ਜਦੋਂ ਤੁਰਦਾ, ਖੱਬਾ ਮੋਢਾ ਹੇਠਾਂ ਝੁਕਣ ਵੇਲੇ ਹੁੱਕੀ ਸੱਜੇ ਪਾਸੇ ਉੱਪਰ ਨੂੰ ਉੱਠਦੀ। ਸਾਨੂੰ ਤਾਂ ਉਸਦੀ ਚਾਲ ਹੀ ਨਿਹਾਲ ਕਰ ਦਿੰਦੀ, ਸਾਰੇ ਬੱਚੇ ਖੂਬ ਹੱਸਦੇ। ਮੈਂ ਸੋਚਦਾ, ਹੀਰ ਦਾ ਚਾਚਾ ਕੈਦੋ ਹੂਬਹੂ ਇਹੋ ਜਿਹਾ ਹੋਣਾ।

ਫਕੀਰੀਏ ਦੀ ਆਵਾਜ਼ ਭਾਰੀ ਅਤੇ ਰੇਡੀਓ ਵਿਚ ਖ਼ਬਰਾਂ ਪੜਨ ਵਾਲੇ ਵਾਂਗ ਦਾਣੇਦਾਰ। ਬੋਲੀ ਤੋਂ ਅਸੀਂ ਸਮਝ ਗਏ ਪਾਕਿਸਤਾਨੋ ਆਇਆ ਰਫੂਜੀ ਹੈ। ਅਗਲੇ ਦਿਨ ਖੇਤ ਦਾ ਦੌਰਾ ਕਰਕੇ ਪਤਾ ਕਰਨਾ ਸੀ ਕਿੱਥੇ ਖੂਹ ਖੋਦਣਾ ਹੈ। ਐਤਵਾਰ ਹੋਣ ਕਰਕੇ ਅਸੀਂ ਵੀ ਖੇਤ ਵੱਲ ਭੱਜੇ। ਸਰਵੇਖਣ ਕਰਕੇ ਫਕੀਰੀਏ ਨੇ ਇਕ ਥਾਂ ਸੋਟੀ ਗੱਡਦਿਆਂ ਕਿਹਾ- ਇੱਥੇ, ਇੱਥੇ ਟੱਕ ਲਾਓ। ਮੇਰਾ ਚਾਚਾ ਕਹਿਣ ਲੱਗਾ, ਤਿੰਨ ਘਰਾਂ ਦੀ ਜਮੀਨ ਹੈ ਇਹ, ਏਸ ਸਾਰੇ ਟੱਕ ਦੇ ਐਨ ਵਿਚਕਾਰ ਖੂਹ ਖੋਦਣਾ ਠੀਕ ਰਹੇਗਾ। ਖੰਘੂਰਾ ਮਾਰ ਕੇ ਫਕੀਰੀਆ ਬੋਲਿਆ- ਮੈਨੂੰ ਕਾਸ ਲਈ ਲੈਕੇ ਆਇਆ ਸੈਂ ਤੂੰ ਜੇ ਤੈਨੂੰ ਈ ਪਤਾ ਸੀ ਖੂਹ ਕਿੱਥੇ ਖੋਦਣਾ ਹੈ ? ਜਿੱਥੇ ਪਾਣੀ ਹੈ ਈ ਨੀ, ਮੈਂ ਪਾਗਲ ਇਆਂ ਉੱਥੇ ਨਿਸ਼ਾਨੀ ਲਾ ਦਿਆਂ ?

ਅਰਦਾਸ ਕਰਕੇ ਖੁਦਾਈ ਸ਼ੁਰੂ ਹੋ ਗਈ। ਉਹ ਸਿੱਖ ਅਰਦਾਸ ਨਹੀਂ ਸੀ, ਮਾਲਵੇ ਦੀ ਲੋਕ-ਅਰਦਾਸ ਸੀ ਜਿਹੜੀ ਮੇਰੇ ਬਾਪੂ ਜੀ ਬਿਜਾਈ ਸ਼ੁਰੂ ਕਰਨ ਤੋਂ ਪਹਿਲਾਂ ਜੁਤੇ ਹਲ ਪਿੱਛੇ ਖਲੋ ਕੇ ਕਰਦੇ- ਸੱਚੇ ਪਾਤਸ਼ਾਹ, ਜਿਹੜੀ ਬਿਜਾਈ ਕਰਨ ਲੱਗਾਂ, ਫਸਲ ਪੱਕੇਗੀ ਤਾਂ ਅੰਨ ਦਾਣਾ ਮੁਸਾਫਰ, ਫਕੀਰ, ਮੰਗਤੇ, ਦਾਤੇ, ਮਹਿਮਾਨ, ਮੇਜ਼ਬਾਨ, ਚਿੜੀ ਜਨੌਰ ਸਭ ਵੰਡਾਉਣਗੇ। ਮੇਰੇ ਕਰਮਾਂ ਕਰਕੇ ਨਹੀਂ ਇਨਾਂ ਸਾਰਿਆਂ ਦੇ ਕਰਮਾਂ ਕਰਕੇ ਫਸਲ ਨੇਪਰੇ ਚਾੜੀਂ ਮਹਾਰਾਜ। - ਮਿੱਟੀ ਮੱਥੇ ਲਾ ਕੇ ਬਿਜਾਈ ਸ਼ੁਰੂ ਕਰਦੇ। ਇਸੇ ਤਰਾਂ ਟੱਕ ਲਾਉਣ ਤੋਂ ਪਹਿਲਾਂ ਪਾਣੀ ਦੇ ਹਿੱਸੇਦਾਰਾਂ ਦੇ ਨਾਮ ਲਏ ਗਏ।

ਫਕੀਰੀਏ ਵਾਸਤੇ ਬਾਂਸਾਂ ਉੱਪਰ ਘਾਹ ਫੂਸ ਦੀ ਝੌਂਪੜੀ ਬਣਾ ਦਿੱਤੀ, ਅੰਦਰ ਮੰਜੀ, ਪਾਣੀ ਦਾ ਘੜਾ, ਘੜੇ ਉੱਪਰ ਟੂਟੀ ਵਾਲਾ ਕਸੋਰਾ, ਕਸੋਰੇ ਉੱਪਰ ਚੱਪਣ। ਰੋਟੀ ਪਿੰਡੋਂ ਆਉਂਦੀ, ਦਿਨ ਰਾਤ ਫਕੀਰੀਆ ਝੌਂਪੜੀ ਵਿਚ ਰਹਿੰਦਾ। ਇਕ ਉਹ, ਦੂਜੀ ਉਸਦੀ ਸਾਥਣ ਹੁੱਕੀ। ਹੁੱਕੀ ਨਾਲ ਪਤਲੀ ਜਿਹੀ ਸੰਗਲੀ, ਕਿਤੇ ਜਾਂਦਾ ਹੁੱਕੀ ਹੱਥ ਵਿਚ ਫੜਦਾ ਜਾਂ ਮੋਢੇ ਪਿੱਛੇ ਇਸ ਤਰਾਂ ਲਟਕਾਉਂਦਾ ਜਿਵੇਂ ਬੰਦੂਕ ਲਟਕਾਈਦੀ ਹੈ। ਗਰਮੀਆਂ ਦੀ ਰੁੱਤ, ਅਸੀਂ ਬੱਚੇ ਦਰਖਤਾਂ ਹੇਠ ਖੇਡ ਰਹੇ ਸਾਂ। ਦੇਖਿਆ, ਫਕੀਰੀਆ ਸਿਖਰ ਦੁਪਹਿਰ ਰੋਟੀ ਖਾਕੇ ਘੂਕ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਹੈ। ਇਕ ਬੱਚਾ ਕਹਿੰਦਾ- ਉਏ ਉਸਤਾਦ ਸੁੱਤਾ ਪਿਐ, ਹੁੱਕੀ ਪੀਈਏ ? ਸਾਰੇ ਤਿਆਰ। ਜੀ ਮੇਰਾ ਵੀ ਕੀਤਾ ਪਰ ਬਾਪੂ ਦੀਆਂ ਚਪੇੜਾਂ ਤੋਂ ਡਰ ਗਿਆ। ਮਾਂ ਨੇ ਦੱਸਿਆ ਸੀ- ਹੁੱਕੇ ਨੂੰ ਹੱਥ ਲੱਗ ਜਾਵੇ ਤਾਂ ਬੰਦਾ ਭਿੱਟਿਆ ਜਾਂਦਾ ਹੈ। ਗੰਗਾਜਲ ਦੇ ਛਿੱਟੇ ਮਾਰੋ ਤਾਂ ਮਸਾਂ ਭਿੱਟ ਲਹਿੰਦੀ ਹੈ।

ਮੈਂ ਥਾਂਈਂ ਬੈਠਾ ਰਿਹਾ, ਸੰਗੀ ਸਾਥੀ ਝੌਂਪੜੀ ਵਿਚ ਜਾਕੇ ਸੂਟੇ ਲਾਉਣ ਲੱਗੇ। ਕੁੱਝ ਦੇਰ ਬਾਦ ਹੱਥੋਪਾਈ ਵੀ ਹੋਣ ਲੱਗੀ, ਉਏ ਤੂੰ ਇੰਨੇ ਸੂਟੇ ਲਾ ਲਏ ਹੁਣ ਮੈਨੂੰ ਵੀ ਦੇ। ਹੁੱਕੀ ਵਿਚ ਅੱਗ ਵੀ ਹੈ ਸੀ ਕਿ ਨਹੀਂ, ਪਤਾ ਨਹੀਂ, ਬਸ ਗੁੜ-ਗੁੜ, ਗੁੜ-ਗੁੜ ਦੀ ਆਵਾਜ਼ ਉਨਾਂ ਨੂੰ ਅਨੰਦ ਦੇਈ ਗਈ। ਇਸ ਖੋਹ ਖਿੰਜ ਦੌਰਾਨ ਫਕੀਰੀਏ ਦੀ ਅੱਖ ਖੁਲ ਗਈ। ਝਟਕਾ ਮਾਰ ਕੇ ਉੱਠਿਆ, ਗਾਲਾਂ ਦੇਣ ਲੱਗਾ- ਹਰਾਮਜ਼ਾਦੇ। ਪਤਾ ਨੀਂ ਕਿਸ ਜਾਤ ਕੁਜਾਤ ਦੇ ਨੇ। ਮੇਰੀ ਹੁੱਕੀ ਭਿੱਟ ਗਏ। ਥੋੜੀ ਦੂਰ ਉਨਾਂ ਦਾ ਪਿੱਛਾ ਵੀ ਕੀਤਾ ਪਰ ਲੰਗੜੇ ਨੂੰ ਕੀ ਸਮਝਦੇ ਸਨ ਉਹ। ਤਿੱਤਰ ਹੋ ਗਏ। ਉਸਦਾ ਵਾਕ- ਹੁੱਕੀ ਭਿੱਟ ਗਏ, ਸੁਣਕੇ ਮੈਂ ਦੰਗ ਰਹਿ ਗਿਆ। ਕੋਈ ਜਾਤ ਇਸ ਤਰਾਂ ਦੀ ਮਾੜੀ ਹੁੰਦੀ ਹੈ ਜਿਸ ਦੀ ਛੁਹ ਨਾਲ ਹੁੱਕੀ ਵੀ ਭਿੱਟੀ ਜਾ ਸਕਦੀ ਹੈ ?

ਮੈਨੂੰ ਫਕੀਰੀਆ ਕਹਿੰਦਾ- ਜੁਆਨਾ ਪਾਣੀ ਦਾ ਡੋਲੂ ਭਰਕੇ ਲਿਆ ਗਵਾਂਢੀਆਂ ਦੇ ਖੂਹ ਤੋਂ, ਘੜੇ ਵਿੱਚੋਂ ਮੁੱਕ ਗਿਐ। ਮੈਂ ਪੁੱਛਿਆ- ਤਾਇਆ ਮੈਨੂੰ ਤੂੰ ਕੁਸ਼ ਨੀ ਕਿਹਾ। ਮੈਂ ਵੀ ਤਾਂ ਸ਼ਰਾਰਤੀ ਬੱਚਿਆਂ ਵਿਚ ਹੋ ਸਕਦਾ ਸੀ ? ਉਹ ਹੱਸਿਆ- ਮੈਂ ਬੇਵਕੂਫ ਇਆਂ ਕੋਈ ? ਸੱਠਾਂ ਵਰਿਆਂ ਦਾ ਤਜਰਬਾ ਇਆ ਮੇਰਾ। ਤੂੰ ਉਨਾਂ ਵਿਚ ਹੁੰਦਾ ਫੇਰ ਤੂੰ ਆਰਾਮ ਨਾਲ ਇੱਥੇ ਬੈਠਣਾ ਸੀ ? ਉਏ ਪੱਲੇ ਗੱਲ ਬੰਨ ਲੈ ਮੇਰੀ, ਚੋਰ ਭੱਜੇਗਾ, ਸਾਧ ਬੈਠੇਗਾ ਆਰਾਮ ਨਾਲ। ਸਮਝਿਆ ਕਿ ਨਹੀਂ ?

# ਬਹੁ-ਪੱਖੀ ਅਤੇ ਬਹੁ-ਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਪੰਜਾਬ

- ਮੋਹਨ ਸ਼ਰਮਾ

ਪਿਛਲੇ ਦਿਨੀਂ ਵਾਪਰੀਆਂ ਕੁਝ ਹਿਰਦੇਵੇਧਕ ਘਟਨਾਵਾਂ ਨੇ ਮਨੁੱਖੀ ਹਿਰਦਿਆਂ ਨੂੰ ਵਲੂੰਧਰਿਆ ਹੈ। ਪੰਜਾਬ ਵਿੱਚ ਰਿਉੜੀਆਂ ਦੀ ਤਰਾਂ ਗਲੀ ਗਲੀ ਵਿੱਚ ਵਿਕਦੇ ਨਸ਼ਿਆਂ ਨੇ ਰਾਜ ਸਤਾ ਭੋਗ ਰਹੇ ਸਿਆਸੀ ਆਗੂਆਂ ਅਤੇ ਸਰਕਾਰੀ ਅਧਿਕਾਰੀਆਂ ਦਾ ਇਹ ਦਾਅਵਾ- ਪੰਜਾਬ ਵਿੱਚ ਨਸ਼ਿਆਂ ਦਾ ਲੱਕ ਤੋੜ ਦਿੱਤ ਹੈ।' ਨੂੰ ਬੁਰੀ ਤਰਾਂ ਝੁਠਲਾਇਆ ਹੈ। ਚਿੰਤਾ ਅਤੇ ਚਿੰਤਨ ਕਰਦਿਆਂ ਇਹ ਗੱਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਇਸ ਵੇਲੇ ਕਿਸਾਨਾਂ ਦੀਆਂ ਫਸਲਾਂ 'ਤੇ ਹੀ ਨਹੀਂ ਸਗੋਂ ਪੰਜਾਬ ਦੀਆਂ ਨਸਲਾਂ 'ਤੇ ਵੀ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਜੇਕਰ ਸਥਿਤੀ ਨੂੰ ਨਾ ਸੰਭਾਲਿਆ ਗਿਆ ਤਾਂ ਨੌਜਵਾਨ ਪੀੜੀ ਨੂੰ ਨਸ਼ਿਆਂ ਦਾ ਦੈਂਤ ਨਿਗਲ ਜਾਵੇਗਾ। ਬੇਰਾਂ ਵਾਂਗ ਵਿਕ ਰਹੇ ਨਸ਼ਿਆਂ ਕਾਰਨ ਨੌਜਵਾਨ ਪੁੱਤਾਂ ਦੀਆਂ ਲਾਸ਼ਾਂ ਨੂੰ ਬੇਬਸ ਅਤੇ ਖੂਨ ਦੇ ਅੱਥਰੂ ਕੇਰਦੇ ਮਾਪੇ ਮੋਢਾ ਦੇ ਰਹੇ ਹਨ। ਵਿਹੜਿਆਂ ਵਿੱਚ ਵਿਛੇ ਸੱਥਰਾਂ 'ਤੇ ਸਵਾਲ ਧੁਖ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ ਜਿਸ ਨੇ ਘਰਾਂ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ, ਬਰਕਤ ਗੁੰਮ ਹੋ ਗਈ ਹੈ।

ਲੋਕ ਹੁਣ ਸਿਆਸੀ ਆਗੂਆਂ ਨੂੰ ਮਿਹਣਾ ਮਾਰਦਿਆਂ ਸਿਵਾ ਬਾਲਣ ਲਈ ਲੱਕੜਾਂ ਦੀ ਮੰਗ ਕਰ ਰਹੇ ਹਨ। ਪੀੜਤ ਔਰਤਾਂ ਨੇ ਉਨਾਂ ਲਈ ਚਿੱਟੀਆਂ ਚੁੰਨੀਆਂ ਭੇਜਣ ਦੀ ਮੰਗ ਕੀਤੀ ਹੈ। ਕਦੇ ਕਦਾਈਂ ਪਿੰਡ ਵਿੱਚ ਗੇੜਾ ਮਾਰਦੇ ਸਿਆਸੀ ਆਗੂ ਹਾਲਾਂ ਵੀ ਵਿਕਾਸ ਦੀ ਝੜੀ ਲਾਉਣ ਦੇ ਦਾਅਵਿਆਂ 'ਤੇ ਜੋਰ ਲਾ ਰਹੇ ਹਨ। ਸ਼ਾਇਦ ਉਹ ਇਹ ਭੁੱਲ ਜਾਂਦੇ ਹਨ ਕਿ ਵਿਕਾਸ ਨਿਰਾ ਗਲੀਆਂ ਨਾਲੀਆਂ ਪੱਕੀਆਂ ਕਰਨੀਆਂ, ਦਰਵਾਜ਼ੇ ਉਸਾਰਨੇ, ਧਰਮਸ਼ਾਲਾਂ ਉਸਾਰਨੀਆਂ, ਸਕੂਲਾਂ ਦੇ ਕਮਰੇ ਉਸਾਰਨੇ ਜਾਂ ਫਿਰ ਫਿਰਨੀਆਂ ਪੱਕੀਆਂ ਕਰਨੀਆਂ ਨਹੀਂ ਹੈ, ਸਗੋਂ ਗੰਭੀਰ ਹੋ ਕੇ ਇਹ ਸੋਚਣ ਲੋੜ ਦੀ ਹੈ ਕਿ ਇਹ ਸਹੂਲਤਾਂ ਪ੍ਰਾਪਤ ਕਰਨ ਵਾਲੇ ਹੀ ਜੇਕਰ ਨਾ ਰਹੇ, ਫਿਰ ਭਲਾ ਇਹੋ ਜਿਹੇ ਵਿਕਾਸ ਦਾ ਕੀ ਅਰਥ ਰਹਿ ਜਾਂਦਾ ਹੈ ?

28 ਜੂਨ ਨੂੰ ਬਰਨਾਲੇ ਜ਼ਿਲੇ ਦੇ ਮਹਿਲ ਕਲਾਂ ਨਾਲ ਸਬੰਧਤ 26 ਸਾਲਾਂ ਦਾ ਨੌਜਵਾਨ, ਜੋ ਗਾਇਕੀ ਦੇ ਖੇਤਰ ਵਿੱਚ ਵੀ ਸਥਾਪਤੀ ਲਈ ਯਤਨਸ਼ੀਲ ਸੀ, ਬੇਹੋਸ਼ੀ ਦੀ ਹਾਲਤ ਵਿੱਚ ਘਰ ਦੇ ਵਿਹੜੇ ਵਿੱਚ ਗਿਰ ਗਿਆ। ਬਾਂਹ ਵਿੱਚ ਨਸ਼ੇ ਦੇ ਟੀਕੇ ਵਾਲੀ ਸਰਿੰਜ ਉਹ ਆਪਣੀ ਬਾਂਹ ਦੀ ਨਾੜ ਵਿੱਚੋਂ ਬਾਹਰ ਨਹੀਂ ਕੱਢ ਸਕਿਆ ਅਤੇ ਦਮ ਤੋੜ ਗਿਆ। ਉਸਦੇ ਪਿਤਾ ਨੇ ਆਪਣੇ ਪੁੱਤ ਦੀ ਲਾਸ਼ 'ਤੇ ਅੱਥਰੂ ਕੇਰਦਿਆਂ ਦੱਸਿਆ ਕਿ ਪਿਛਲੇ ਅੱਠ ਵਰਿਆਂ ਵਿੱਚ ਉਹ ਅੰਦਾਜ਼ਨ ਡੇਢ ਕਰੋੜ ਦਾ ਚਿੱਟਾ ਪੀ ਕੇ ਜਿੱਥੇ ਘਰ ਦੀ ਆਰਥਿਕ ਸਥਿਤੀ ਡਾਵਾਂ ਡੋਲ ਕਰ ਗਿਆ, ਉੱਥੇ ਹੀ ਆਪ ਵੀ ਸਿਵਿਆਂ ਦੇ ਰਾਹ ਤੁਰ ਗਿਆ। ਦੋ ਸਾਲ ਪਹਿਲਾਂ ਇਸਦਾ ਵਿਆਹ ਕੀਤਾ, ਪਰ ਨਸ਼ਈ ਪਤੀ ਦੀਆਂ ਹਰਕਤਾਂ ਤੋਂ ਤੰਗ ਆ ਕੇ ਪਤਨੀ ਪੇਕੀਂ ਚਲੀ ਗਈ ਅਤੇ ਵਾਪਸ ਨਹੀਂ ਆਈ। ਬਾਪ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਸ਼ਰੇਆਮ ਵਿਕ ਰਹੇ ਨਸ਼ਿਆਂ ਸਬੰਧੀ ਉਹ ਪਿੰਡ ਵਿੱਚ ਹੀ ਸਥਾਪਿਤ ਪੁਲਿਸ ਚੌਂਕੀ ਵਿੱਚ ਜਾ ਕੇ ਸੂਚਿਤ ਕਰਦਾ ਰਿਹਾ ਹੈ, ਨਸ਼ੇ ਦੇ ਸੁਦਾਗਰਾਂ ਨੂੰ ਕਾਬੂ ਕਰਨ ਲਈ ਦੁਹਾਈਆਂ ਪਾਉਂਦਾ ਰਿਹਾ ਹੈ, ਪਰ ਪੁਲਿਸ ਨੇ ਅਮਲੀਆਂ ਨੂੰ ਫੜਨ 'ਤੇ ਤਾਂ ਸਾਰਾ ਜੋਰ ਲਾ ਦਿੱਤਾ, ਪਰ ਤਸਕਰਾਂ ਵੱਲ ਪਿੱਠ ਕਰਕੇ ਰੱਖੀ। ਉਹ ਹਟਕੋਰੇ ਭਰਦਿਆਂ ਆਖ ਰਿਹਾ ਸੀ, ਆਹ ਵੇਖ ਲਉ, ਨਸ਼ਿਆਂ ਕਾਰਨ ਇਕਲੌਤਾ ਪੁੱਤ ਵੀ ਗਿਆ, ਮੈਂ ਅਤੇ ਮੇਰੀ ਪਤਨੀ ਦੋਨੋਂ ਹੀ ਸਰਕਾਰੀ ਸੇਵਾ ਤੋਂ ਮੁਕਤ ਹੋਏ ਹਾਂ। ਦੋਨਾਂ ਪਤੀ ਪਤਨੀ ਦੀ ਕਮਾਈ ਨਸ਼ਿਆਂ ਦੇ ਲੇਖੇ ਲੱਗਦੀ ਰਹੀ ਹੈ।

ਇਸ ਕਰੋਨਾ ਵਾਇਰਸ ਦੀ ਬਿਮਾਰੀ ਨਾਲ ਤਾਂ ਕੋਈ ਟਾਵਾਂ ਟਾਵਾਂ ਹੀ ਮਰਦੈ, ਪਰ ਜਿਸ ਘਰ ਵਿੱਚ ਨਸ਼ਾ ਵੜ ਗਿਆ ਉਸ ਘਰ ਦਾ ਝੁੱਗਾ ਚੌੜ ਹੋਣ ਦੇ ਨਾਲ ਨਾਲ ਨਸ਼ਈ ਵੀ ਛੇਤੀ ਹੀ ਮਰ ਜਾਂਦੈ। ਪਿੱਛੋਂ ਮਾਂ ਬਾਪ ਨਾ ਜਿਉਂਦਿਆਂ ਵਿੱਚ ਹੁੰਦੇ ਨੇ, ਨਾ ਮੋਇਆਂ ਵਿੱਚ। ਇਸ ਪਿੰਡ ਦੇ ਨਾਲ ਨਾਲ ਗਵਾਂਢੀ ਪਿੰਡਾਂ ਦੇ ਬਹੁਤ ਸਾਰੇ ਜਵਾਨ ਮੁੰਡੇ ਨਸ਼ਿਆਂ ਨੇ ਨਿਗਲ ਲਏ ਨੇ। ਇਸ ਤਰਾਂ ਲੋਕਾਂ ਦੀ ਗਰੀਬੀ ਤਾਂ ਨੀ ਮੁਕਣੀ, ਪਰ ਗਰੀਬ ਜਰੂਰ ਮੁੱਕ ਜਾਣਗੇ।

ਏਵੇਂ ਹੀ ਤਰਨਤਾਰਨ ਜ਼ਿਲੇ ਦੇ ਪਿੰਡ ਕੈਰੋਂ ਵਿੱਚ 24 ਜੂਨ ਨੂੰ ਨਸ਼ਾ ਤਸਕਰਾਂ ਦੇ ਘਰ ਵਿੱਚ ਇੱਕੋ ਸਮੇਂ ਵਿਛੇ ਪੰਜ ਸੱਥਰ ਵੀ ਅਖਬਾਰਾਂ ਦੀ ਸੁਰਖੀ ਬਣੇ ਹਨ। ਘਰ ਦੇ ਹੀ ਨੌਜਵਾਨ ਲੜਕੇ ਨੇ ਆਪਣੇ ਪਿਤਾ, ਭਰਾ, ਦੋ ਭਰਜਾਈਆਂ, ਇੱਕ ਡਰਾਈਵਰ ਨੂੰ ਨਸ਼ਿਆਂ ਦੀ ਅੰਨੀ ਕਮਾਈ ਵਿੱਚੋਂ ਆਪਣਾ ਬਣਦਾ ਹਿੱਸਾ ਨਾ ਮਿਲਣ 'ਤੇ ਮੌਤ ਦੇ ਘਾਟ ਉਤਾਰ ਦਿੱਤਾ। ਘਰ ਦਾ ਮੁਖੀ ਆਪਣੇ ਬਚਾਉ ਲਈ ਭੱਜਣ ਦੀ ਸਥਿਤੀ ਵਿੱਚ ਵੀ ਨਹੀਂ ਸੀ। ਬਿਮਾਰੀ ਕਾਰਨ ਉਸ ਦੇ ਪੈਰ ਗਲ ਗਏ ਸਨ। ਇਸ ਤੋਂ ਪਹਿਲਾਂ ਘਰ ਦੇ ਮੁਖੀ ਦੀ ਪਤਨੀ ਨਸ਼ਿਆਂ ਦੀ ਤਸਕਰੀ ਕਾਰਨ ਜੇਲ ਵਿੱਚ ਸਜ਼ਾ ਭੁਗਤਦਿਆਂ ਮਰ ਚੁੱਕੀ ਸੀ। ਦੋ ਪੁੱਤਰ ਨਸ਼ਿਆਂ ਦੇ ਧੰਦੇ ਕਾਰਨ ਜੇਲ਼ ਕੱਟ ਰਹੇ ਹਨ ਅਤੇ ਧੀ 'ਤੇ ਵੀ ਨਸ਼ਾ ਤਸਕਰੀ ਦਾ ਕੇਸ ਚੱਲ ਰਿਹਾ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਤਸਕਰੀ ਦਾ ਕਾਲਾ ਧੰਦਾ ਕਰਨ ਵਾਲੇ ਇਸ ਪਰਿਵਾਰ ਨੇ ਕੈਰੋਂ ਪਿੰਡ ਦੇ ਨਾਲ ਨਾਲ ਇਲਾਕੇ ਭਰ ਦੇ ਨੌਜਵਾਨਾਂ ਨੂੰ ਖੁੰਘਲ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇਹੋ ਜਿਹੀ ਮਾਰੂ ਵਾਰਦਾਤ ਅਜਿਹਾ ਅਰਥ ਭਰਪੂਰ ਸੁਨੇਹਾ ਵੀ ਦਿੰਦੀ ਹੈ ਕਿ ਨਸ਼ੇ ਦੇ ਤਸਕਰ ਇਹ ਨਾ ਸੋਚਣ ਕਿ ਅਜਿਹੀ ਅੰਨੀ ਕਮਾਈ ਨਾਲ ਵਿਆਹ ਦਾ ਜੋੜਾ ਖਰੀਦਿਆ ਜਾ ਸਕਦਾ ਹੈ, ਸਗੋਂ ਇਹ ਵੀ ਸੋਚਣ ਕਿ ਅਜਿਹੀ ਕਮਾਈ ਨਾਲ ਕਫ਼ਨ ਵੀ ਖਰੀਦਣਾ ਪੈ ਸਕਦਾ ਹੈ। ਹੋਰਾਂ ਦਾ ਘਰ ਉਜਾੜਨ ਵਾਲੇ ਆਪ ਵੀ ਅੱਗਾਂ ਦੀਆਂ ਲਪਟਾਂ ਦਾ ਸ਼ਿਕਾਰ ਹੋ ਸਕਦੇ ਹਨ।

ਇਸੇ ਤਰਾਂ ਹੀ ਸਨਅਤੀ ਸ਼ਹਿਰ ਲੁਧਿਆਣਾ ਵਿਖੇ ਦਿਨ ਦਿਹਾੜੇ ਇੱਕ ਨੌਜਵਾਨ ਦੀ ਲਾਸ਼ ਕਾਰ ਵਿੱਚੋਂ ਮਿਲੀ ਸੀ। ਪੁਲਿਸ ਨੇ ਪ੍ਰਗਟਾਵਾ ਕੀਤਾ ਕਿ ਨੌਜਵਾਨ ਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਹੈ। ਡਾਵਾਂਡੋਲ ਸਥਿਤੀ ਵਿੱਚ ਲਾਗੇ ਖੜਾ ਬਾਪ ਥਾਣੇਦਾਰ ਨੂੰ ਮੁਖਾਤਿਬ ਹੋ ਕੇ ਅੰਤਾਂ ਦੀ ਗਮਗੀਨ ਆਵਾਜ਼ ਵਿੱਚ ਕਹਿ ਰਿਹਾ ਸੀ, ਮੈਂ ਮੰਨਦਾਂ, ਮੇਰਾ ਪੁੱਤ ਨਸ਼ੇ ਦੀ ਓਵਰਡੋਜ਼ ਨਾਲ ਮਰਿਐ। ਪਰ ਇਹਦੇ ਕੋਲ ਨਸ਼ਾ ਆਇਆ ਕਿੱਥੋਂ ? ਤੁਸੀਂ ਤਾਂ ਹਰ ਰੋਜ਼ ਆਪਣੀ ਪਿੱਠ ਆਪ ਹੀ ਥਪਥਪਾਕੇ ਕਹਿੰਦੇ ਹੋਂ ਕਿ ਪੰਜਾਬ ਨੂੰ ਨਸ਼ਾ ਮੁਕਤ ਕਰ ਦਿੱਤਾ ਹੈ। ਫਿਰ ਇਹ ... ? ਉਸ ਵਿਚਾਰੇ ਦਾ ਸਵਾਲ ਹਵਾ ਵਿੱਚ ਹੀ ਗਵਾਚ ਗਿਆ ਅਤੇ ਪੁਲਿਸ ਅਧਿਕਾਰੀ ਨੂੰ ਕੋਈ ਜਵਾਬ ਨਹੀਂ ਸੀ ਅਹੁੜ ਰਿਹਾ।

ਅਜਿਹੀ ਮਾਰੂ ਅਤੇ ਦੁਖਾਂਤਮਈ ਸਥਿਤੀ ਦਾ ਸਾਹਮਣਾ ਕਰ ਰਹੇ ਲੋਕਾਂ ਦਾ ਹੁਣ ਰਾਜਸੀ ਲੋਕਾਂ ਦੇ ਦਿਲ ਲੁਭਾਊ ਵਾਅਦਿਆਂ ਅਤੇ ਦਾਵਿਆਂ ਤੋਂ ਵਿਸ਼ਵਾਸ ਉੱਠ ਚੁੱਕਿਆ ਹੈ। ਲੋਕਾਂ ਦੀ ਇਹ ਧਾਰਨਾ ਬਣ ਚੁੱਕੀ ਹੈ ਕਿ ਵਰਤਮਾਨ ਸਿਆਸਤ ਵਿੱਚ ਨਿੱਜੀ, ਵਪਾਰਿਕ ਅਤੇ ਰਾਜਸੀ ਹਿੱਤ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਲੋਕਾਂ ਦੇ ਅੱਥਰੂ, ਪੀੜ ਅਤੇ ਜੀਵਨ ਲੋੜਾਂ ਦਾ ਖਿਆਲ ਚੋਣਾਂ ਤੋਂ ਸਿਰਫ ਦੋ ਕੁ ਮਹੀਨੇ ਪਹਿਲਾਂ ਖੁਦਗਰਜ਼ੀ ਦੀ ਭਾਵਨਾ ਨੂੰ ਮੁੱਖ ਰੱਖਕੇ ਕੀਤਾ ਜਾਂਦਾ ਹੈ। ਆਮ ਲੋਕ ਅਸੁਰੱਖਿਆ ਦੀ ਭਾਵਨਾ ਅਧੀਨ ਡੰਗ ਟਪਾਈ ਕਰ ਰਹੇ ਹਨ। ਪੰਜਾਬ ਵਿੱਚ ਕੋਈ ਵੀ ਖਿੱਤਾ ਜਾਂ ਜ਼ਿਲਾ ਅਜਿਹਾ ਨਹੀਂ ਜਿੱਥੇ ਕਤਲ, ਗੁੰਡਾਗਰਦੀ, ਲੁੱਟਾਂ ਖੋਹਾਂ, ਚੋਰੀਆਂ, ਬਲਾਤਕਾਰ ਦੀਆਂ ਵਾਰਦਾਤਾਂ ਨਹੀਂ ਹੋ ਰਹੀਆਂ। ਅਜਿਹੀਆਂ ਵਾਰਦਾਤਾਂ ਦਾ ਦਿਨ ਦਿਹਾੜੇ ਵਾਪਰਨਾ ਕੋਈ ਸ਼ੁਭ ਸੰਕੇਤ ਨਹੀਂ ਹੈ।

ਤਾਲਾਬੰਦੀ ਅਤੇ ਕਰਫਿਊ ਦੇ ਦਰਮਿਆਨ ਜਿੱਥੇ ਦੁਕਾਨਾਂ, ਸ਼ਾਪਿੰਗ ਮਾਲਜ਼, ਅਤੇ ਸ਼ਰਾਬ ਦੇ ਠੇਕੇ ਬੰਦ ਰਹੇ, ਉੱਥੇ ਹੀ ਰਾਜਪੁਰਾ ਇਲਾਕੇ ਦੇ ਸ਼ੰਭੂ ਬੈਰੀਅਰ ਲਾਗੇ ਇੱਕ ਪਿੰਡ ਵਿੱਚ ਨਕਲੀ ਸ਼ਰਾਬ ਦੀ ਫੈਕਟਰੀ ਵਿੱਚੋਂ 2680 ਪੇਟੀਆਂ ਸ਼ਰਾਬ ਦੀਆਂ ਫੜੀਆਂ ਜਾਣੀਆਂ ਅਤੇ ਫਿਰ ਖੰਨਾ ਲਾਗੇ ਸ਼ਰਾਬ ਦੀ ਜਾਅਲੀ ਫੈਕਟਰੀ ਵਿੱਚੋਂ 22 ਹਜ਼ਾਰ ਅੰਗ੍ਰੇਜੀ ਸ਼ਰਾਬ ਦੀਆਂ ਪੇਟੀਆਂ ਦੇ ਫੜੇ ਜਾਣ ਨਾਲ ਸਿਆਸੀ ਆਕਾਵਾਂ ਦੀ ਸਰਪ੍ਰਸਤੀ ਵੱਲ ਉਂਗਲ ਉੱਠਦੀ ਹੈ। ਇਹ ਸ਼ਰਾਬ ਦੀਆਂ ਪੇਟੀਆਂ ਸ਼ਰਾਬ ਦੇ ਠੇਕੇ ਬੰਦ ਹੋਣ ਕਾਰਨ 'ਲੋਕਾਂ ਦੀ ਸੇਵਾ' ਵਿੱਚ ਵੰਡੀਆਂ ਜਾਣੀਆਂ ਸਨ ਅਤੇ ਚਰਚਾ ਹੈ ਕਿ ਇਸ ਤੋਂ ਪਹਿਲਾਂ 405 ਕਰੋੜ ਦੀ ਸ਼ਰਾਬ ਵੰਡੀ ਵੀ ਗਈ ਸੀ। ਹੈਰਾਨੀ ਇਸ ਗੱਲ ਦੀ ਹੈ 8-9 ਸ਼ਰਾਬ ਦੀਆਂ ਬੋਤਲਾਂ ਦੀ ਬਰਾਮਦਗੀ ਵਾਲੇ ਅਦਾਲਤਾਂ ਵਿੱਚ ਪੇਸ਼ੀਆਂ ਭੁਗਤ ਰਹੇ ਹਨ, ਪਰ ਟਰੱਕਾਂ ਦੇ ਟਰੱਕ ਨਜ਼ਾਇਜ਼ ਸ਼ਰਾਬ ਵੰਡਣ ਵਾਲੇ ਦਨਦਨਾਉਂਦੇ ਫਿਰਦੇ ਹਨ। ਹੋਰ ਤਾਂ ਹੋਰ ਲੋਕ ਰਾਜ ਦੀ ਮੁੱਢਲੀ ਇਕਾਈ ਪੰਚਾਇਤਾਂ ਵੱਲੋਂ ਸ਼ਰਾਬ ਦੇ ਠੇਕੇ ਬੰਦ ਕਰਨ ਸਬੰਧੀ ਪਾਏ ਮਤੇ ਵੀ ਆਬਕਾਰੀ ਵਿਭਾਗ ਵਲੋਂ ਇਸ ਅਧਾਰ 'ਤੇ ਦਰਕਿਨਾਰ ਕੀਤੇ ਗਏ ਕਿ ਸਬੰਧਤ ਪਿੰਡ ਵਿੱਚ ਕਿਸੇ ਕੋਲੋਂ ਪੰਜ-ਛੇ ਸ਼ਰਾਬ ਦੀਆਂ ਬੋਤਲਾਂ ਬਰਾਮਦ ਹੋਈਆਂ ਸਨ ਅਤੇ ਇਸ ਅਧਾਰ 'ਤੇ 'ਨਜ਼ਾਇਜ਼ ਸ਼ਰਾਬ' ਦੀ ਵਿਕਰੀ ਕਾਰਨ ਪੰਚਾਇਤ ਦੋਸ਼ੀ ਹੈ। ਪੰਚਾਇਤਾਂ ਦਾ ਸਰਕਾਰ ਨੂੰ ਇਹ ਪ੍ਰਸ਼ਨ ਕਿ ਟਰੱਕਾਂ ਦੇ ਟਰੱਕ ਨਜਾਇਜ਼ ਸ਼ਰਾਬ ਵੇਚਣ ਵਾਲੇ ਦੁੱਧ ਧੋਤੇ ਹਨ ਅਤੇ ਸਾਰੇ ਪਿੰਡ ਵਿੱਚ ਇੱਕ ਦੋ ਵਿਅਕਤੀਆਂ ਕੋਲ ਪੰਜ-ਚਾਰ ਨਜਾਇਜ਼ ਸ਼ਰਾਬ ਦੀਆਂ ਬੋਤਲਾਂ ਫੜਨ ਨਾਲ ਸਾਰਾ ਪਿੰਡ ਦੋਸ਼ੀ ਕਿਵੇਂ ਬਣ ਗਿਆ ? ਇਸ ਸਬੰਧ ਵਿੱਚ ਕੁਝ ਸਰਪੰਚ ਹਾਈ ਕੋਰਟ ਦੀ ਸ਼ਰਨ ਵਿੱਚ ਵੀ ਗਏ ਹਨ।

ਬਿਨਾਂ ਸ਼ੱਕ ਪੰਜਾਬ ਇਸ ਵੇਲੇ ਬਹੁ-ਪੱਖੀ ਅਤੇ ਬਹੁ-ਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਬੇਰੁਜ਼ਗਾਰੀ, ਗੁਰਬਤ, ਕਿਰਸਾਨੀ ਸੰਕਟ, ਨਸ਼ੇ ਜਿਹੀਆਂ ਗੰਭੀਰ ਸਮੱਸਿਆਵਾਂ ਦੇ ਹੱਲ ਲਈ ਕਈ ਜਨਤਕ ਅੰਦੋਲਨ ਵੀ ਸਾਹਮਣੇ ਆਏ ਪਰ ਪੈਸੇ ਅਤੇ ਸਤਾ ਦੇ ਗਠਜੋੜ ਨੇ ਇਨਾਂ ਅੰਦੋਲਨਾਂ ਨੂੰ ਜਨਤਕ ਅੰਦੋਲਨ ਨਹੀਂ ਬਣਨ ਦਿੱਤਾ। ਪੈਸਾ ਇਕੱਠਾ ਕਰਨ ਦੀ ਦੌੜ ਵਿੱਚ ਨੈਤਿਕਤਾ, ਸਮਾਜਿਕ ਸਰੋਕਾਰ, ਧਰਮ ਦਰਸ਼ਨ ਅਤੇ ਸਭਿਆਚਾਰ ਵੀ ਦਾਅ 'ਤੇ ਲੱਗਿਆ ਹੋਇਆ ਹੈ। ਭਲਾ ਜਦ ਮਾਲੀ ਹੀ ਦਗਾਬਾਜ਼ ਹੋ ਜਾਣ, ਦਰਬਾਨਾਂ ਦੀ ਅੱਖਾਂ ਚੋਰਾਂ ਨਾਲ ਰਲ ਜਾਣ, ਫਿਰ ਆਰਥਿਕ, ਮਾਨਸਿਕ, ਸਰੀਰਕ ਅਤੇ ਬੌਧਿਕ ਕੰਗਾਲੀ ਨੂੰ ਕਿੰਜ ਰੋਕਿਆ ਜਾ ਸਕਦਾ ਹੈ ?

# ਗੈਂਗਸਟਰ ਵਿਕਾਸ ਦੂਬੇ ਦਾ ਮੁਕਾਬਲਾ ਕਿੰਨਾ ਕੁ ਜ਼ਰੂਰੀ ਸੀ



**- ਜਸਟਿਸ ਆਰ ਐਸ ਸੋਢੀ**
(ਸਾਬਕਾ ਜੱਜ, ਦਿੱਲੀ ਹਾਈ ਕੋਰਟ)

ਕਾਨਪੁਰ ਕਾਂਡ ਦਾ ਮੁੱਖ ਦੋਸ਼ੀ ਵਿਕਾਸ ਦੂਬੇ ਬੀਤੇ ਦਿਨੀਂ ਕਾਨਪੁਰ ਦੇ ਭੌਤੀ ਇਲਾਕੇ ਵਿਚ ਕਥਿਤ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ। ਪੁਲੀਸ ਅਨੁਸਾਰ ਉਜੈਨ ਤੋਂ ਕਾਨਪੁਰ ਲਿਆਉਂਦੇ ਸਮੇਂ ਦੂਬੇ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਦੂਬੇ ਦੇ ਪੁਲੀਸ ਮੁਕਾਬਲੇ ਸੰਬੰਧੀ ਪ੍ਰਸ਼ਨ ਉੱਠ ਰਹੇ ਹਨ ਕਿ ਇਹ ਮੁਕਾਬਲਾ ਸੱਚਾ ਹੈ ਜਾਂ ਝੂਠਾ। ਪਰ ਇਸ ਮੁਕਾਬਲੇ ਤੋਂ ਬਾਅਦ ਇਸ ਗੈਂਗਸਟਰ ਦਾ ਕੇਸ ਵੀ ਖਤਮ ਹੋ ਗਿਆ ਹੈ ਜੋ ਘੱਟੋ-ਘੱਟ ਪੰਜ-ਛੇ ਸਾਲ ਚੱਲਣਾ ਸੀ ਅਤੇ ਉਹ ਪਹਿਲਾਂ ਦੀ ਤਰਾਂ ਕੇਸਾਂ ਵਿਚੋਂ ਬਚ ਕੇ ਵੀ ਨਿਕਲ ਸਕਦਾ ਸੀ। ਭਾਰਤ ਦੀ ਪੁਲਿਸ ਕਾਨੂੰਨ ਦੇ ਦਾਇਰੇ ਵਿੱਚ ਆਉਂਦੀ ਹੈ। ਇਸੇ ਕਾਨੂੰਨ ਤਹਿਤ ਇਕ ਢਾਂਚਾ ਨਿਰਧਾਰਤ ਕੀਤਾ ਗਿਆ ਹੈ, ਜਿਸ ਅਨੁਸਾਰ ਪੁਲਿਸ ਨੂੰ ਆਪਣਾ ਕੰਮ ਕਰਨਾ ਪੈਂਦਾ ਹੈ। ਜੇ ਪੁਲਿਸ ਅਪਰਾਧੀਆਂ ਨੂੰ ਫੜ ਕੇ ਉਨਾਂ ਨੂੰ ਮਾਰ ਦੇਵੇਗੀ, ਤਾਂ ਪੁਲੀਸ ਤੇ ਅਪਰਾਧੀ ਵਿਚ ਕੀ ਫਰਕ ਰਹਿ ਜਾਵੇਗਾ। ਇਹ ਬਿਲਕੁਲ ਸੱਚ ਹੈ ਕਿ ਵਿਕਾਸ ਦੂਬੇ ਇਕ ਖੌਫ਼ਨਾਕ ਅਪਰਾਧੀ ਸੀ, ਹਰ ਤਰਾਂ ਨਾਲ ਭ੍ਰਿਸ਼ਟਾਚਾਰੀ ਤੇ ਇੱਕ ਖਤਰਨਾਕ ਡਾਕੂ ਸੀ। ਕੁਝ ਭ੍ਰਿਸ਼ਟ ਸਿਆਸਤਦਾਨਾਂ ਕਾਰਨ ਉਸ ਦਾ ਹੌਸਲਾ ਏਨਾ ਵੱਧ ਗਿਆ ਸੀ ਕਿ ਉਸ ਨੇ ਪੁਲਿਸ ਨੂੰ ਟਿੱਚ ਸਮਝਣਾ ਸ਼ੁਰੂ ਕਰ ਦਿੱਤਾ ਸੀ। ਉਸ ਵਲੋਂ ਪੁਲੀਸ ਕਰਮਚਾਰੀਆਂ ਦਾ ਕਤਲ ਬੇਸ਼ੱਕ ਦੇਸ਼ ਦੇ ਕਾਨੂੰਨ ਉੱਪਰ ਹਮਲਾ ਸੀ, ਪਰ ਇਸ ਦੇ ਬਾਵਜੂਦ ਅਸੀਂ ਇਸ ਕਥਿਤ ਪੁਲੀਸ ਮੁਕਾਬਲੇ ਨੂੰ ਸਹੀ ਨਹੀਂ ਠਹਿਰਾ ਸਕਦੇ।

ਦਰਅਸਲ, ਮਸਲਾ ਕਾਨੂੰਨ ਦਾ ਰਾਜ ਦੀ ਬਹਾਲੀ ਬਾਰੇ ਹੈ, ਪਰ ਇਹ ਵੇਖਣ ਵਿਚ ਆਇਆ ਹੈ ਕਿ ਕਈ ਵਾਰ ਅਦਾਲਤਾਂ ਕਾਨੂੰਨ ਦੇ ਨਿਯਮ ਅਧੀਨ ਨਹੀਂ ਚੱਲ ਰਹੀਆਂ ਹਨ। ਮੰਨ ਲਓ, ਜੇ ਵਿਕਾਸ ਦੂਬੇ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ, ਤਾਂ ਉਸਦਾ ਕੇਸ ਲੰਬੇ ਸਮੇਂ ਤੱਕ ਚਲਣਾ ਸੀ। ਇਹ ਵੀ ਸੰਭਵ ਹੈ ਕਿ ਉਸ ਵਿਰੁਧ ਕੋਈ ਗਵਾਹ ਨਾ ਮਿਲਦਾ। ਉਹ ਆਪਣੇ ਬਚਾਅ ਲਈ ਕੋਰਟ ਵਿਚ ਰਿੱਟ ਪਾਉਂਦਾ ਤੇ ਰਿਹਾਅ ਹੋ ਜਾਂਦਾ। ਉੱਤਰ ਪ੍ਰਦੇਸ਼ ਵਿੱਚ ਇੱਕ ਰਾਜ ਰਾਜ ਮੰਤਰੀ ਦੀ ਹੱਤਿਆ ਵਿੱਚ ਇਹ ਗੱਲ ਸਾਬਤ ਹੋਈ ਹੈ ਕਿ ਵਿਕਾਸ ਦੂਬੇ ਖਿਲਾਫ਼ ਕੋਈ ਵੀ ਗਵਾਹ ਨਹੀਂ ਮਿਲਿਆ। ਮੌਤ ਦਾ ਡਰ ਹੋਵੇ ਤਾਂ ਗਵਾਹੀ ਵੀ ਕੌਣ ਦਿੰਦਾ ਹੈ? ਇਥੋਂ ਤੱਕ ਕਿ ਪੁਲਿਸ ਇਸ ਮਾਮਲੇ ਵਿਚ ਚੁੱਪ ਸੀ। ਕਈ ਵਾਰ ਜਦੋਂ ਅਦਾਲਤ ਵਿਚ ਕਾਨੂੰਨ ਦਾ ਰਾਜ ਨਹੀਂ ਚਲਦਾ ਤਾਂ ਪੁਲਿਸ ਨੂੰ ਕੀ ਕਰਨਾ ਚਾਹੀਦਾ ਹੈ, ਪੁਲਿਸ ਵੀ ਕਾਨੂੰਨ ਦੇ ਦਾਇਰੇ ਵਿਚ ਹੈ। ਮੈਂ ਦੇਖਿਆ ਹੈ ਕਿ ਜਦੋਂ ਵੀ ਕੋਈ ਗਵਾਹ ਪਿੱਛੇ ਹਟ ਜਾਂਦਾ ਹੈ ਤਾਂ ਹੇਠਲੀ ਅਦਾਲਤ ਵਿਚ ਜੁਡੀਸ਼ੀਅਲ ਅਧਿਕਾਰੀ ਆਪਣਾ ਸਿਰ ਹਿਲਾਉਂਦਾ ਹੈ ਅਤੇ ਦੂਸਰੇ ਗਵਾਹ ਨੂੰ ਬੁਲਾਇਆ ਜਾਂਦਾ ਹੈ। ਉਹ ਨਹੀਂ ਵੇਖਦਾ ਕਿ ਗਵਾਹ ਕਿਉਂ ਪਿੱਛੇ ਹਟਿਆ? ਉਹ ਕਿਹੜੇ ਹਾਲਾਤ ਸਨ ਜਿਨਾਂ ਨੇ ਉਸ ਨੂੰ ਬਿਆਨ ਬਦਲਣ ਲਈ ਮਜਬੂਰ ਕੀਤਾ? ਸਵਾਲ ਇਹ ਹੈ ਕਿ ਕਈ ਵਾਰ ਟਰਾਇਲ ਜੱਜ ਦੇ ਪੋਸਟ ਆਫਿਸ ਦੀ ਤਰਾਂ ਨਾਲ ਕੰਮ ਕਰਨ ਨਾਲ ਕਾਨੂੰਨ ਦਾ ਰਾਜ ਕਿਵੇਂ ਚੱਲੇਗਾ? ਉਸ ਨੂੰ ਸਰਗਰਮ ਹੋਣਾ ਪਏਗਾ, ਪਰ ਉਸ ਦੀਆਂ ਵੀ ਸਮੱਸਿਆਵਾਂ ਹਨ। ਉਸ ਦੇ ਕੋਲ ਅਣਗਿਣਤ ਕੇਸ ਹਨ, ਜਿਸ ਦਾ ਬੋਝ ਉਹ ਜਾਂ ਕੋਈ ਨਿਆਂਇਕ ਅਧਿਕਾਰੀ ਦੱਬਿਆ ਹੋਇਆ ਹੈ। ਜੇ ਉਹ ਗਵਾਹਾਂ 'ਤੇ ਸੁਆਲ ਉਠਾਏਗਾ ਤਾਂ ਕੇਸ ਅੱਗੇ ਨਹੀਂ ਵਧ ਸਕੇਗਾ। ਅਜਿਹੀ ਸਥਿਤੀ ਵਿਚ, ਪੁਲਿਸ ਦਾ ਕੀ ਕਸੂਰ ਹੈ, ਉਹ ਜਾਣਦਾ ਹੈ ਕਿ ਗਵਾਹ ਸਾਹਮਣੇ ਨਹੀਂ ਆਉਣਗੇ। ਵਿਟਨੈਸ ਪ੍ਰੋਟੇਕਸ਼ਨ ਸਿਸਟਮ (ਗਵਾਹਾਂ ਦੀ ਸੁਰੱਖਿਆ ਪ੍ਰਣਾਲੀ) ਪੂਰੀ ਤਰਾਂ ਕੰਮ ਨਹੀਂ ਕਰ ਰਹੀ। ਇਹ ਪ੍ਰਣਾਲੀ ਏਨੀ ਗੁੰਝਲਦਾਰ ਹੈ ਕਿ ਸੁਰੱਖਿਆ ਦੀ ਮੰਗ ਕਰਦਾ ਇਕ ਗਵਾਹ ਪੂਰੀ ਤਰਾਂ ਬੇਨਕਾਬ ਹੋ ਜਾਂਦਾ ਹੈ। ਜੇ ਅਪਰਾਧੀ ਮਜ਼ਬੂਤ, ਪ੍ਰਭਾਵਸ਼ਾਲੀ ਹੈ, ਤਾਂ ਪੁਲਿਸ ਕੋਲ ਕੋਈ ਬਦਲ ਨਹੀਂ ਹੈ। ਅਜਿਹਾ ਹੀ ਵਿਕਾਸ ਦੂਬੇ ਦਾ ਮਾਮਲਾ ਸੀ। ਸਾਰੇ ਜਾਣਦੇ ਹਨ ਕਿ 1999 ਦੀ ਦਿੱਲੀ ਦੀ ਮਸ਼ਹੂਰ ਮਾਡਲ ਜੇਸਿਕਾ ਲਾਲ ਦੇ ਕਤਲ ਵਿੱਚ ਕੀ ਹੋਇਆ ਸੀ? ਹੇਠਲੀ ਅਦਾਲਤ ਨੇ ਮੁੱਖ ਦੋਸ਼ੀ, ਜੋ ਇਕ ਸ਼ਕਤੀਸ਼ਾਲੀ ਨੇਤਾ ਦਾ ਪੁੱਤਰ ਸੀ, ਨੂੰ ਸਬੂਤਾਂ ਅਤੇ ਗਵਾਹਾਂ ਦੀ ਘਾਟ ਕਾਰਨ ਕਤਲ ਦੇ ਦੋਸ਼ ਵਿਚ ਬਰੀ ਕਰ ਦਿੱਤਾ। ਇਹ ਕੇਸ ਮੇਰੇ ਕੋਲ ਵੀ ਦਿੱਲੀ ਹਾਈ ਕੋਰਟ ਵਿੱਚ ਆਇਆ ਸੀ। ਮੈਂ ਇਸ ਫੈਸਲੇ ਨੂੰ ਉਲਟਾ ਦਿੱਤਾ, ਉਸ ਨੂੰ ਸਜਾ ਦਿੱਤੀ ਅਤੇ ਉਸਨੂੰ ਜੇਲ ਭੇਜ ਦਿੱਤਾ। ਇਸ ਕੇਸ ਵਿੱਚ, ਮੈਂ 30 ਲੋਕਾਂ ਨੂੰ ਝੂਠੇ ਦੋਸ਼ਾਂ ਦੇ ਦੋਸ਼ ਵਿੱਚ ਨੋਟਿਸ ਭੇਜਿਆ ਸੀ ਤੇ ਉਨਾਂ ਨੂੰ ਸੰਮਨ ਭੇਜਿਆ ਸੀ। ਇਹ ਵੱਖਰੀ ਗੱਲ ਹੈ ਕਿ ਉਸ ਨੂੰ ਉਪਰਲੀ ਅਦਾਲਤ ਤੋਂ ਰਿਹਾਅ ਕੀਤਾ ਗਿਆ ਸੀ, ਪਰ ਇਸ ਨਾਲ ਸਮਾਜ ਨੂੰ ਚੰਗਾ ਸੁਨੇਹਾ ਗਿਆ। ਜੇ ਇਸ ਕੇਸ ਵਿਚ ਦੋਸ਼ੀ ਨੂੰ ਸਜ਼ਾ ਨਾ ਦਿੱਤੀ ਜਾਂਦੀ ਤਾਂ ਉਹ ਅੱਜ ਇਕ ਨੇਤਾ ਬਣ ਕੇ ਘੁੰਮਦਾ ਹੁੰਦਾ। ਇਸੇ ਤਰਾਂ, ਦਿੱਲੀ ਯੂਨੀਵਰਸਿਟੀ ਵਿੱਚ ਕਾਨੂੰਨ ਦੀ ਵਿਦਿਆਰਥੀ ਪ੍ਰਿਆਦਰਸ਼ੀ ਮੱਟੂ ਬਲਾਤਕਾਰ ਤੇ ਕਤਲ ਦੇ ਮਾਮਲੇ ਵਿਚ ਕੀਤਾ ਗਿਆ। ਦੋਸ਼ੀ ਪੁਲਿਸ ਵਿਭਾਗ ਦੇ ਆਈਜੀ ਦਾ



ਪੁੱਤਰ ਸੀ। ਉਸ ਨੂੰ ਦਿੱਲੀ ਦੀ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ ਕਿਉਂਕਿ ਉਸ ਦੇ ਖਿਲਾਫ ਕੋਈ ਸਬੂਤ ਨਹੀਂ ਮਿਲਿਆ ਸੀ, ਪਰ ਮੁਕੱਦਮਾ ਚਲਿਆ ਤੇ ਉਸ ਨੂੰ ਹਾਈ ਕੋਰਟ ਨੇ ਜੇਲ ਭੇਜ ਦਿੱਤਾ। ਜੇ ਨਿਆਂਪਾਲਿਕਾ ਸਹੀ ਢੰਗ ਨਾਲ ਚਲੇ, ਤਾਂ ਕਾਨੂੰਨ ਦਾ ਰਾਜ ਲਾਗੂ ਹੋ ਸਕਦਾ ਹੈ, ਪਰ ਇਹ ਕੰਮ ਏਨਾ ਸੌਖਾ ਨਹੀਂ ਹੈ। ਹਰ ਕੋਈ ਆਪਣੀ ਸੁਰੱਖਿਆ ਬਾਰੇ ਚਿੰਤਤ ਹੈ। ਪੁਲਿਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਿਸਟਮ ਨੂੰ ਦਰੁਸਤ ਰੱਖੇ।

ਅਪਰਾਧੀਆਂ ਨੂੰ ਠੱਲ ਪਾਉਣ ਲਈ ਕਾਨੂੰਨ ਦੀ ਪ੍ਰਕਿਰਿਆ ਦੀ ਪਾਲਣਾ ਕਰੇ। ਕਾਨੂੰਨ ਪ੍ਰਤੀ ਆਪਣੀ ਵਫ਼ਾਦਾਰੀ ਨੂੰ ਮਜ਼ਬੂਤ ਰੱਖੇ ਅਤੇ ਸਹੀ ਅਤੇ ਨਿਡਰ ਹੋ ਕੇ ਰਿਪੋਰਟ ਕਰੇ। ਗਵਾਹਾਂ ਦੀ ਰੱਖਿਆ ਕਰੇ ਅਤੇ ਉਨਾਂ ਨੂੰ ਗੁਪਤ ਰੱਖੇ। ਪਰ ਇਹ ਕਹਿਣਾ ਸੌਖਾ ਹੈ, ਇਸ ਦੀ ਪਾਲਣਾ ਕਰਨੀ ਬਹੁਤ ਮੁਸ਼ਕਲ ਹੈ। ਇੱਥੇ ਬਹੁਤ ਸਾਰੇ ਕਾਰਕ ਹਨ ਜੋ ਇਸ ਮਾਰਗ ਵਿੱਚ ਰੁਕਾਵਟ ਪਾਉਂਦੇ ਹਨ, ਉਸ ਦਾ ਨਾਮ ਲੈਣ ਦੀ ਜ਼ਰੂਰਤ ਨਹੀਂ ਹੈ, ਇਹ ਸਭ ਚੰਗੀ ਤਰਾਂ ਜਾਣਦੇ ਹਨ। ਅਦਾਲਤਾਂ ਲਈ ਇਹ ਵੀ ਮਹੱਤਵਪੂਰਨ ਹੈ ਕਿ ਜਦੋਂ ਕਿਸੇ ਵੀ ਮਾਮਲੇ ਵਿਚ ਗਵਾਹ ਨਹੀਂ ਮਿਲਦੇ ਜਾਂ ਪਿੱਛੇ ਹਟ ਜਾਂਦੇ ਹਨ, ਤਾਂ ਉਨਾਂ ਤੋਂ ਜ਼ਰੂਰ ਪੁੱਛਗਿੱਛ ਕੀਤੀ ਜਾਣੀ ਚਾਹੀਦੀ ਹੈ। ਇਹ ਜੱਜ ਨੂੰ ਦੇਖਣਾ ਪਏਗਾ, ਕਿਉਂਕਿ ਆਖਿਰਕਾਰ ਕਾਨੂੰਨ ਦਾ ਰਾਜ ਸਿਰਫ ਅਦਾਲਤ ਵਿੱਚ ਆ ਕੇ ਹੀ ਨਿਸ਼ਚਤ ਹੁੰਦਾ ਹੈ। ਖ਼ਤਰਨਾਕ ਅਪਰਾਧੀਆਂ ਅਤੇ ਅੱਠ ਪੁਲਿਸ ਮੁਲਾਜ਼ਮਾਂ ਦੇ ਕਾਤਲ ਵਿਕਾਸ ਦੂਬੇ ਦੇ ਇਕ ਪੁਲੀਸ ਮੁਕਾਬਲੇ ਨੇ ਅਦਾਲਤ ਤੇ ਪੁਲਿਸ ਪ੍ਰਣਾਲੀ 'ਤੇ ਸੁਆਲ ਖੜੇ ਕੀਤੇ ਹਨ। ਇਸ ਦੇ ਓਨੇ ਹੀ ਜੁਆਬ ਵੀ ਸਾਹਮਣੇ ਲਿਆ ਕੇ ਰੱਖ ਦਿੱਤੇ ਹਨ। ਸਿਰਫ ਸਾਨੂੰ ਉਨਾਂ ਨੂੰ ਵੇਖਣਾ ਹੈ ਤੇ ਸਮਝਣਾ ਹੈ।

# ਸ਼ਹੀਦ ਭਾਈ ਹਰਜੀਤ ਸਿੰਘ ਢਿੱਲੋਂ ਦੀ ਕੁਰਬਾਨੀ ਮਹਾਨ ਹੈ: ਯੂਨਾਈਟਿਡ ਖਾਲਸਾ ਦਲ ਯੂ,ਕੇ

**ਲੰਡਨ/ਏ.ਟੀ.ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ 15 ਜੁਲਾਈ 1994 ਨੂੰ ਸ਼ਹੀਦ ਹੋਏ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਸ਼ਹੀਦ ਭਾਈ ਹਰਜੀਤ ਸਿੰਘ ਢਿੱਲੋਂ ਦੀ ਕੌਮ ਪ੍ਰਤੀ ਕੀਤੀ ਮਹਾਨ ਕੁਰਬਾਨੀ ਨੂੰ ਕੇਸਰੀ ਪ੍ਰਣਾਮ ਕੀਤਾ ਗਿਆ। ਯੂਨਾਈਟਿਡ ਖਾਲਸਾ ਦਲ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਜਾਰੀ ਪਰੈਸ ਬਿਆਨ ਵਿੱਚ ਦੱਸਿਆ ਕਿ ਭਾਈ ਹਰਜੀਤ ਸਿੰਘ ਢਿਲੋਂ ਦਾ ਜਨਮ 30 ਜੁਲਾਈ 1967 ਨੂੰ ਪਿੰਡ ਢਿਲਵਾਂ ਪਿੰਡ ਦੇ ਸਰਦਾਰ ਜੋਗਿੰਦਰ ਸਿੰਘ ਅਤੇ ਮਾਤਾ ਤਵਿੰਦਰ ਕੌਰ ਦੇ ਘਰ ਹੋਇਆ. ਭਾਈ ਹਰਜੀਤ ਸਿੰਘ ਦਾ ਪਰਿਵਾਰ ਬਹੁਤ ਹੀ ਧਾਰਮਿਕ ਪਰਿਵਾਰ ਸੀ। ਸਾਰਾ ਪਰਿਵਾਰ ਨੂੰ ਅੰਮ੍ਰਿਤਧਾਰੀ ਸੀ। ਭਾਈ ਹਰਜੀਤ ਸਿੰਘ ਦਾ ਦਾਦਾ ਸੂਬੇਦਾਰ ਮੇਜਰ ਉੱਜਗਰ ਸਿੰਘ ਸਤਿਕਾਰਯੋਗ ਸੰਤ ਜਵਾਲਾ ਸਿੰਘ ਹਰਖੋਵਾਲ ਨਾਲ ਜਿਆਦਾ ਸਮਾਂ ਰਿਹਾ ਕਰਦੇ ਸੀ। ਭਾਈ ਹਰਜੀਤ ਸਿੰਘ ਦੀ ਦਾਦੀ ਬੀਬੀ ਹਰਨਾਮ ਕੌਰ ਇੱਕ ਬਹੁਤ ਹੀ ਸਾਂਭ ਸੰਭਾਲ ਅਤੇ ਪਿਆਰ ਕਰਨ ਵਾਲੇ ਸੁਭਾਅ ਦੀ ਮਾਲਕ ਸੀ। ਹਰ ਪਰਿਵਾਰ ਦੇ ਮੈਂਬਰ ਦੇ ਵਿਅਕਤੀਗਤ ਗੁਣਾਂ ਅਤੇ ਘਰ ਦੇ ਮਾਹੌਲ ਨੇ ਸਿੱਖ ਧਰਮ ਵਿਚ ਭਾਈ ਹਰਜੀਤ ਸਿੰਘ ਦਾ ਧਰਮ ਪ੍ਰਤੀ ਪਿਆਰ ਵਿਸ਼ਵਾਸ ਅਤੇ ਪੰਥ ਦੀ ਸੇਵਾ ਕਰਨ ਦੀ ਇੱਛਾ ਨੂੰ ਪਰਫੁੱਲਤ ਕੀਤਾ। ਭਾਈ ਹਰਜੀਤ ਸਿੰਘ ਇਕ ਬੁੱਧੀਮਾਨ ਵਿਦਿਆਰਥੀ ਸੀ ਜੋ ਕਿ ਖੇਡਾਂ ਵਿਚ ਬਹੁਤ ਨਿਪੁੰਨ ਸੀ, ਖਾਸ ਤੌਰ 'ਤੇ ਕਬੱਡੀ ਦੀ ਖੇਡ ਵਿਚ। ਭਾਈ ਹਰਜੀਤ ਸਿੰਘ ਨੇ ਆਪਣੀ ਸੈਕੰਡਰੀ ਤੱਕ ਦੀ ਸਿੱਖਿਆ ਪਿੰਡ ਢਿੱਲਵਾਂ ਦੇ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਮੁਕਤ ਕੀਤੀ ਅਤੇ ਫਿਰ 1983 ਵਿਚ ਡੀ.ਏ.ਵੀ. ਕਾਲਜ, ਜਲੰਧਰ ਵਿਚ ਇਕ ਸਾਲ ਲਗਾਇਆ। ਇਸ ਤੋਂ ਬਾਅਦ ਮੇਹਰਚੰਦ ਪੋਲੀਟੈਕਨਿਕ ਕਾਲਜ, ਜਲੰਧਰ ਵਿਚ ਦਾਖਲਾ ਲੈ ਲਿਆ। ਕਾਲਜ ਤੋਂ ਕਈ ਵਿਦਿਆਰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਗਏ ਅਤੇ ਬਹੁਤ ਦਿਲਚਸਪੀ ਨਾਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਭਾਸ਼ਣ ਸੁਣੇ। ਜੂਨ 1984 ਵਿੱਚ ਭਾਰਤੀ ਦਰਬਾਰ ਵਲੋਂ ਸ਼੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਭਾਈ ਹਰਜੀਤ ਸਿੰਘ ਨੂੰ ਬਹੁਤ ਉਦਾਸ ਕਰ ਦਿੱਤਾ ਅਤੇ ਭਾਈ ਹਰਜੀਤ ਸਿੰਘ ਦੇ ਅੰਦਰ ਪੰਥ ਦੀ ਸੇਵਾ ਵਿੱਚ ਅੱਗੇ ਵਧਣ ਲਈ ਹਿੰਮਤ ਮਜਬੂਤ ਕਰ ਦਿੱਤੀ। ਭਾਈ ਹਰਜੀਤ ਸਿੰਘ ਨੇ ਆਪਣੀ ਉੱਚ ਸਿੱਖਿਆ ਜਾਰੀ ਰੱਖੀ ਅਤੇ 1987 ਵਿਚ ਸਿਵਲ ਇੰਜੀਨੀਅਰਿੰਗ ਵਿਚ ਡਿਪਲੋਮਾ ਪਾਸ ਖਰ ਲਿਆ। ਇਸ ਸਮੇਂ ਦੌਰਾਨ ਭਾਈ ਹਰਜੀਤ ਸਿੰਘ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਮੈਂਬਰ ਬਣਨ ਉਪਰੰਤ ਅਤੇ ਦਮਦਮੀ ਟਕਸਾਲ ਦੇ ਹੈਡ ਕੁਆਟਰ ਗੁਰਦਵਾਰਾ ਗੁਰਦਰਸ਼ਨ ਪਰਕਾਸ਼ ਮਹਿਤਾ ਚੌਂਕ ਵਿਖੇ ਜਾ ਕਾ ਅੰਮ੍ਰਿਤ ਦੀ ਦਿਤ ਪ੍ਰਾਪਤ ਕੀਤੁ।ਭਾਈ ਹਰਜੀਤ ਸਿੰਘ ਬਹੁਤ ਹੀ ਨਿਮਰਤਾ ਵਾਲੇ ਸਿਦਕ ਵਾਨ ਵਿਅਕਤੀ ਸਨ।ਭਾਵੇਂ ਕਿ ਉਸਦਾ ਸਬੰਧ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸੀ । ਪਰ ਆਪਣੀਆਂ ਗਤੁਵਿਧੀਆਂ ਜਾਹਰ ਨਾ ਹੋਣ ਦਿਤਾ। ਭਾਈ ਹਰਜੀਤ ਸਿੰਘ ਪਹਿਲੀ ਵਾਰ ਪੁਲਿਸ ਦੇ ਨਜ਼ਰ ਉਦੋਂ ਆਇਆ ਵਿੱਚ ਆਇਆ ਜਦੋਂ ਭਾਈ ਕੁਲਦੀਪ ਸਿੰਘ ਢਿੱਲੋਂ ਨਾਲ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਵਕਤ ਸਥਾਨਕ ਵਿਦਿਆਰਥੀਆਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਨੇ ਢਿਲਵਾਂ ਰੋਡ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਜਿੱਥੇ ਟਰੈਫਿਕ ਨੂੰ 8 ਘੰਟੇ ਲਈ ਰੋਕਿਆ ਗਿਆ। ਇਸ ਘਟਨਾ ਦੇ ਦੌਰਾਨ ਪੁਲਿਸ ਨੇ ਭਾਈ ਹਰਜੀਤ ਸਿੰਘ ਦੀ ਵਿਸ਼ੇਸ਼ ਨੋਟਿਸ ਲਿਆ, ਕਿਉਂਕਿ ਉਹ ਹੀ ਸੀ ਜਿਸ ਨੇ ਸੈਂਕੜੇ ਸਮਰਥਕਾਂ ਨੂੰ ਸੜਕਾਂ 'ਤੇ ਇਕੱਤਰ ਕਰਨ ਵਿੱਚ ਬੜੀ ਮਿਹਨਤ ਕੀਤੀ ਸੀ।ਭਾਈ ਹਰਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਭਾਰੀ ਅਤਿਆਚਾਰ ਕੀਤਾ ਗਿਆ। ਮਗਰੋਂ ਮੋਹਤਬਾਰਾਂ ਅਤੇ ਪਿੰਡ ਵਾਸੀਆਂ ਦੇ ਦਬਾਅ ਤੋਂ ਬਾਅਦ ਰਿਹਾ ਕੀਤਾ ਗਿਆ। ਪੁਲਿਸ ਦੁਆਰਾ ਅਤਿਆਚਾਰ ਹੋਣ ਕਾਰਨ ਭਾਈ ਹਰਜੀਤ ਸਿੰਘ ਮਯੂਸ ਹੋਣ ਦੀ ਬਜਾਏ ਆਪਣੇ ਆਪ ਨੂੰ ਕੌਮੀ ਆਜਾਦੀ ਲਈ ਸਿੱਖ ਸੰਘਰਸ਼ ਵਿਚ ਹਿੱਸਾ ਲੈਣ ਲਈ ਵਧੇਰੇ ਪੱਕਾ ਕੀਤਾ । ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਖਾਲਿਸਤਾਨ ਕਮਾਂਡੋ ਫ਼ੋਰਸ, ਭਾਈ ਨਿਰਮਲ ਸਿੰਘ, ਭਾਈ ਕੁਲਦੀਪ ਸਿੰਘ ਢਿਲੋਂ, ਭਾਈ ਬਲਵਿੰਦਰ ਸਿੰਘ ਢਿਲੋਂ ਡੇਰਾ ਸੈਦਾਂ ਕਪੂਰਥਲਾ , ਭਾਈ ਬਲਬੀਰ ਸਿੰਘ , ਭਾਈ ਨਿਰਮਲ ਸਿੰਘ ਅਤੇ ਭਾਈ ਸੁਰਜੀਤ ਸਿੰਘ ਸੰਧੂ ਨਾਲ ਮਿਲ ਕੇ ਕੌਮੀ ਕੰਮ ਕੀਤੇ। ਇਕੱਠਿਆਂ ਮਿਲ ਕੇ ਸਿੱਖ ਕੌਮ ਦੇ ਵਿਰੁੱਧ ਕੀਤੇ ਗਏ ਜੁਰਮਾਂ ਦੇ ਕਈ ਜ਼ਾਲਮਾ ਅਤੇ ਅਪਰਾਧੀਆਂ ਨੂੰ ਖਾਲਸਈ ਰਵਾਇਤਾਂ ਅਨੁਸਾਰ ਸਜ਼ਾਵਾਂ ਦਿੱਤੀਆਂ। ਪੰਜਾਬ ਪੁਲਿਸ ਵਲੋਂ ਭਾਈ ਹਰਜੀਤ ਸਿੰਘ ਦੀ ਪੈੜ ਨੱਪੀ ਜਾ ਰਹੀ ਹੁੰਦੀ ਆ। ਪਰ ਉਸਨੂੰ ਹੁਸੈਨਪੁਰ ਕੋਚ ਫੈਕਟਰੀ, ਕਪੂਰਥਲਾ ਵਿਖੇ ਇਕ ਇੰਜੀਨੀਅਰ ਵਜੋਂ ਨੌਕਰੀ ਮਿਲ ਗਈ। ਇਸ ਨਾਲ ਭਾਈ ਹਰਜੀਤ ਸਿੰਘ ਨੂੰ ਸ਼ੰਕਾ



ਜਗਾਏ ਬਿਨਾਂ ਆਪਣੇ ਪਿੰਡ ਨੂੰ ਆਸਾਨੀ ਨਾਲ ਛੱਡਣ ਅਤੇ ਆਪਣੇ ਪੰਥਕ ਕਰਤੱਵਾਂ ਜਾਰੀ ਰੱਖਣ ਦੀ ਆਗਿਆ ਮਿਲ ਜਾਂਦੀ ਹੈ 9ਅਪ੍ਰੈਲ 1989 ਵਿੱਚ, ਇੱਕ ਸਥਾਨਕ ਪੁਲਿਸ ਵੱਲੋਂ ਇਕ ਵਾਰ ਫਿਰ ਗ੍ਰਿਫਤਾਰ ਕੀਤਾ ਗਿਆ। ਭਾਈ ਹਰਜੀਤ ਸਿੰਘ ਨੂੰ ਜੇਲ ਭੇਜਿਆ ਗਿਆ। ਭਾਈ ਹਰਜੀਤ ਸਿੰਘ ਦੀ ਗੈਰਕਾਨੂੰਨੀ ਗ੍ਰਿਫਤਾਰੀ ਵਿਰੁੱਧ ਰੋਸ ਪ੍ਰਗਟਾਉਂਦਿਆਂ ਸਥਾਨਕ ਭਾਈਵਾਲਾਂ ਦੇ ਬਾਅਦ ਪੁਲਿਸ ਨੂੰ ਇਕ ਵਾਰ ਫਿਰ ਭਾਈ ਹਰਜੀਤ ਸਿੰਘ ਦੀ ਰਿਹਾਈ ਲਈ ਸਰਕਾਰ ਨੂੰ ਮਜਬੂਰ ਕੀਤਾ ਗਿਆ। ਭਾਈ ਹਰਜੀਤ ਸਿੰਘ ਨੂੰ ਇਸ ਹੱਦ ਤੱਕ ਤਸੀਹੇ ਦਿੱਤੇ ਗਏ ਸਨ ਕਿ ਉਹ ਕਈ ਦਿਨਾਂ ਤੱਕ ਚੱਲਣ ਤੋਂ ਅਸਮਰੱਥ ਰਿਹਾ। ਇਕ ਵਾਰ ਫਿਰ ਤਸੀਹਿਆਂ ਦੇ ਬਾਵਜੂਦ ਭਾਈ ਹਰਜੀਤ ਸਿੰਘ ਪੰਥ ਦੀ ਸੇਵਾ ਪ੍ਰਤੀ ਅਡੋਲ ਰਿਹਾ।ਰਿਹਾਈ ਤੋਂ ਬਾਅਦ ਪੁਲਿਸ ਨੇ ਉਸ ਨੂੰ ਦੁਬਾਰਾ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਭਾਈ ਹਰਜੀਤ ਸਿੰਘ ਬਚ ਨਿਕਲਣ ਵਿਚ ਕਾਮਯਾਬ ਹੋ ਗਏ ਅਤੇ ਉਹ ਭੂਮੀਗਤ ਬਣਨ ਲਈ ਮਜਬੂਰ ਹੋ ਗਿਆ ਅਤੇ 1990 ਵਿੱਚ ਇਕ ਏਜੰਟ ਰਾਹੀਂ ਪਹਿਲਾਂ ਜਰਮਨੀ ਅਤੇ ਕੁਝ ਮਹੀਨਿਆਂ ਬਾਅਦ ਅਮਰੀਕਾ ਚਲੇ ਗਿਆ। ਵਿਦੇਸ਼ਾਂ ਵਿਚ ਰਹਿੰਦਿਆਂ ਵੀ ਭਾਈ ਹਰਜੀਤ ਸਿੰਘ ਨੇ ਪੰਥਕ ਜ਼ਿੰਮੇਵਾਰੀਆਂ ਜਾਰੀ ਰੱਖੀਆਂ। ਭਾਈ ਹਰਜੀਤ ਸਿੰਘ ਨੇ ਸ਼ਹੀਦ ਜੁਝਾਰੂਆਂ ਦੇ ਪਰਿਵਾਰਾਂ ਦੀ ਸਹਾਇਤਾ ਕੀਤੀ, ਚਲ ਰਹੇ ਸੰਘਰਸ਼ ਦੀ ਜਾਗਰਤੀ ਬਣਾਈ ਅਤੇ ਪੰਜਾਬ ਦੇ ਖਾੜਕੂਆਂ ਨਾਲ ਸੰਪਰਕ ਬਣਾਈ ਰੱਖਿਆ। ਭਾਈ ਹਰਜੀਤ ਸਿੰਘ ਦੀਆਂ 2 ਭੈਣਾਂ ਅਤੇ ਛੋਟੇ ਭਰਾ ਵਿਦੇਸ਼ਾਂ ਵਿੱਚ ਵਸ ਗਏ ਸਨ ਅਤੇ ਭਾਈ ਹਰਜੀਤ ਸਿੰਘ ਦੇ ਰਿਸ਼ਤੇਦਾਰਾਂ ਨੇ ਅਮਰੀਕਾ ਵਿੱਚ ਰਹਿਣ ਅਤੇ ਅਨੰਦ ਕਾਰਜ ਕਰਵਾਉਣ ਲਈ ਜੋਰ ਪਾਇਆ। ਪਰ ਭਾਈ ਹਰਜੀਤ ਸਿੰਘ ਦਾ ਪਿਆਰ ਕੇਵਲ ਖਾਲਿਸਤਾਨ ਦੇ ਸੰਘਰਸ਼ ਨਾਲ ਸੀ। ਤਰਜੀਹ ਪੰਥ ਦੇ ਨਾਲ ਸੀ ਅਤੇ ਇਸੇ ਜੂਝ ਮਰਨ ਦੀ ਭਾਵਨਾ ਤਹਿਤ ਪੰਜਾਬ ਵਾਪਸ ਪਰਤ ਆਇਆ। ਭਾਈ ਹਰਜੀਤ ਸਿੰਘ ਅਪ੍ਰੈਲ 1992 ਵਿਚ ਪੰਜਾਬ ਪਰਤਿਆ। ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਦਲਜੀਤ ਸਿੰਘ , ਸ਼ਹੀਦ ਬਾਬਾ ਦਵਿੰਦਰ ਸਿੰਘ ਅਤੇ ਸ਼ਹੀਦ ਭਾਈ ਰਛਪਾਲ ਸਿੰਘ ਨਾਲ ਮਿਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਭਾਈ ਹਰਜੀਤ ਸਿੰਘ ਦੀਆਂ ਕਾਰਵਾਈਆਂ ਨੂੰ ਜਿੱਥੇ ਦੁਬਾਰਾ ਇਕ ਗੁੰਮਨਾਮ ਤਰੀਕੇ ਨਾਲ ਪੂਰਾ ਕੀਤਾ ਗਿਆ ਜਿਸ ਵਿਚ ਉਸਨੇ ਫਰਜੀ ਨਾਮ ਭਾਈ ਜਗਦੀਪ ਸਿੰਘ ਦੇ ਨਾਮ ਹੇਠ ਸਿੱਖਾਂ ਦੇ ਬਹੁਤ ਸਾਰੇ ਦੁਸ਼ਮਣਾਂ ਨੂੰ ਸਜ਼ਾ ਦਿੱਤੀ। ਭਾਈ ਹਰਜੀਤ ਸਿੰਘ ਦਾ ਉਦੇਸ਼ ਹਰ ਮੋਰਚੇ ਤੋਂ ਅੰਦੋਲਨ ਨੂੰ ਮਜ਼ਬੂਤ ਕਰਨਾ ਸੀ, ਸਿਆਸੀ ਅਤੇ ਜੁਝਾਰੂ ਤੌਰਾਂ ਤੇ ਅਤੇ ਹਿੰਦੁਸਤਾਨ ਦੇ ਸਾਰੇ 4 ਕੋਨਿਆਂ ਨੂੰ ਲਹਿਰ ਫੈਲਾਉਣਾ ਸੀ।ਇਹਨਾਂ ਕੋਸ਼ਿਸ਼ਾਂ ਕਾਰਨ ਪੰਜਾਬ ਦੇ ਗੁਆਂਢੀ ਸੂਬਿਆਂ ਵਿੱਚ ਸੰਘਰਸ਼ ਦੇ ਪੈਰ ਪਸਰ ਗਏ। ਭਾਈ ਹਰਜੀਤ ਸਿੰਘ ਨੇ ਬਹੁਤ ਸਾਰੇ ਉੱਚ ਪੱਧਰ ਦੇ ਟੀਚਿਆਂ ਨੂੰ ਸਰ ਕੀਤਾ। ਅਖੀਰ ਇੱਕ ਮਨਹੂਸ ਅਤੇ ਭਿਆਨਕ ਦਿਨ ਆਇਆ, ਜੋ ਹਰ ਇੱਕ ਯੋਧੇ ਦਾ ਇੰਤਜ਼ਾਰ ਕਰ ਰਿਹਾ ਹੰਦਾ , 15 ਜੁਲਾਈ, 1994 ਨੂੰ ਜਲੰਧਰ ਪੁਲਿਸ ਦੁਆਰਾ ਇੱਕ ਘਰ ਤੇ ਛਾਪਾ ਮਾਰਿਆ ਗਿਆ।ਜਿੱਥੇ ਭਾਈ ਹਰਜੀਤ ਸਿੰਘ ਅਤੇ ਉਸਦਾ ਸਾਥੀ ਨੇ ਠਹਿਰੇ ਹੋਏ ਸੀ। ਪੁਲਿਸ ਨਾਲ ਮੁਕਾਬਲਾ ਹੋਇਆ ਅਤੇ ਭਾਈ ਹਰਜੀਤ ਸਿੰਘ ਸ਼ਹੀਦ ਗਿਆ। ਯੂਨਾਈਟਿਡ ਖਾਲਸਾ ਦਲ ਯੂ, ਕੇ ਵਲੋਂ ਭਾਈ ਹਰਜੀਤ ਸਿੰਘ ਦੀ ਸ਼ਹਾਦਤ ਅਤੇ ਕੁਰਬਾਨੀ ਨੂੰ ਕੇਸਰੀ ਪ੍ਰਣਾਮ ਹੈ। ਖਾਲਿਸਤਾਨ ਦੀ ਜੰਗ ਜਾਰੀ ਰਹੇਗੀ।

# ਗੁਰੂ ਗਰੰਥ ਸਾਹਿਬ ਬੇਅਦਬੀ ਕੇਸਾਂ 'ਚ ਰੋੜਾ ਨਾ ਬਣੇ ਕੇਂਦਰ

**- ਸੁਖਦੇਵ ਸਿੰਘ ਭੌਰ**

ਪੰਜਾਬ ਵਿਚ ਸ਼ਰਾਰਤੀ ਅਨਸਰਾਂ ਵੱਲੋਂ ਬੁਰਜ ਜਵਾਹਰ ਸਿੰਘ ਵਾਲਾ, ਬਰਗਾੜੀ ਅਤੇ ਹੋਰ ਥਾਵਾਂ 'ਤੇ ਕੀਤੇ ਗਏ ਗੁਰਬਾਣੀ ਦੇ ਅਪਮਾਨ ਨੇ ਹਰ ਕੌਮ ਪ੍ਰਸਤ ਅਤੇ ਧਰਮ ਪ੍ਰਸਤ ਵਿਅਕਤੀ ਦੀ ਆਤਮਾ 'ਤੇ ਗਹਿਰਾ ਜ਼ਖ਼ਮ ਦਿੱਤਾ ਹੈ। ਜਦੋਂ ਵੱਡੇ ਦੁਖਾਂਤ ਰਾਜਨੀਤੀ ਦੀ ਭੇਟ ਚੜ੍ਹਦੇ ਹਨ ਉਦੋਂ ਇਨਸਾਫ਼ ਦੀ ਆਸ ਖ਼ਤਮ ਹੋ ਜਾਂਦੀ ਹੈ। ਇਸੇ ਕਾਰਨ ਅੱਜ ਤਕ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦਾ ਇਨਸਾਫ਼ ਨਹੀਂ ਮਿਲਿਆ ਅਤੇ ਇਹੀ ਕਾਰਨ ਹੈ ਕਿ ਸਭ ਕੁਝ ਸਪਸ਼ਟ ਹੋਣ ਦੇ ਬਾਵਜੂਦ ਬੇਅਦਬੀ ਲਈ ਜ਼ਿੰਮੇਵਾਰ ਲੋਕ ਅੱਜ ਤਕ ਕਾਨੂੰਨ ਦੇ ਸ਼ਿਕੰਜੇ ਤੋਂ ਦੂਰ ਹਨ। ਬਸ ਕਿਸੇ ਨੂੰ ਵੋਟਾਂ ਇਕੱਠੀਆਂ ਕਰਨ ਲਈ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਇਆ ਭਾਰਤੀ ਫ਼ੌਜ ਦਾ ਹਮਲਾ ਰਾਸ ਆਉਂਦਾ ਹੈ। ਕਿਸੇ ਨੂੰ ਰਾਜਭਾਗ ਦੀ ਸਥਾਪਤੀ ਲਈ ਬਰਗਾੜੀ ਦੀਆਂ ਦੁਖਦ ਘਟਨਾਵਾਂ ਰਾਸ ਆਉਂਦੀਆਂ ਹਨ। ਇਨਸਾਫ਼ ਦੀ ਕਿਸੇ ਨੂੰ ਕੋਈ ਚਿੰਤਾ ਨਹੀਂ ਹੈ। ਦੋਵੇਂ ਧਿਰਾਂ ਲੋਕਾਂ ਦੇ ਜਜ਼ਬਾਤ ਦਾ ਮਜ਼ਾਕ ਹੀ ਉਡਾ ਰਹੀਆਂ ਹਨ।

ਬਰਗਾੜੀ ਦੀਆਂ ਹਿਰਦੇਵੇਦਕ ਘਟਨਾਵਾਂ ਬਾਦਲ ਸਰਕਾਰ ਦੇ ਸਮੇਂ ਵਾਪਰੀਆਂ, ਪੰਥਕ ਅਖਵਾਉਣ ਵਾਲਿਆਂ ਦੇ ਰਾਜ ਵਿਚ ਇਨਸਾਫ਼ ਲਈ ਸਿੱਖ ਸੜਕਾਂ 'ਤੇ ਰੁਲਦੇ ਰਹੇ।

ਇਨਾਂ ਘਟਨਾਵਾਂ ਦੀ ਤਫ਼ਤੀਸ਼ ਲਈ ਪਹਿਲਾਂ ਆਈ ਐੱਸ ਸਹੋਤਾ ਵਾਲੀ ਸਿਟ ਬਣਾਈ ਗਈ ਜਿਸ ਨੇ ਬੇਗੁਨਾਹਾਂ ਨੂੰ ਹੀ ਦੋਸ਼ੀ ਗਰਦਾਨ ਦਿੱਤਾ। ਫਿਰ ਪੰਥ ਦੇ ਪ੍ਰਚਾਰਕਾਂ ਨੂੰ ਦੋਸ਼ੀ ਸਾਬਿਤ ਕਰਨ ਦੀ ਸਾਜ਼ਿਸ਼ ਦਾ ਭਾਂਡਾ ਚੌਰਾਹੇ ਭੱਜ ਗਿਆ। ਫਿਰ ਅੱਖੀਂ ਘੱਟਾ ਪਾਉਣ ਲਈ ਜ਼ੋਰਾ ਸਿੰਘ ਕਮਿਸ਼ਨ ਸਥਾਪਤ ਕੀਤਾ ਗਿਆ। ਨਾ ਉਸ ਨੂੰ ਸਟਾਫ ਦਿੱਤਾ ਗਿਆ ਅਤੇ ਨਾ ਹੀ ਦਫ਼ਤਰ। ਜਦੋਂ ਕਮਿਸ਼ਨ ਨੇ ਤਫ਼ਤੀਸ਼ੀ ਰਿਪੋਰਟ ਤਿਆਰ ਕਰ ਲਈ, ਸੈਕਟਰੀਏਟ ਤੋਂ ਕੋਈ ਰਿਪੋਰਟ ਲੈਣ ਨਹੀਂ ਆਇਆ। ਕਾਂਗਰਸ ਸਰਕਾਰ ਆਉਣ 'ਤੇ ਕੈਪਟਨ ਸਾਹਿਬ ਨੇ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਕਰਨ ਦੇ ਵਾਅਦੇ ਕੀਤੇ। ਲੋਕਾਂ ਨੂੰ ਆਸ ਬੱਝੀ ਪਰ ਨਿਕਲਿਆ ਅਜੇ ਤਕ ਕੁਝ ਨਹੀਂ। ਜਸਟਿਸ ਰਣਜੀਤ ਸਿੰਘ ਕਮਿਸ਼ਨ ਸਥਾਪਤ ਕੀਤਾ ਗਿਆ। ਬਾਦਲ ਦਲੀਏ ਵਿਰੋਧ ਕਰਦੇ ਰਹੇ। ਬਹੁਤ ਮਿਹਨਤ ਕਰ ਕੇ ਕਮਿਸ਼ਨ ਨੇ ਰਿਪੋਰਟ ਤਿਆਰ ਕੀਤੀ। ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਕੇ ਰਿਪੋਰਟ ਪੇਸ਼ ਕੀਤੀ ਗਈ। ਮੰਤਰੀ ਦੋਸ਼ੀਆਂ ਨੂੰ ਫਾਹੇ ਲਾਉਣ ਲਈ ਤਰਲੇ ਮਾਰਦੇ ਰਹੇ ਅਤੇ ਅਕਾਲੀ ਰਿਪੋਰਟ ਦਾ ਮਜ਼ਾਕ ਉਡਾਉਂਦੇ ਰਹੇ।

ਬਾਦਲ ਰਾਜ ਸਮੇਂ ਪਾਵਨ ਸਰੂਪਾਂ ਦੇ ਚੋਰੀ ਹੋਣ ਦੀ ਤਫ਼ਤੀਸ਼ ਸੀਬੀਆਈ ਨੂੰ ਸੌਂਪ ਦਿੱਤੀ ਗਈ ਜਿਸ ਨੇ ਤਿੰਨ ਸਾਲ ਦੀ ਜਾਂਚ-ਪੜਤਾਲ ਤੋਂ ਬਾਅਦ ਅਦਾਲਤ ਵਿਚ ਕੇਸ ਨੂੰ ਬੰਦ ਕਰਨ ਦੀ ਦਰਖ਼ਾਸਤ ਦੇ ਦਿੱਤੀ। ਨਾ ਕੋਈ ਦੋਸ਼ੀ ਲੱਭਿਆ ਗਿਆ ਅਤੇ ਨਾ ਹੀ ਕਿਸੇ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ। ਸੀਬੀਆਈ ਦੀ ਇਸ ਰਿਪੋਰਟ ਖ਼ਿਲਾਫ਼ ਉੱਚ ਅਦਾਲਤ ਨੇ ਫ਼ੈਸਲਾ ਦਿੱਤਾ ਅਤੇ ਤਫ਼ਤੀਸ਼ ਜਾਰੀ ਰੱਖਣ ਲਈ ਕਿਹਾ। ਸੀਬੀਆਈ ਫਿਰ ਸੁਪਰੀਮ ਕੋਰਟ 'ਚ ਪੁੱਜ ਗਈ ਜਿਸ ਦਾ ਅਜੇ ਤਕ ਕੋਈ ਫ਼ੈਸਲਾ ਨਹੀਂ ਹੋਇਆ ਹੈ। ਪੰਜਾਬ ਵਿਧਾਨ ਸਭਾ ਵਿਚ ਸੀਬੀਆਈ ਤੋਂ ਤਫ਼ਤੀਸ਼ ਵਾਪਸ ਲੈਣ ਲਈ ਸਰਬਸੰਮਤੀ ਨਾਲ ਮਤਾ ਪਾਇਆ ਗਿਆ ਜਿਸ ਦਾ ਅਜੇ ਤਕ ਕੋਈ ਨਿਰਣਾ ਨਹੀਂ ਹੋ ਸਕਿਆ।

ਕੋਟਕਪੂਰਾ ਅਤੇ ਬਰਗਾੜੀ ਗੋਲੀਕਾਂਡ ਦੀ ਤਫ਼ਤੀਸ਼ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੀ ਸਿਟ ਕਰ ਰਹੀ ਹੈ ਜਿਸ ਨੇ ਕਾਫ਼ੀ ਮਿਹਨਤ ਕਰ ਕੇ ਦੋਸ਼ੀ ਲੱਭੇ ਹਨ ਅਤੇ ਅਦਾਲਤ ਵਿਚ ਪੇਸ਼ ਵੀ ਕਰ ਦਿੱਤੇ ਹਨ ਅਤੇ ਅਦਾਲਤੀ ਕਾਰਵਾਈ ਜਾਰੀ ਹੈ।

ਪੰਜਾਬ ਵਿਚ ਹੋਰਨਾਂ ਥਾਵਾਂ 'ਤੇ ਹੋਏ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਰਣਵੀਰ ਸਿੰਘ ਖੱਟੜਾ ਡੀਆਈਜੀ ਵਾਲੀ ਸਿਟ ਕਰ ਰਹੀ ਹੈ। ਉਸ ਨੂੰ ਹੋਰਨਾਂ ਥਾਵਾਂ 'ਤੇ ਹੋਈਆਂ ਘਟਨਾਵਾਂ ਦੀ ਤਫ਼ਤੀਸ਼ ਦੌਰਾਨ ਮੋਹਿੰਦਰ ਪਾਲ ਬਿੱਟੂ ਅਤੇ ਉਸ ਦੇ ਸਾਥੀਆਂ ਦੀ ਸ਼ਮੂਲੀਅਤ ਦੇ ਸਬੂਤ ਮਿਲੇ ਹਨ। ਕਥਿਤ ਦੋਸ਼ੀ ਫੜੇ ਗਏ ਅਤੇ ਬੁਰਜ ਜਵਾਹਰ ਸਿੰਘ ਵਾਲਾ ਕੇਸ ਵੀ ਲਗਪਗ ਹੱਲ ਹੀ ਹੋ ਗਿਆ ਸਮਝਿਆ ਜਾਂਦਾ ਹੈ। ਮੁਲਜ਼ਮਾਂ ਨੇ ਅਦਾਲਤ 'ਚ ਗੁਨਾਹ ਕਬੂਲ ਕਰ ਲਿਆ ਹੈ ਤੇ ਚਲਾਨ ਪੇਸ਼ ਹੋ ਚੁੱਕਾ ਹੈ। ਦੋ ਮੁਲਜ਼ਮ ਅਗਾਊਂ ਜ਼ਮਾਨਤ 'ਤੇ ਹਨ। ਬਾਕੀ ਪੰਜ ਅਦਾਲਤ ਨੇ ਜੇਲ ਭੇਜ ਦਿੱਤੇ ਹਨ। ਡੇਰਾ ਮੁਖੀ ਦੀ ਭੂਮਿਕਾ ਵੀ ਸਾਹਮਣੇ ਆ ਚੁੱਕੀ ਹੈ। ਉਸ ਨੂੰ ਮੁਲਜ਼ਮਾਂ 'ਚ ਸ਼ਾਮਲ ਕੀਤਾ ਗਿਆ ਹੈ। ਤਕਰੀਬਨ ਸਭ ਕੁਝ ਸਾਫ਼ ਹੋ ਗਿਆ ਹੈ। ਅਚਾਨਕ ਸੀਬੀਆਈ ਫਿਰ ਪ੍ਰਗਟ ਹੋ ਗਈ ਹੈ ਅਤੇ ਉਸ ਨੇ ਵਿਸ਼ੇਸ਼ ਅਦਾਲਤ 'ਚ ਇਕ ਦਰਖ਼ਾਸਤ ਦੇ ਕੇ ਸਿਟ ਦੀ ਤਫ਼ਤੀਸ਼ ਰੋਕਣ ਲਈ ਕਹਿ ਦਿੱਤਾ ਹੈ। ਸੀਬੀਆਈ ਕਿਉਂਕਿ ਕੇਂਦਰ ਦੀ ਏਜੰਸੀ ਹੈ ਇਸ ਲਈ ਕੇਂਦਰ ਸਰਕਾਰ ਵੀ ਨਿਸ਼ਾਨੇ 'ਤੇ ਆ ਗਈ ਹੈ। ਲੋਕ ਇਹ ਸੋਚਣ ਲਈ ਮਜਬੂਰ ਹਨ ਕਿ ਕੇਂਦਰ ਸਰਕਾਰ ਆਪਣੀ ਏਜੰਸੀ ਰਾਹੀਂ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਮੁਲਜ਼ਮ ਨਾਮਜ਼ਦ ਹੋ ਚੁੱਕੇ ਹਨ, ਅਦਾਲਤ ਵਿਚ ਚਲਾਨ ਵੀ ਪੇਸ਼ ਹੋ ਚੁੱਕੇ ਹਨ ਅਤੇ ਕਥਿਤ ਦੋਸ਼ੀਆਂ ਨੇ ਗੁਨਾਹ ਵੀ ਅਦਾਲਤ ਵਿਚ ਸਵੀਕਾਰ ਕਰ ਲਿਆ ਹੈ। ਫਿਰ ਸੀਬੀਆਈ ਕਿਉਂ ਕੋਝੇ ਹੱਥਕੰਡੇ ਅਪਣਾ ਰਹੀ ਹੈ, ਇਹ ਵੀ ਸਮਝ ਤੋਂ ਬਾਹਰ ਹੈ। ਪੰਜਾਬ ਵਿਧਾਨ ਸਭਾ ਸਰਬਸੰਮਤੀ ਨਾਲ ਸੀਬੀਆਈ ਤੋਂ ਤਫ਼ਤੀਸ਼ ਵਾਪਸ ਲੈਣ ਲਈ ਮਤਾ ਪਾਸ ਕਰ ਚੁੱਕੀ ਹੈ। ਮੇਰੀ ਰਾਇ ਹੈ ਕਿ ਕੈਪਟਨ ਸਾਹਿਬ ਨੂੰ ਪੰਜਾਬ ਦੇ ਸਾਰੇ ਐੱਮਪੀਜ਼ ਨੂੰ ਨਾਲ ਲੈ ਕੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਮਿਲ ਕੇ ਸੀਬੀਆਈ ਦਾ ਦਖ਼ਲ ਬੰਦ ਕਰਵਾਉਣ ਲਈ ਚਾਰਾਜੋਈ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਸੀਬੀਆਈ ਨੂੰ ਇਨਸਾਫ਼ ਦੇ ਰਸਤੇ 'ਚ ਅੜਿੱਕੇ ਖੜੇ ਕਰਨ ਤੋਂ ਰੋਕੇ।



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੱਤਰਕਾਰ ਤਰੁਣ ਸਿਸੋਦੀਆ ਦੀ ਆਤਮ-ਹੱਤਿਆ ਪਿੱਛੇ ਸੱਚ ਕੀ ਹੈ ?

**✪ ਤਰੁਣ ਨੇ ਆਪਣੀ ਮੌਤ ਤੋਂ ਕੁਝ ਚਿਰ ਪਹਿਲਾਂ ਆਪਣੇ ਕਤਲ ਦਾ ਖਦਸ਼ਾ ਜਤਾਇਆ ✪ ਤਰੁਣ ਨੇ ਦਿੱਲੀ ਵਿਚ ਕਰੋਨਾ ਦੇ ਸਰਕਾਰੀ ਅੰਕੜਿਆਂ ਨਾਲੋਂ ਕਿਤੇ ਵੱਧ ਮੌਤਾਂ ਹੋਣ ਦੀ ਰਿਪੋਰਟ ਨਸ਼ਰ ਕੀਤੀ ✪ ਦੈਨਿਕ ਭਾਸਕਰ ਅਦਾਰੇ ਦੀ ਸ਼ੱਕੀ ਭੂਮਿਕਾ ਬਾਰੇ ਪੱਤਰਕਾਰਾਂ 'ਚ ਮੰਗ ਉਠੀ**

**- ਵਿਸ਼ਾਲ ਜਯਸਵਾਲ**
(ਦਿ ਵਾਇਰ)

ਦਿੱਲੀ ਦੇ ਏਮਜ਼ ਟਰਾਮਾ ਸੈਂਟਰ ਵਿਚ ਕੋਵਿਡ 19 ਦਾ ਇਲਾਜ ਕਰਵਾ ਰਹੇ 37 ਸਾਲਾ ਦੈਨਿਕ ਭਾਸਕਰ ਦੇ ਪੱਤਰਕਾਰ ਤਰੁਣ ਸਿਸੋਦੀਆ ਦੀ 6 ਜੁਲਾਈ ਦੀ ਦੁਪਹਿਰ ਨੂੰ ਮੌਤ ਹੋ ਗਈ, ਇਸ ਮਗਰੋਂ ਏਮਜ਼ ਪ੍ਰਸ਼ਾਸਨ ਨੇ ਦਾਅਵਾ ਕੀਤਾ ਕਿ ਤਰੁਣ ਨੇ ਹਸਪਤਾਲ ਦੀ ਚੌਥੀ ਮੰਜ਼ਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕੀਤੀ ਹੈ। ਤਰੁਣ ਦਿੱਲੀ ਤੋਂ ਦੈਨਿਕ ਭਾਸਕਰ ਅਖਬਾਰ ਲਈ ਬਤੌਰ ਹੈਲਥ ਰਿਪੋਰਟਰ ਕੰਮ ਕਰ ਰਹੇ ਸਨ, ਉਹਨਾਂ ਦੀ ਮੌਤ ਦੀ ਖਬਰ ਮਿਲਦਿਆਂ ਹੀ ਦਿੱਲੀ ਦੇ ਕਈ ਸਾਰੇ ਪੱਤਰਕਾਰਾਂ ਨੇ ਤਰੁਣ ਦੀ ਮੌਤ ਨੂੰ ਖੁਦਕੁਸ਼ੀ ਮੰਨਣ ਤੋਂ ਇਨਕਾਰ ਕਰ ਦਿੱਤਾ। ਸੋਸ਼ਲ ਮੀਡੀਆ ਤੇ ਵੱਖਰੀ ਬਹਿਸ ਸ਼ੁਰੂ ਹੋ ਗਈ, ਤੇ ਲੋਕ ਤਰੁਣ ਨੂੰ ਲੈ ਕੇ ਆਪਣੇ ਤਜਰਬੇ ਸਾਂਝੇ ਕਰਨ ਲੱਗੇ, ਮੌਤ ਦੀ ਜਾਂਚ ਦੀ ਮੰਗ ਉੱਠੀ। ਘਟਨਾ ਵਾਲੀ ਸ਼ਾਮ ਹੀ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੇ ਇਕ ਟਵੀਟ ਕਰਕੇ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਕਮੇਟੀ ਦਾ ਗਠਨ ਕਰਨ ਦਾ ਐਲਾਨ ਕੀਤਾ ਸੀ। ਅਗਲੇ ਦਿਨ 7 ਜੁਲਾਈ ਨੂੰ ਦਿੱਲੀ ਦੇ ਪੱਤਰਕਾਰਾਂ ਨੇ ਪ੍ਰੈਸ ਕਲੱਬ ਚ ਇਕੱਠੇ ਹੋ ਕੇ ਲੌਕਡਾਊਨ ਦੇ ਨਿਰਦੇਸ਼ਾਂ ਦਾ ਪਾਲਣ ਕਰਦਿਆਂ ਸੰਕੇਤਕ ਰੋਸ ਮੁਜਾਹਰਾ ਕੀਤਾ ਅਤੇ ਮਾਮਲੇ ਦੀ ਨਿਰਪੱਖ ਨਿਆਂਇਕ ਜਾਂਚ ਦੀ ਮੰਗ ਕੀਤੀ। ਪੱਤਰਕਾਰਾਂ ਨੇ ਏਮਜ਼ ਵਲੋਂ ਜਾਰੀ ਅਧਿਕਾਰਕ ਬਿਆਨ ਵਿਚ ਤਰੁਣ ਦੀ ਖੁਦਕੁਸ਼ੀ ਦੀ ਕਹਾਣੀ ਤੇ ਸਵਾਲ ਚੁੱਕੇ।

ਦਰਅਸਲ ਏਮਜ਼ ਨੇ ਕਿਹਾ ਸੀ- ਪੱਤਰਕਾਰ ਨੂੰ ਏਮਜ਼ ਦੇ ਜੈਪ੍ਰਕਾਸ਼ ਨਰਾਇਣ ਅਪੇਕਸ ਟਰਾਮਾ ਸੈਂਟਰ ਚ 24 ਜੂਨ ਨੂੰ ਕੋਵਿਡ 19 ਦੀ ਵਜਾ ਕਰਕੇ ਦਾਖਲ ਕਰਵਾਇਆ ਗਿਆ ਸੀ। ਉਸ ਦੀ ਹਾਲਤ ਵਿਚ ਸੁਧਾਰ ਹੋ ਰਿਹਾ ਸੀ, ਤੇ ਉਸ ਨੂੰ ਆਈ ਸੀ ਯੂ ਦੇ ਆਮ ਵਾਰਡ ਚ ਸ਼ਿਫਟ ਕੀਤੇ ਜਾਣ ਦੀ ਤਿਆਰੀ ਸੀ। ਇਸੇ ਸਾਲ ਮਾਰਚ ਮਹੀਨੇ ਜੀ ਬੀ ਪੰਤ ਹਸਪਤਾਲ ਚ ਤਰੁਣ ਦੇ ਦਿਮਾਗ ਦੇ ਟਿਊਮਰ ਦਾ ਅਪਰੇਸ਼ਨ ਹੋਇਆ ਸੀ। ਟਰਾਮਾ ਸੈਂਟਰ ਵਿਚ ਇਲਾਜ ਦੌਰਾਨ ਤਰੁਣ ਨੂੰ ਮਾਨਸਿਕ ਦੌਰੇ ਪੈ ਰਹੇ ਸੀ, ਜਿਸ ਉਤੇ ਨਿਊਰੋਲੋਜਿਸਟ ਤੇ ਮਨੋਰੋਗੀ ਮਾਹਿਰ ਨੇ ਉਸ ਦਾ ਚੈਕਅਪ ਕਰਕੇ ਦਵਾਈ ਵੀ ਦਿੱਤੀ ਸੀ।

ਏਮਜ਼ ਵਲੋਂ ਜਾਰੀ ਬਿਆਨ ਵਿਚ ਅੱਗੇ ਕਿਹਾ ਗਿਆ- ਪਰਿਵਾਰਕ ਜੀਆਂ ਨੂੰ ਤਰੁਣ ਦੀ ਹਾਲਤ ਬਾਰੇ ਲਗਾਤਾਰ ਜਾਣਕਾਰੀ ਦਿੱਤੀ ਜਾਂਦੀ ਸੀ। 6 ਜੁਲਾਈ ਨੂੰ ਦੁਪਹਿਰੇ ਕਰੀਬ 1.55 ਵਜੇ ਉਹ ਟਰੋਮਾ ਸੈਂਟਰ-1 ਤੋਂ ਬਾਹਰ ਭੱਜਿਆ, ਜਿਥੇ ਉਹ ਦਾਖਲ ਸੀ, ਹਸਪਤਾਲ ਦੇ ਮੁਲਾਜ਼ਮ ਉਸ ਦੇ ਪਿੱਛੇ ਭੱਜੇ, ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਉਹ ਚੌਥੀ ਮੰਜਲ ਤੇ ਚਲਾ ਗਿਆ ਤੇ ਉੱਥੇ ਇਕ ਖਿੜਕੀ ਦਾ ਸ਼ੀਸ਼ਾ ਤੋੜ ਕੇ ਛਾਲ ਮਾਰ ਦਿੱਤੀ। ਪੱਤਰਕਾਰ ਨੂੰ ਓਸੇ ਵਕਤ ਇਕ ਐਂਬੂਲੈਂਸ ਜ਼ਰੀਏ ਟਰਾਮਾ ਸੈਂਟਰ ਦੇ ਆਈ ਸੀ ਯੂ ਲਿਜਾਇਆ ਗਿਆ, ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਬਦਕਿਸਮਤੀ ਨਾਲ ਸੋਮਵਾਰ 3.35 ਤੇ ਉਸ ਦੀ ਮੌਤ ਹੋ ਗਈ।

ਪਰ ਦਿੱਲੀ ਦੇ ਮੀਡੀਆ ਕਰਮੀ ਏਮਜ਼ ਦੀ ਇਸ ਕਹਾਣੀ ਨੂੰ ਹਜ਼ਮ ਨਹੀ ਕਰ ਪਾ ਰਹੇ। ਪ੍ਰੈਸ ਕਲੱਬ ਵਿਚ ਆਯੋਜਿਤ ਵਿਰੋਧ ਪ੍ਰਦਰਸ਼ਨ ਦੌਰਾਨ ਸ਼ਾਮਲ ਇੰਡੀਅਨਜ਼ ਵਿਮੈਨਜ਼ ਪ੍ਰੈਸ ਕਾਪਰਜ਼ ਦੀ ਜਨਰਲ ਸਕੱਤਰ ਤੇ ਹੈਲਥ ਰਿਪੋਰਟਰ ਵਿਨੀਤਾ ਪਾਂਡੇ ਨੇ ਕਿਹਾ - ਏਮਜ਼ ਵਿਚ ਆਈ ਸੀ ਯੂ ਤੋਂ ਨਿਕਲ ਕੇ ਚੌਥੀ ਮੰਜ਼ਲ ਤੇ ਇਕ ਮਰੀਜ਼ ਦਾ ਤੰਦਰੁਸਤ ਮੁਲਾਜ਼ਮਾਂ ਮੂਹਰੇ ਦੌੜ ਕੇ ਚਲੇ ਜਾਣਾ ਤੇ ਫੇਰ ਸ਼ੀਸ਼ਾ ਤੋੜ ਕੇ ਛਾਲ ਮਾਰ ਦੇਣਾ, ਭਰੋਸੇ ਦੇ ਲਾਇਕ ਨਹੀ ਹੈ, ਤੇ ਜੇ ਏਮਜ਼ ਕਹਿ ਰਿਹਾ ਹੈ ਕਿ ਪੱਤਰਕਾਰ ਦੀ ਦਿਮਾਗੀ ਹਾਲਤ ਠੀਕ ਨਹੀ ਸੀ ਤਾਂ ਉਸ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਸੀ।

ਵਿਨੀਤਾ ਪਾਂਡੇ ਨੇ ਕੇਂਦਰੀ ਸਿਹਤ ਮੰਤਰੀ ਵਲੋਂ ਏਮਜ਼ ਦੇ ਹੀ ਚਾਰ ਡਾਕਟਰਾਂ ਦੀ ਇਕ ਉਚ ਪੱਧਰੀ ਕਮੇਟੀ ਬਣਾ ਕੇ ਮਾਮਲੇ ਦੀ ਜਾਂਚ ਕਰਵਾਉਣ ਦੇ ਆਦੇਸ਼ ਦਿੱਤੇ ਜਾਣ ਤੇ ਵੀ ਸਵਾਲ ਚੁੱਕੇ ਨੇ। ਇਸ ਕਮੇਟੀ ਵਿਚ ਨਿਊਰੋਸਾਇੰਸ ਸੈਂਟਰ ਦੀ ਮੁਖੀ ਡਾ ਪਦਮਾ, ਮਨੋਰੋਗ ਵਿਭਾਗ ਦੇ ਪ੍ਰੋ ਆਰ ਕੇ ਚੱਢਾ, ਡਿਪਟੀ ਡਾਇਰੈਕਟਰ ਪ੍ਰਸ਼ਾਸਨ ਡਾ ਪਾਂਡਾ, ਤੇ ਫਿਜੀਕਲ ਮੈਡੀਸਨ ਐਂਡ ਰਿਹੈਬ ਦੇ ਡਾ ਯੂ ਸਿੰਘ ਸ਼ਾਮਲ ਹਨ। ਇਸ ਕਮੇਟੀ ਤੇ ਸਵਾਲ ਕਰਦਿਆਂ ਵਿਨੀਤਾ ਪਾਂਡੇ ਨੇ ਕਿਹਾ ਕਿ ਏਮਜ਼ ਆਪਣੇ ਹੀ ਖਿਲਾਫ ਕਿਵੇਂ ਜਾਂਚ ਕਰੂ ? ਇਸ ਮਾਮਲੇ ਦੀ ਜਾਂਚ ਤਾਂ ਕਿਸੇ ਜੱਜ ਜਾਂ ਮੈਜਿਸਟਰੇਟ ਵਲੋਂ ਕੀਤੀ ਜਾਣੀ ਚਾਹੀਦੀ ਹੈ, ਸੀ ਸੀ ਟੀ ਵੀ ਫੁਟੇਜ ਨਸ਼ਰ ਕਰਨੀ ਚਾਹੀਦੀ ਹੈ, ਏਮਜ਼ ਤਾਂ ਕਹਿ ਦੇਵੇਗਾ ਕਿ ਸੁਰੱਖਿਆ ਗਾਰਡਾਂ ਦੀ ਗਲਤੀ ਕਾਰਨ ਹਾਦਸਾ ਹੋਇਆ ਤੇ ਅਸੀਂ ਓਸ ਕੰਪਨੀ ਦਾ ਕੰਟਰੈਕਟ ਰੱਦ ਕਰ ਦਿੱਤਾ.. ਵਗੈਰਾ.. ਵਗੈਰਾ..

ਵਿਨੀਤਾ ਆਖਦੀ ਹੈ ਕਿ ਕਿੰਨੀ ਦੁਖ ਦੀ ਗੱਲ ਹੈ ਕਿ ਇਕ ਪੱਤਰਕਾਰ ਨੌਕਰੀ ਦੌਰਾਨ ਕਰੋਨਾ ਦੀ ਲਾਗ ਦੀ ਮਾਰ ਹੇਠ ਆ ਜਾਂਦਾ ਹੈ, ਇਲਾਜ ਤੇ ਹੈ, ਉਹ ਡਰ ਰਿਹਾ ਹੈ, ਤੇ ਇਸ ਦੌਰਾਨ ਉਹ ਰਿਪੋਰਟਿੰਗ ਵੀ ਕਰ ਰਿਹਾ ਹੈ, ਉਹ ਕੁਝ ਕਮੀਆਂ ਨਸ਼ਰ ਕਰਦਾ ਹੈ ਤੇ ਫੇਰ ਆਖਦਾ ਹੈ ਕਿ ਮੈਨੂੰ ਖਤਰਾ ਹੈ, ਤੇ ਫੇਰ ਉਸ ਦੀ ਮੌਤ ਹੋ ਜਾਂਦੀ ਹੈ। ਉਸ ਦੀ ਮੌਤ ਨੂ ਜੋਰਸ਼ੋਰ ਨਾਲ ਖੁਦਕੁਸ਼ੀ ਕਹਿ ਕੇ ਪ੍ਰਚਾਰਿਆ ਜਾਂਦਾ ਹੈ, ਪਰ ਸੋਚਣ ਵਾਲੀ ਗੱਲ ਹੈ ਕਿ ਅਚਾਨਕ ਹੀ ਕਿਵੇਂ ਕਿਸੇ ਦੀ ਮੌਤ ਹੋ ਸਕਦੀ ਹੈ ਜਾਂ ਉਹ ਅਚਾਨਕ ਹੀ ਕਿਵੇਂ ਖੁਦਕੁਸ਼ੀ ਕਰ ਸਕਦਾ ਹੈ ?



ਪੱਤਰਕਾਰ ਸੁਤੰਤਰ ਤੇ ਨਿਰਪੱਖ ਜਾਂਚ ਦੀ ਮੰਗ ਕਰਦੇ ਹੋਏ ਤਰੁਣ ਦੇ ਪਰਿਵਾਰ ਲਈ ਨਿੱਜੀ ਤੌਰ ਤੇ ਪੈਸੇ ਵੀ ਇਕੱਠੇ ਕਰ ਰਹੇ ਨੇ। ਪੀ ਆਈ ਬੀ ਤੇ ਦਿੱਲੀ ਸਰਕਾਰ ਨੂੰ ਪਰਿਵਾਰ ਦੀ ਮਦਦ ਕਰਨ ਲਈ ਕਿਹਾ ਜਾ ਰਿਹਾ ਹੈ।

ਦਿੱਲੀ ਦੇ ਪੱਤਰਕਾਰਾਂ ਦੇ ਇਕ ਵਟਸਅਪ ਗਰੁੱਪ ਵਿਚ ਤਰੁਣ ਦੀ ਮੌਤ ਤੋਂ ਕੁਝ ਚਿਰ ਪਹਿਲਾਂ ਉਸ ਦੀ ਇਕ ਚੈਟ ਨਸ਼ਰ ਹੋਈ ਹੈ, ਜਿਸ ਵਿਚ ਉਸ ਨੇ ਆਪਣੇ ਕਤਲ ਦਾ ਖਦਸ਼ਾ ਜਤਾਇਆ ਹੈ। ਪਰ ਸਾਥੀ ਪੱਤਰਕਾਰ ਉਸ ਨੂੰ ਕਹਿ ਰਿਹਾ ਹੈ ਕਿ ਕੁਝ ਨਹੀ ਹੁੰਦਾ ਤੂੰ ਏਮਜ਼ ਵਿਚ ਸੁਰੱਖਿਅਤ ਏਂ।

ਤਰੁਣ ਦੇ ਭਰਾ ਦੀਪਕ ਨੇ ਦਿ ਵਾਇਰ ਨਾਲ ਗੱਲ ਕਰਦਿਆਂ ਕਿਹਾ ਕਿ ਤਰੁਣ ਦਾ ਅਦਾਰਾ ਉਸ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰ ਰਿਹਾ ਸੀ, ਤਰੁਣ ਸਾਰਾ ਦਿਨ ਕਰੋਨਾ ਮਾਹਮਾਰੀ ਵਿਚ ਕਵਰੇਜ ਕਰਦਾ, ਪਰ ਕੁਝ ਸਮੇਂ ਤੋਂ ਉਸ ਦੀ ਨਾ ਤਾਂ ਕੋਈ ਸਟੋਰੀ ਲਈ ਜਾਂਦੀ ਤੇ ਨਾ ਛਾਪੀ ਜਾਂਦੀ, ਉਸ ਨੂੰ ਬਾਈਲਾਈਨ ਵੀ ਨਹੀ ਸੀ ਦਿੱਤੀ ਜਾ ਰਹੀ।

ਯਾਦ ਰਹੇ ਤਰੁਣ ਸਿਸੋਦੀਆ ਉਹੀ ਪੱਤਰਕਾਰ ਹੈ, ਜਿਸ ਨੇ ਦਿੱਲੀ ਵਿਚ ਕਰੋਨਾ ਦੇ ਸਰਕਾਰੀ ਅੰਕੜਿਆਂ ਨਾਲੋਂ ਕਿਤੇ ਵੱਧ ਮੌਤਾਂ ਹੋਣ ਦੀ ਰਿਪੋਰਟ ਨਸ਼ਰ ਕੀਤੀ ਸੀ। ਤਰੁਣ ਦੇ ਇਕ ਸਾਥੀ ਨੇ ਦੱਸਿਆ ਕਿ ਲੌਕਡਾਊਨ ਚਿ ਪਹਿਲਾਂ ਮੈਨੂੰ ਨੌਕਰੀਓਂ ਕੱਢ ਦਿੱਤਾ ਗਿਆ, ਫੇਰ ਦੁਬਾਰਾ ਰੱਖ ਲਿਆ ਗਿਆ, ਮੇਰੇ ਤੋਂ ਦੋ ਦਿਨ ਪਹਿਲਾਂ ਤਰੁਣ ਤੋਂ ਵੀ ਅਸਤੀਫਾ ਮੰਗ ਲਿਆ ਗਿਆ ਤੇ ਫੇਰ ਉਸਨੂੰ ਅਦਾਰੇ ਦੇ ਵਟਸਅਪ ਗਰੁੱਪ ਚੋਂ ਡਿਲੀਟ ਕੀਤਾ ਗਿਆ ਤੇ ਨੋਇਡਾ ਭੇਜ ਦਿੱਤਾ ਗਿਆ, ਜਦਕਿ ਉਹ ਦਿੱਲੀ ਵਿਚ ਹੈਲਥ ਰਿਪੋਰਟਰ ਸੀ। ਇਹ ਵੀ ਪਤਾ ਲਗਿਆ ਹੈ ਕਿ ਜਦ ਤਰੁਣ ਏਮਜ਼ ਵਿਚ ਦਾਖਲ਼ ਸੀ, ਤਾਂ ਵੀ ਅਦਾਰੇ ਨੇ ਉਸ ਨੂੰ ਕਿਹਾ ਕਿ ਕੋਈ ਗੱਲ ਨਹੀਂ ਓਥੋਂ ਹੀ ਕੋਈ ਖਬਰ ਕਰ ਦਿਓ।

ਪਰ ਦੈਨਿਕ ਭਾਸਕਰ ਦੇ ਨੈਸ਼ਨਲ ਐਡੀਟਰ ਨਵਨੀਤ ਗੁੱਜਰ ਨੇ ਇਹ ਦੋਸ਼ ਨਕਾਰੇ ਨੇ ਕਿ ਅਦਾਰੇ ਨੇ ਉਸ ਨੂੰ ਏਮਜ਼ ਤੋਂ ਖਬਰਾਂ ਕਰਨ ਲਈ ਕਿਹਾ ਸੀ। ਅਦਾਰੇ ਵਿਚ ਤਰੁਣ ਦੇ ਸੀਨੀਅਰ ਆਖ ਰਹੇ ਨੇ ਕਿ ਜਿਹੜੇ ਲੋਕ ਕਹਿ ਰਹੇ ਨੇ ਕਿ ਉਸ ਦਾ ਦਿਮਾਗ ਖਰਾਬ ਹੋ ਗਿਆ ਸੀ, ਉਹ ਗਲਤ ਹੈ, ਬਰੇਨ ਟਿਊਮਰ ਦੇ ਇਲਾਜ ਤੋਂ ਬਾਅਦ ਵੀ ਉਹ ਸਹੀ ਕੰਮ ਕਰ ਰਿਹਾ ਸੀ, ਉਸ ਦੀ ਮਾਂ ਤੇ ਉਸ ਦੀ ਭਤੀਜੀ ਨੂੰ ਵੀ ਕਰੋਨਾ ਹੋ ਗਿਆ ਸੀ ਤੇ ਉਸ ਨੂੰ ਵੀ, ਹੋ ਸਕਦਾ ਹੈ, ਇਸ ਬਿਮਾਰੀ ਕਾਰਨ ਉਹ ਮਾਨਸਿਕ ਤਣਾਅ ਵਿਚ ਆ ਗਿਆ ਹੋਵੇ ਤੇ ਉਸ ਨੂੰ ਵੈਸੇ ਈ ਲੱਗਣ ਲੱਗ ਪਿਆ ਹੋਵੇ ਕਿ ਕੋਈ ਉਸ ਦਾ ਕਤਲ ਕਰ ਸਕਦਾ ਹੈ, ਜਿਵੇਂ ਕਿ ਉਸਨੇ ਇਕ ਵਟਸਅਪ ਗਰੁੱਪ ਵਿਚ ਲਿਖ ਦਿੱਤਾ। ਪਰ ਉਸ ਨੂੰ ਪਹਿਲਾਂ ਕੋਈ ਮਾਨਸਿਕ ਸਮੱਸਿਆ ਨਹੀ ਸੀ। ਤਰੁਣ ਦੇ ਅਦਾਰੇ ਵਿਚਲੇ ਸੀਨੀਅਰ ਲਗਾਤਾਰ ਇਹੀ ਕਹਿ ਰਹੇ ਨੇ ਕਿ ਬਿਮਾਰੀ ਕਾਰਨ ਤਰੁਣ ਤਣਾਅ ਵਿਚ ਚਲਾ ਗਿਆ ਹੋਵੇਗਾ ਤੇ ਲਗਾਤਾਰ ਆਕਸੀਜ਼ਨ ਦੀ ਜ਼ਰੂਰਤ ਪੈ ਰਹੀ ਸੀ, ਮਾਂ ਵੀ ਹਸਪਤਾਲ ਵਿਚ ਦਾਖਲ ਸੀ, ਭਤੀਜੀ ਹੋਮ ਕੁਆਰੰਟੀਨ ਸੀ, ਸਾਰਾ ਕੁਝ ਉਸ ਨੂੰ ਤਣਾਅਗ੍ਰਸਿਤ ਕਰਨ ਲਈ ਕਾਫੀ ਸੀ। ਨੌਕਰੀ ਤੋਂ ਅਸਤੀਫੇ ਬਾਰੇ ਦੈਨਿਕ ਭਾਸਕਰ ਦੇ ਤਰੁਣ ਦੇ ਸੀਨੀਅਰਜ਼ ਨੇ ਕਿਹਾ ਕਿ ਅਜਿਹਾ ਤਾਂ ਸਾਰੇ ਮੁਲਕ ਵਿਚ ਹੋ ਰਿਹਾ ਹੈ, ਸਾਡੇ ਦਿੱਲੀ ਤੋਂ 8-10 ਜਣਿਆਂ ਨੂੰ ਨੌਕਰੀਓਂ ਕੱਢਿਆ ਗਿਆ, ਹੁਣ ਵੀ ਕਈ ਕੰਮ ਕਰ ਰਹੇ ਮੁਲਾਜ਼ਮਾਂ ਤੋਂ ਅਸਤੀਫਾ ਲਿਆ ਗਿਆ ਹੈ। ਤੇ ਦੇਸ਼ ਭਰ ਵਿਚ ਬਹੁਤ ਸਾਰੇ ਲੋਕਾਂ ਨੂੰ ਨੌਕਰੀਓਂ ਕੱਢਿਆ ਗਿਆ ਹੈ।

ਕੇਂਦਰੀ ਮੰਤਰੀ ਦੇ ਆਦੇਸ਼ ਤੇ ਗਠਿਤ ਜਾਂਚ ਕਮੇਟੀ ਬਾਰੇ ਤਰੁਣ ਦੇ ਸਾਥੀਆਂ ਦਾ ਕਹਿਣਾ ਹੈ ਕਿ ਉਸ ਕਮੇਟੀ ਦੀ ਰਿਪੋਰਟ ਚ ਸਿਰਫ ਲਿਪਾਪੋਚੀ ਹੋਵੇਗੀ, ਤੁਸੀਂ ਕਦੇ ਵੀ ਡਾਕਟਰਾਂ ਤੇ ਦੋਸ਼ ਸਾਬਤ ਨਹੀ ਕਰ ਪਾਓਗੇ। ਏਮਜ਼ ਦੇ ਤਰੁਣ ਦੀ ਮੌਤ ਬਾਰੇ ਜਾਰੀ ਬਿਆਨ ਵਿਚ ਹੀ ਉਸ ਦੀ ਲਾਪਰਵਾਹੀ ਦਿਸਦੀ ਹੈ ਕਿ ਕਿਸੇ ਆਦਮੀ ਨੂੰ ਭਜਦਿਆਂ ਦੇਖਿਆ, ਤੇ ਪਹਿਲੀ ਤੋਂ ਚੌਥੀ ਮੰਜ਼ਲ ਤੇ ਉਹ ਗਿਆ ਤੇ ਛਾਲ ਮਾਰ ਦਿੱਤੀ, ਆਈ ਸੀ ਯੂ ਵਿਚ ਭਰਤੀ ਮਰੀਜ਼ ਕਿਵੇਂ ਨਿਕਲ ਕੇ ਓਥੇ ਤੱਕ ਚਲਾ ਗਿਆ। ਜੇ ਤੁਸੀਂ ਕਹਿ ਰਹੇ ਹੋ ਕਿ ਉਸ ਦੇ ਦਿਮਾਗ ਵਿਚ ਕੋਈ ਦਿੱਕਤ ਸੀ ਤਾਂ ਉਸ ਦੀ ਨਿਗਰਾਨੀ ਵਧਾਉਣੀ ਚਾਹੀਦੀ ਸੀ। ਮੌਜੂਦਾ ਜਾਂਚ ਵਿਚ ਕੁਝ ਨਹੀ ਨਿਕਲਣਾ, ਹਾਂ ਜੇ ਨਿਆਂਇਕ, ਪੁਲਸ ਜਾਂ ਸੀ ਬੀ ਆਈ ਵਰਗੀ ਜਾਂਚ ਹੋਵੇ ਤਾਂ ਕੁਝ ਪਤਾ ਲੱਗੇ ਕਿ ਅਸਲ ਵਿਚ ਤਰੁਣ ਨਾਲ ਹੋਇਆ ਕੀ ਸੀ।

ਦਿ ਵਾਇਰ ਦੀ ਟੀਮ ਨੇ ਜਾਂਚ ਕਮੇਟੀ ਦੀ ਮੈਂਬਰ ਡਾ ਪਦਮਾ ਨਾਲ ਗੱਲ ਕਰਨੀ ਚਾਹੀ ਪਰ ਉਹਨਾਂ ਨੇ ਟੀਮ ਦੇ ਫੋਨ ਤੇ ਮੈਸੇਜ ਦਾ ਕੋਈ ਜੁਆਬ ਨਹੀਂ ਦਿੱਤਾ।

ਇਹ ਵੀ ਪਤਾ ਲਗਿਆ ਹੈ ਕਿ ਤਰੁਣ ਨੂੰ ਨੌਕਰੀ ਤੋਂ ਕਢਣ ਲਈ ਕੋਸ਼ਿਸ਼ ਕੀਤੀ ਜਾ ਰਹੀ ਸੀ, ਉਹ ਕੁਝ ਪ੍ਰੇਸ਼ਾਨ ਤਾਂ ਸੀ, ਪਰ ਦੋ ਛੋਟੀਆਂ ਬੱਚੀਆਂ ਬਾਪ ਤਰੁਣ ਪਿਛਲੇ ਸਾਲ ਖਤਰਨਾਕ ਐਕਸੀਡੈਂਟ ਚੋਂ ਉਭਰਿਆ, ਫੇਰ ਬਰੇਨ ਟਿਊਮਰ ਤੋਂ ਠੀਕ ਹੋਇਆ, ਫੇਰ ਪੇਟ ਵਿਚ ਟਿਊਮਰ ਹੋ ਗਿਆ, ਉਸ ਨੂੰ ਵੀ ਮਾਤ ਦਿੱਤੀ, ਅਜਿਹੇ ਹੌਸਲੇ ਵਾਲਾ ਪੱਤਰਕਾਰ ਖੁਦਕੁਸ਼ੀ ਨਹੀ ਕਰ ਸਕਦਾ। ਉਹ ਦਿੱਲੀ ਵਿਚ ਹੈਲਥ ਤੇ ਨਗਰ ਨਿਗਮ ਬੀਟ ਦੇਖ ਰਿਹਾ ਸੀ, ਕਰੋਨਾ ਨਾਲ ਮੌਤਾਂ ਤੇ ਲਾਸ਼ਾਂ , ਹਸਪਤਾਲਾਂ ਦੀ ਹਾਲਤ ਤੇ ਕਮੀਆਂ ਉਸ ਦੀ ਨਿਗਾਹ ਵਿਚ ਸਨ। ਤਰੁਣ ਦੀ ਖੁਦਕੁਸ਼ੀ ਨਹੀਂ ਕਤਲ ਦਾ ਸ਼ੰਕਾ ਦੀ ਗੱਲ ਤਾਂ ਉਭਰੀ ਹੈ ਪਰ ਪੁਲਸ ਕੋਲ ਹਾਲੇ ਤੱਕ ਕਤਲ ਦੇ ਸ਼ੱਕ ਦੇ ਤੌਰ ਤੇ ਜਾਂਚ ਲਈ ਕੋਈ ਸ਼ਿਕਾਇਤ ਨਹੀ ਪੁੱਜੀ

ਤਰੁਣ ਦੇ ਕਰੀਬੀ ਤੇ ਹੋਰ ਹਮਦਰਦ ਪੱਤਰਕਾਰ ਪ੍ਰਧਾਨ ਸੇਵਕ ਜੀ ਦੇ ਨਾਮ ਇਸ ਮਾਮਲੇ ਵਿਚ ਨਿਰਪੱਖ ਤੌਰ ਤੇ ਦੈਨਿਕ ਭਾਸਕਰ ਅਦਾਰੇ ਦੀ ਭੂਮਿਕਾ ਤੇ ਏਮਜ਼ ਦੀ ਭੂਮਿਕਾ ਦੀ ਜਾਂਚ ਕਰਵਾਉਣ ਤੇ ਪਰਿਵਾਰ ਦੀ ਮਦਦ ਲਈ ਇਕ ਅਰਜੀ ਤਿਆਰ ਕਰ ਰਹੇ ਨੇ, ਜਿਸ ਤੇ ਡੂਢ ਸੌ ਦੇ ਕਰੀਬ ਪੱਤਰਕਾਰਾਂ ਨੇ ਦਸਤਖਤ ਕਰ ਦਿੱਤੇ, ਹੋਰ ਵੀ ਸਾਹਮਣੇ ਆ ਰਹੇ ਨੇ। ਇਹਨਾਂ ਨੂੰ ਆਸ ਹੈ ਕਿ ਉਹ ਤਰੁਣ ਨੂੰ ਇਨਸਾਫ ਦਿਵਾ ਸਕਣਗੇ।

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....
Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)




# ਕੈਪਟਨ ਸਰਕਾਰ ਕਾਲੇ ਕਾਨੂੰਨਾਂ ਤੇ..

### ਚੋਣਾਂ ਵਿਚ ਵੀ ਬਣਨਗੇ ਮੁੱਦੇ-ਜਾਖੜ

ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲੋਕਾਂ ਲਈ ਆਤਮਿਕ ਮੁੱਦਾ ਹੈ ਤੇ ਖੇਤੀ ਫ਼ੈਸਲੇ ਕਿਸਾਨਾਂ ਲਈ ਜੀਵਨ ਮੌਤ ਦਾ ਸਵਾਲ ਹਨ। ਪੰਜਾਬ ਕਾਂਗਰਸ ਦੋਵਾਂ ਬੁਨਿਆਦੀ ਮਸਲਿਆਂ ਉੱਪਰ ਪੰਜਾਬ ਨਾਲ ਖੜੀ ਹੈ ਤੇ ਕੈਪਟਨ ਸਰਕਾਰ ਨੇ ਪੂਰੀ ਸਪੱਸ਼ਟਤਾ ਨਾਲ ਦੋਵਾਂ ਮਸਲਿਆਂ ਉੱਪਰ ਪੈਂਤੜਾ ਮੱਲ ਲਿਆ ਹੈ ਤੇ ਅਗਲੀ ਚੋਣ ਵਿਚ ਵੀ ਇਹ ਅਹਿਮ ਮੁੱਦੇ ਬਣਨਗੇ ਅਤੇ ਅਸੀਂ ਅਕਾਲੀਆਂ ਨੂੰ ਕਟਹਿਰੇ ਵਿਚ ਖੜਾ ਕਰਾਂਗੇ।

### ਪੰਜਾਬ ਤੇ ਪੰਥ ਦੇ ਮੁੱਦੇ ਉਭਾਰਾਂਗੇ-ਢੀਂਡਸਾ

ਅਕਾਲੀ ਦਲ (ਡੈਮੋਕ੍ਰੇਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪੰਥ ਤੇ ਕਿਸਾਨਾਂ ਦੇ ਮੁੱਦੇ ਸਾਡੀ ਪਾਰਟੀ ਲਈ ਸਭ ਤੋਂ ਬੁਨਿਆਦੀ ਮੁੱਦੇ ਹਨ। ਕੇਂਦਰ ਸਰਕਾਰ ਨੇ ਖੇਤੀ ਆਰਡੀਨੈਂਸ ਜਾਰੀ ਕਰਕੇ ਜਿੱਥੇ ਫੈਡਰਲ ਢਾਂਚੇ ਦੀ ਉਲੰਘਣਾ ਕੀਤੀ ਹੈ, ਉੱਥੇ ਇਨਾਂ ਫੈਸਲਿਆਂ ਨਾਲ ਪੰਜਾਬ ਦੇ ਕਿਸਾਨਾਂ ਦੇ ਹਿੱਤ 'ਤੇ ਵੱਡਾ ਹਮਲਾ ਕੀਤਾ ਹੈ ਤੇ ਖੇਤੀ ਖੇਤਰ ਵੱਡੇ ਵਪਾਰੀਆਂ ਹੱਥ ਸੌਂਪਣ ਦਾ ਰਾਹ ਖੋਲ ਦਿੱਤਾ ਹੈ। ਉਨਾਂ ਕਿਹਾ ਕਿ ਅਸੀਂ ਰਾਜਾਂ ਨੂੰ ਵਧੇਰੇ ਅਧਿਕਾਰਾਂ ਦੇ ਮੁਦਈ ਹਾਂ ਤੇ ਇਨਾਂ ਮੁੱਦਿਆਂ ਨੂੰ ਲੈ ਕੇ ਤੀਜਾ ਬਦਲ ਖੜਾ ਕਰਨ ਲਈ ਯਤਨਸ਼ੀਲ ਹਾਂ।

### ਵਿਕਾਸ ਬਾਦਲ ਦਲ ਦਾ ਅਹਿਮ ਮੁੱਦਾ-ਡਾ. ਚੀਮਾ

ਸ਼੍ਰੋਮਣੀ ਅਕਾਲੀ ਦਲ (ਬ) ਬੇਅਦਬੀ ਤੇ ਖੇਤੀ ਆਰਡੀਨੈਂਸਾਂ ਨੂੰ ਕੋਈ ਅਹਿਮ ਮੁੱਦਾ ਨਹੀਂ ਸਮਝ ਰਿਹਾ। ਅਕਾਲੀ ਦਲ ਦੇ ਬੁਲਾਰੇ ਤੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਲੋਕ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਅੱਕ ਚੁੱਕੇ ਹਨ ਤੇ ਅਗਲੀ ਸਰਕਾਰ ਉਹ ਬਣਾਉਣਗੇ ਜੋ ਉਨਾਂ ਦੀਆਂ ਸਮੱਸਿਆਵਾਂ ਹੱਲ ਕਰੇ।

### 'ਆਪ' ਪੰਜਾਬ ਮੁੱਦਿਆਂ ਨੂੰ ਸਮਰਪਿਤ-ਚੀਮਾ

ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਬੇਅਦਬੀ ਤੇ ਖੇਤੀ ਫ਼ੈਸਲਿਆਂ ਬਾਰੇ ਦੋਗਲੀ ਨੀਤੀ ਉੱਪਰ ਚੱਲ ਰਹੀ ਹੈ, ਜਦਕਿ ਅਕਾਲੀ ਲੀਡਰਸ਼ਿਪ ਇਨਾਂ ਮਸਲਿਆਂ ਤੋਂ ਪੂਰੀ ਤਰਾਂ ਮੂੰਹ ਭੁਆਂਈ ਬੈਠੀ ਹੈ। 'ਆਪ' ਹਕੀਕੀ ਫੈਡਰੈਲ ਢਾਂਚੇ, ਖੇਤੀ ਆਰਡੀਨੈਂਸ ਰੱਦ ਕਰਨ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਮੁੱਦਿਆਂ ਨੂੰ ਅਹਿਮੀਅਤ ਨਾਲ ਲੈ ਰਹੀ ਹੈ।

### ਖਹਿਰਾ, ਬਸਪਾ ਤੇ ਗਾਂਧੀ ਨੇ ਮਨੁੱਖੀ ਅਧਿਕਾਰਾਂ ਦੇ ਮਸਲੇ ਚੁੱਕੇ

ਹੁਣੇ ਜਿਹੇ 21 ਸਾਲ ਦਾ ਨੌਜਵਾਨ ਲਵਪ੍ਰੀਤ ਸਿੰਘ ਵੀ ਬਾਕੀ ਸਿੱਖਾਂ ਦੀ ਤਰਾਂ ਲੰਗਰ ਵਿਚ ਅਹਿਮ ਯੋਗਦਾਨ ਪਾ ਰਿਹਾ ਸੀ ਤੇ ਸੇਵਾ ਕਰ ਰਿਹਾ ਸੀ। ਪਰ ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਲਵਪ੍ਰੀਤ ਕੋਲੋਂ 2 ਪਿਸਤੌਲ ਬਰਾਮਦ ਹੋਏ ਹਨ, ਉੱਥੇ ਹੀ ਦੂਜੇ ਪਾਸੇ ਲਵਪ੍ਰੀਤ ਸਿੰਘ ਦੇ ਵੱਡੇ ਭਰਾ ਸਤਨਾਮ ਸਿੰਘ ਇਸ ਪੂਰੇ ਮਾਮਲੇ ਦੀ ਜਾਂਚ ਕਰਨ ਦੀ ਮੰਗ ਕਰ ਰਹੇ ਹਨ। ਦੱਸ ਦਈਏ ਕਿ ਲਵਪ੍ਰੀਤ ਸਿੰਘ ਸਮਾਣਾ ਵਿਖੇ ਇਕ ਸੀਸੀਟੀਵੀ ਕੈਮਰੇ ਵਾਲੀ ਦੁਕਾਨ 'ਤੇ ਕੰਮ ਕਰਨ ਵਾਲਾ ਆਮ ਜਿਹਾ ਮੁੰਡਾ ਹੈ। ਲਵਪ੍ਰੀਤ ਦੇ ਵੱਡੇ ਭਰਾ ਸਤਨਾਮ ਸਿੰਘ ਨੇ ਦੱਸਿਆ ਕਿ 18 ਜੂਨ ਨੂੰ ਲਵਪ੍ਰੀਤ ਸਿੰਘ ਮੱਝਾਂ ਲਈ ਪੱਠੇ ਲੈਣ ਲਈ ਘਰੋਂ ਗਿਆ ਸੀ ਪਰ ਉਹ ਉਸ ਦਿਨ ਘਰ ਨਹੀਂ ਆ ਸਕਿਆ ਤੇ ਬਾਅਦ ਵਿਚ ਪਤਾ ਚੱਲਿਆ ਕਿ ਉਸ ਨੂੰ ਦਿੱਲੀ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਸਤਨਾਮ ਸਿੰਘ ਦਾ ਕਹਿਣਾ ਹੈ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ ਤੇ ਉਹ ਖੇਤਾਂ ਵਿਚ ਕੰਮ ਕਰ ਕੇ ਹੀ ਅਪਨਾ ਗੁਜ਼ਾਰਾ ਕਰਦੇ ਹਨ। ਉਹਨਾਂ ਕਿਹਾ ਕਿ ਉਹਨਾਂ ਕੋਲ ਐਨੇ ਪੈਸੇ ਕਿੱਥੋਂ ਆ ਜਾਣਗੇ ਕਿ ਉਹ ਦੋ-ਦੋ ਪਿਸਤੌਲ ਲੈ ਲੈਣ।

ਇਸ ਤੋਂ ਪਹਿਲਾਂ ਪੁਲਿਸ ਨੇ ਤਬਲਾ ਵਜਾਉਣ ਵਾਲੇ ਮੋਹਿੰਦਰਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ, ਉਹਨਾਂ ਦੇ ਬਿਆਨ ਮੁਤਾਬਕ ਲਵਪ੍ਰੀਤ ਸਿੰਘ ਨੂੰ 18 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। 26 ਸਾਲਾਂ ਦੇ ਸੁਖਚੈਨ ਸਿੰਘ ਉੱਤੇ ਵੀ ਯੂਏਪੀਏ ਲਗਾ ਦਿੱਤੀ ਗਈ। ਸੁਖਚੈਨ ਸਿੰਘ ਦੇ ਪਰਿਵਾਰ ਮੁਤਾਬਕ 26 ਜੂਨ ਨੂੰ ਸੁਖਚੈਨ ਸਿੰਘ ਨੂੰ ਉਸ ਦੇ ਪਿੰਡ ਤੋਂ ਸਰਪੰਚ ਦੀ ਮੌਜੂਦਗੀ ਵਿਚ ਘਰ ਤੋਂ ਹੀ ਚੁੱਕ ਲਿਆ ਗਿਆ ਪਰ ਪੁਲਿਸ ਦਾ ਕਹਿਣਾ ਹੈ ਕਿ ਸੁਖਚੈਨ ਸਿੰਘ ਨੂੰ ਰਾਜਪੁਰਾ ਦੇ ਪਿੰਡ ਕੋਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਸ ਸਬੰਧੀ ਪੰਜਾਬ ਪੁਲਿਸ ਦੇ ਡੀਜੀਪੀ ਦਿਨਕਰ ਗੁਪਤਾ ਨੇ ਕਿਹਾ ਸੀ ਕਿ ਇਹਨਾਂ ਦੇ ਸਬੰਧ ਖਾਲਿਸਤਾਨ ਲਿਬਰੇਸ਼ਨ ਫਰੰਟ ਦੇ ਨਾਲ ਹਨ, ਜਿਨਾਂ ਨੂੰ ਪਾਕਿ ਦਾ ਸਹਿਯੋਗ ਪ੍ਰਾਪਤ ਹੈ। ਇਸ ਤੋਂ ਇਲਾਵਾ ਪੇਸ਼ੇ ਵਜੋਂ ਵਕੀਲ ਡੀਐਸ ਬਿੰਦਰਾ ਨੂੰ ਵੀ ਪੁਲਿਸ ਨੇ ਹਿਰਾਸਤ ਵਿਚ ਲਿਆ ਹੈ, ਡੀਐਸ ਬਿੰਦਰਾ ਸ਼ਾਹੀਨ ਬਾਗ ਪ੍ਰਦਰਸ਼ਨ ਦੌਰਾਨ ਲੰਗਰ ਵਿਚ ਸੇਵਾ ਕਰਦੇ ਸਨ, ਜਦੋਂ ਦਿੱਲੀ ਵਿਚ ਦੰਗੇ ਭੜਕੇ ਤਾਂ ਦਿੱਲੀ ਪੁਲਿਸ ਦੇ ਕਾਂਸਟੇਬਲ ਰਤਨ ਲਾਲ ਦੀ ਮੌਤ ਹੋ ਗਈ, ਹੁਣ ਰਤਨ ਲਾਲ ਦੀ ਮੌਤ ਦਾ ਇਲਜ਼ਾਮ ਡੀਐਸ ਬਿੰਦਰਾ 'ਤੇ ਲਗਾਇਆ ਜਾ ਰਿਹਾ ਹੈ। ਉਹਨਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ।

ਇਸੇ ਤਰਾਂ ਜਸਪਾਲ ਸਿੰਘ ਮੰਝਪੁਰ ਪੇਸ਼ੇ ਵਜੋਂ ਵਕੀਲ ਹਨ, 2009 ਵਿਚ ਇਹਨਾਂ 'ਤੇ ਵੀ ਯੂਏਪੀਏ ਵਰਗੀ ਖਤਰਨਾਕ ਧਾਰਾ ਲਗਾ ਦਿੱਤੀ ਗਈ ਸੀ, ਜਿਸ ਕਰਕੇ ਇਹਨਾਂ ਨੇ ਅਪਣੀ ਜ਼ਿੰਦਗੀ ਦੇ ਕੁਝ ਸਾਲ ਜੇਲ ਵਿਚ ਗੁਜ਼ਾਰੇ ਤੇ ਫਿਰ 2014 ਵਿਚ ਇਹਨਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਤੇ ਹੁਣ ਜਸਪਾਲ ਸਿੰਘ ਉਹਨਾਂ ਲਈ ਲੜਦੇ ਹਨ, ਜਿਨਾਂ 'ਤੇ ਯੂਏਪੀਏ ਵਰਗੀ ਧਾਰਾ ਲਗਾ ਦਿੱਤੀ ਜਾਂਦੀ ਹੈ। ਜਸਪਾਲ ਸਿੰਘ ਮੰਝਪੁਰ ਮੁਤਾਬਕ 2007 ਤੋਂ ਹੁਣ ਤੱਕ ਪੰਜਾਬ ਵਿਚ 64 ਯੂਏਪੀਏ ਦੇ ਮਾਮਲੇ ਦਰਜ ਕੀਤੇ ਗਏ ਹਨ ਅਤੇ 300 ਤੋਂ ਵੱਧ ਯੂਏਪੀਏ ਦੇ ਮਾਮਲੇ ਮਰਦ ਅਤੇ ਔਰਤਾਂ 'ਤੇ ਦਰਜ ਕੀਤੇ ਗਏ ਹਨ, ਜਿਨਾਂ ਵਿਚੋਂ 99 ਫੀਸਦ ਸਿੱਖ ਧਰਮ ਨਾਲ ਸਬੰਧ ਰੱਖਦੇ ਹਨ।

ਯੂਏਪੀਏ ਉਹ ਧਾਰਾ ਹੁੰਦੀ ਹੈ, ਜੋ ਉਹਨਾਂ ਲੋਕਾਂ 'ਤੇ ਲਗਾਈ ਜਾਂਦੀ ਹੈ ਜੋ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੁੰਦੇ ਹਨ ਜਾਂ ਦੇਸ਼ ਵਿਰੁੱਧ ਸਾਜ਼ਿਸ਼ ਰਚਦੇ ਹਨ। ਇਸ ਧਾਰਾ ਦੇ ਤਹਿਤ ਅਸਾਨੀ ਨਾਲ ਜ਼ਮਾਨਤ ਨਹੀਂ ਹੁੰਦੀ।

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਤੇ ਧਰਮਵੀਰ ਗਾਂਧੀ ਨੇ ਕਿਹਾ ਕਿ ਸਮਾਣਾ ਦੇ ਨੇੜਲੇ ਪਿੰਡ ਸ਼ਾਦੀਪੁਰ ਵਿਖੇ ਲਵਪ੍ਰੀਤ ਸਿੰਘ ਉਰਫ਼ ਰਾਜਕੁਮਾਰ ਜਿਸ ਨੂੰ ਸਮਾਣਾ ਪੁਲਿਸ ਨੇ ਪਿਛਲੇ ਦਿਨੀਂ ਯੂਏਪੀਏ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤਾ ਹੈ, ਦੇ ਘਰ ਉਸ ਦੇ ਮਾਤਾ-ਪਿਤਾ ਨੂੰ ਮਿਲਣ ਆਏ ਸਨ। ਸੁਖਪਾਲ ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਕੁੱਝ ਦਿਨਾਂ ਦੌਰਾਨ ਇਸ ਜ਼ਾਲਮ ਕਾਨੂੰਨ ਤਹਿਤ 16 ਮਾਮਲੇ ਦਰਜ ਕਰਕੇ ਵੱਡੀ ਗਿਣਤੀ ਵਿਚ ਅਜਿਹੇ ਬੇਰੁਜ਼ਗਾਰ ਤੇ ਦਲਿਤ ਨੌਜਵਾਨਾਂ ਨੂੰ ਜੇਲਾਂ ਅੰਦਰ ਸੜਨ ਲਈ ਭੇਜ ਦਿਤਾ ਹੈ ਜਿਨਾਂ ਦੇ ਪਰਿਵਾਰਾਂ ਦੀ ਵਿਤੀ ਹਾਲਤ ਅਜਿਹੀ ਵੀ ਨਹੀਂ ਕਿ ਉਹ ਉਨਾਂ ਨੂੰ ਬਚਾਉਣ ਲਈ ਵਕੀਲ ਹੀ ਖੜਾ ਕਰ ਸਕਣ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਹ ਸਭ ਕੁਝ ਇਕ ਸਾਜਸ਼ ਤਹਿਤ ਕੀਤਾ ਜਾ ਰਿਹਾ ਹੈ ਜੋ ਕਿ ਬਹੁਤ ਹੀ ਮੰਦਭਾਗਾ ਹੈ। ਉਨਾਂ ਕਿਹਾ ਕਿ ਸਮਾਣਾ ਪੁਲਿਸ ਵਲੋਂ ਇਸੇ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤੇ ਗਏ ਨੌਜਵਾਨ 18-20 ਸਾਲ ਦੀ ਉਮਰ ਦੇ ਹਨ ਜਿਨਾਂ ਨੂੰ ਪੁਲਿਸ ਨੇ ਉਨਾਂ ਦੇ ਘਰਾਂ ਤੋਂ ਚੁੱਕ ਕੇ ਉਨਾਂ ਨੂੰ ਨਾਕਿਆਂ ਤੋਂ ਫੜੇ ਦਿਖਾ ਦਿਤਾ ਹੈ ਤੇ ਉਨਾਂ ਤੇ ਰਿਵਾਲਵਰ ਵੀ ਪਾ ਦਿਤੇ ਹਨ। ਇਸ ਤਰਾਂ ਪੰਜਾਬ ਪੁਲਿਸ ਗ਼ਰੀਬ ਤੇ ਦਲਿਤ ਪਰਿਵਾਰਾਂ ਨਾਲ ਨਾ ਕੇਵਲ ਧੋਖਾ ਕਰ ਰਹੀ ਹੈ ਬਲਕਿ ਇਨਸਾਨੀਅਤ ਦਾ ਵੀ ਗਲਾ ਘੁੱਟ ਰਹੀ ਹੈ। ਉਨਾਂ ਕਿਹਾ ਕਿ ਉਨਾਂ ਦੀ ਪਾਰਟੀ ਇਨਾਂ ਨੌਜਵਾਨਾਂ ਨਾਲ ਖੜੀ ਹੈ ਤੇ ਜ਼ਰੂਰਤ ਪੈਣ 'ਤੇ ਇਨਾਂ ਲਈ ਅਦਾਲਤ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ।

ਬਸਪਾ ਪੰਜਾਬ ਨੇ ਕੈਪਟਨ ਸਰਕਾਰ ਵਲੋਂ ਖਾਲਿਸਤਾਨ ਦੇ ਨਾਮ 'ਤੇ ਕਾਲੇ ਕਾਨੂੰਨਾਂ ਤਹਿਤ ਝੂਠੇ ਕੇਸ ਦਰਜ ਕਰਕੇ ਸਿੱਖ ਨੌਜਵਾਨਾਂ ਦੀ ਗ੍ਰਿਫ਼ਤਾਰੀ ਦੀ ਸਖ਼ਤ ਨਿਖੇਧੀ ਕੀਤੀ ਹੈ। ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਾਂਗਰਸ ਭਾਜਪਾ ਰਾਜ ਦੌਰਾਨ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਲਈ ਟਾਡਾ ਮੀਸਾ, ਪੋਟਾ ਵਰਗੇ ਕਾਲੇ ਕਾਨੂੰਨ ਮਨੂਵਾਦੀ ਸੋਚ ਤਹਿਤ ਵਰਤੇ ਗਏ ਸਨ, ਹੁਣ ਯੂਏਪੀਏ ਵਰਗੇ ਕਾਨੂੰਨ ਕਾਂਗਰਸ ਭਾਜਪਾ ਨੇ ਲਿਆਂਦੇ ਹਨ। ਜਿਸ ਨਾਲ 1980 ਤੋਂ ਬਾਦ ਪੰਜਾਬ ਨੂੰ 15 ਸਾਲ ਸਿੱਖ ਵਰਗ ਦੀ ਅਸੰਤੁਸ਼ਟੀ ਦਾ ਸੰਤਾਪ ਭੋਗਣਾ ਪਿਆ ਜਦੋਂ ਕਿ ਇਹ ਮੱਸਲੇ ਟੇਬਲ 'ਤੇ ਬੈਠ ਕੇ ਭਾਰਤੀ ਸੰਵਿਧਾਨ ਅਧੀਨ ਹੱਲ ਕੀਤੇ ਜਾ ਸਕਦੇ ਹਨ। ਉਨਾਂ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਦੇ ਨਿਰਮਾਤਾ ਸ੍ਰੀ ਕਾਂਸ਼ੀ ਰਾਮ ਸਾਹਿਬ ਇਹੋ ਜਿਹੇ ਸੰਵਿਧਾਨ ਵਿਰੋਧੀ ਕਾਨੂੰਨਾਂ ਦੇ ਖਿਲਾਫ ਸਨ। ਅਕਾਲੀ ਦਲ ਸਮੇਂ ਸਮੇਂ ਉਪਰ ਇਹਨਾਂ ਕਾਲੇ ਕਾਨੂੰਨਾਂ ਦੀ ਹੋਂਦ ਲਈ ਜ਼ਿੰਮੇਵਾਰ ਰਿਹਾ ਹੈ। ਹੁਣ ਕੈਪਟਨ ਸਰਕਾਰ ਇਹੋ ਜਿਹੇ ਕਾਨੂੰਨ ਪੰਜਾਬ ਵਿਚ ਵਰਤ ਕੇ ਫਿਰਕੂ ਮਾਹੌਲ ਸਥਾਪਤ ਕਰ ਰਹੀ ਹੈ, ਜਿਸ ਨਾਲ ਦਲਿਤ ਅਤੇ ਸਿੱਖ ਭਾਈਚਾਰੇ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਬੀਤੇ ਦਿਨੀਂ ਕਾਂਗਰਸ ਦੇ ਹੱਥਠੋਕੇ ਗੰਗੂਵਾਦੀ ਫਿਰਕੂ ਨੇਤਾ ਸੁਧੀਰ ਸੂਰੀ ਨੇ ਸੋਸ਼ਲ ਮੀਡੀਏ ਉੱਤੇ ਪਾਈ ਆਪਣੀ ਇਕ ਵੀਡੀਓ ਵਿੱਚ ਸਿੱਖ ਭਾਈਚਾਰੇ, ਪੰਜਾਬੀ ਔਰਤਾਂ ਬਾਰੇ ਅਜਿਹੀਆਂ ਘਟੀਆਂ ਗੱਲਾਂ ਕੀਤੀਆਂ ਹਨ, ਜਿਸ ਨੂੰ ਕੋਈ ਵੀ ਸਭਿਅਕ ਵਿਅਕਤੀ ਨਾ ਸੁਣ ਸਕਦਾ ਹੈ ਅਤੇ ਨਾ ਸਹਿਣ ਕਰ ਸਕਦਾ ਹੈ।

ਗੜ੍ਹੀ ਨੇ ਕਿਹਾ ਕਿ ਕੈਪਟਨ ਦੀ ਕਾਂਗਰਸ ਸਰਕਾਰ ਨੇ ਸੂਬੇ ਵਿੱਚ ਨਿਸ਼ਾਂਤ ਸ਼ਰਮਾ ਅਤੇ ਸੁਧੀਰ ਸੂਰੀ ਵਰਗੇ ਸੈਂਕੜੇ ਫਿਰਕੂ ਆਗੂਆਂ ਨੂੰ ਪੁਲਿਸ ਸੁਰੱਖਿਆ ਦਿੱਤੀ ਹੋਈ ਹੈ ਅਤੇ ਪੰਜਾਬ ਨੂੰ 1984 ਵਰਗੇ ਕਾਲੇ ਸਮੇਂ ਵਿੱਚ ਧੱਕਣ ਲਈ ਕਾਂਗਰਸ ਸਾਜਿਸ਼ਾਂ ਕਰ ਰਹੀ ਹੈ।



MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਸ੍ਰੀ ਹਰਿਕ੍ਰਿਸ਼ਨ ਧਿਆਈਐ...

- ਰਮੇਸ਼ ਬੱਗਾ ਚੋਹਲਾ
ਫੋਨ: 09463132719

ਸਿੱਖ ਧਰਮ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਹਮਾਇਤ ਕਰਦਾ ਆ ਰਿਹਾ ਹੈ। ਦਸਾਂ ਗੁਰੂ ਸਾਹਿਬਾਨਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਜੀਵਨ ਸਿੱਖੀ ਦੇ ਤਿੰਨ ਸੁਨਿਹਰੀ ਸਿਧਾਂਤਾ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜੱਪਣ ਨੂੰ ਪਰਨਾਇਆ ਰਿਹਾ ਹੈ। ਇਨਾਂ ਸਿਧਾਂਤਾ ਦੀ ਤਰਜ਼ਮਾਨੀ ਕਰਨ ਵਾਲੀ ਜੀਵਨ-ਜਾਂਚ ਹੀ ਬਾਬੇਕਿਆਂ ਵੱਲੋਂ ਵਡਿਆਈ ਅਤੇ ਸਲਾਹੀ ਜਾਂਦੀ ਰਹੀ ਹੈ। ਸਿੱਖ ਵਿਚਾਰਧਾਰਾ ਇਨਾਂ ਸਿਧਾਂਤਾ ਤੋਂ ਸੱਖਣੇ ਵਿਹਾਰ ਨੂੰ ਨਾ ਸਿਰਫ ਰੱਦ ਹੀ ਕਰਦੀ ਹੈ, ਸਗੋਂ ਸਜ਼ਾ ਦਾ ਭਾਗੀ ਵੀ ਸਮਝਦੀ ਹੈ। ਜਿਵੇਂ ਗੁਰੂ ਸਾਹਿਬ ਦਾ ਫੁਰਮਾਨ ਹੈ :

**ਸੋ ਸਿੱਖ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।।**
ਆਪਣੈ ਭਾਣੇ ਜੋ ਚਲੇ ਭਾਈ ਵਿਛੁੜਿ ਚੋਟਾ ਖਾਵੈ।।

ਭਾਵ ਜਿਹੜਾ ਵਿਅਕਤੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਦਾ ਧਾਰਨੀ ਬਣ ਜਾਂਦਾ ਹੈ ਉਸ ਦੇ ਲੋਕ ਤੇ ਪ੍ਰਲੋਕ ਦੋਵੇਂ ਲੇਖੇ ਵਿੱਚ ਲੱਗ ਜਾਂਦੇ ਹਨ। ਪਰ ਜਿਹੜਾ ਵਿਅਕਤੀ ਗੁਰੂ ਦੀ ਗੱਲ ਨੂੰ ਅਣਸੁਣੀ ਕਰਕੇ ਕੇਵਲ ਆਪਣੀ ਸਮਝ ਹੀ ਵਰਤੋਂ ਵਿਚ ਲਿਆਉਂਦਾ ਹੈ ਉਸ ਨੂੰ (ਪ੍ਰਮਾਤਮਾ ਤੋਂ) ਵਿਛੋੜੇ ਦੀਆਂ ਸੱਟਾਂ ਹੀ ਖਾਣੀਆਂ ਪੈਂਦੀਆਂ ਹਨ। ਇਨਾਂ ਸੱਟਾਂ ਤੋਂ ਬਚਣ ਲਈ ਗੁਰੂ ਸਾਹਿਬ ਮਨੁੱਖ ਨੂੰ ਜਿਥੇ ਸਦਾਚਾਰੀ ਜੀਵਨ ਜਿਉਣ ਲਈ ਪ੍ਰੇਰਦੇ ਹਨ ਉਥੇ ਪਰਮ ਨਾਲ ਪ੍ਰੇਮ ਦੀ ਹਾਮੀ ਵੀ ਭਰਦੇ ਹਨ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਰਾਗ ਗਾਉੜੀ, ਸੁਖਮਨੀ, ਪੰਨਾ 266 ਉਪਰ ਤਸਦੀਕ ਕਰਦੇ ਹਨ :

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮ ਜਪਿ ਨਿਰਮਲ ਕਰਮੁ ॥**

ਜਿਹੜੇ ਮਨੁੱਖਾਂ ਦੀ ਜੀਵਨ-ਸ਼ੈਲੀ ਇਨਾਂ ਪਾਵਨ ਪੰਕਤੀਆਂ ਦੀ ਅਨੁਸਾਰੀ ਹੋ ਜਾਂਦੀ ਹੈ ਉਹ ਨਾ ਸਿਰਫ ਆਮ ਤੋਂ ਖਾਸ ਹੋ ਜਾਂਦੇ ਹਨ ਸਗੋਂ ਲੋਕਾਈ ਵੱਲੋਂ ਰੱਜ ਕੇ ਸਤਿਕਾਰੇ ਅਤੇ ਪਿਆਰੇ ਵੀ ਜਾਂਦੇ ਹਨ। ਇਨਾਂ ਰਾਹਾਂ ਦੇ ਪਾਂਧੀਆਂ ਦਾ ਜੀਵਨ ਪੰਧ ਬੇਸ਼ੱਕ ਛੁਟੇਰਾ ਹੁੰਦਾ ਹੈ। ਪਰ ਸੇਵਾ, ਸਿਮਰਨ ਤੇ ਸ਼ਰਧਾ ਉਨਾਂ ਨੂੰ ਮੂਹਰਲੀਆਂ ਸਫਾਂ ਵਿੱਚ ਲੈ ਆਉਂਦੀ ਹੈ। ਆਪਣੇ ਗੁਣਾ ਸਦਕਾ, ਉਹ ਗੁਰੂ ਨਾਨਕ ਦੇ ਘਰ ਦੀਆਂ ਵਡਿਆਈਆਂ ਅਤੇ ਪਾਤਸ਼ਾਹੀਆਂ ਦੇ ਪਾਤਰ ਬਣਦੇ ਆ ਰਹੇ ਹਨ। ਇਨਾਂ ਪਾਤਰਾਂ ਵਿੱਚ ਹੀ ਇਕ ਨਾਮ ਹੈ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ।

ਦੁਨਿਆਵੀਂ ਤੌਰ ਤੇ (ਗੁਰੂ) ਹਰਿਕ੍ਰਿਸ਼ਨ ਜੀ ਭਾਵੇਂ ਬਚਪਨ ਦੀਆਂ ਬਰੂਹਾਂ ਤੇ (ਸਵਾ ਕੁ ਪੰਜ ਸਾਲ) ਹੀ ਵਿਚਰ ਰਹੇ ਸਨ ਪਰ ਕੁੱਝ ਵਿਸ਼ੇਸ਼ ਗੁਣਾਂ ਅਤੇ ਸਿੱਖੀ ਦੀ ਸਮਝ ਸਦਕਾ ਗੁਰੂ ਪਿਤਾ ਸ੍ਰੀ ਹਰਿ ਰਾਇ ਸਾਹਿਬ ਨੇ ਉਨਾਂ ਨੂੰ ਗੁਰੂ ਘਰ ਦੀ ਵਡੇਰੀ ਅਤੇ ਉਚੇਰੀ ਜ਼ਿੰਮੇਵਾਰੀ ਸੰਭਾਲ ਦਿਤੀ। ਆਪ ਜੀ ਵੱਲੋਂ ਜਿਥੇ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਗਿਆ ਉਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿੱਚ ਕੁੱਝ ਅਜਿਹੀਆਂ ਪਿਰਤਾਂ ਵੀ ਪਾਈਆਂ ਜਿਨਾਂ ਸਦਕਾ ਰੋਜ਼ਾਨਾ ਸਰਬਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨਾਂ ਦੇ ਨਾਮ ਦਾ ਜਿਕਰ **ਜਿਸ ਡਿਠੈ ਸਭਿ ਦੁਖਿ ਜਾਇ** ਕਰਕੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ 1656 ਈ: (ਬ੍ਰਿਕਮੀ ਸੰਮਤ 8 ਸਾਵਣ 1713) ਨੂੰ ਪਿਤਾ ਗੁਰੂ ਹਰਿ ਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਪਰ ਭੱਟ ਵਹੀਆਂ ਦੇ ਹਵਾਲੇ ਨਾਲ ਗੁਰੂ ਜੀ ਦਾ ਪੈਦਾਇਸ਼ੀ ਦਿਹਾੜਾ ਸੰਨ 1652 ਦਾ ਦੱਸਿਆ ਗਿਆ ਹੈ।

ਜਿਥੇ ਗੁਰੂ ਹਰਿਕ੍ਰਿਸ਼ਨ ਜੀ ਦੇ ਮੁੱਖੜੇ ਦੀ ਦਿੱਖ ਮਨਾਂ ਨੂੰ ਮੋਹਣਵਾਲੀ ਸੀ, ਉਥੇ ਉਨਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਜੀ ਦੇ ਬਚਪਨ ਦਾ ਵਧੇਰੇ ਸਮਾਂ ਗੁਰੂ ਹਰਿ ਰਾਇ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਜੀ ਦੇ ਸੁਭਾਅ ਅਤੇ ਨਿਭਾਅ ਉਪਰ ਗੁਰੂ ਪਿਤਾ ਦਾ ਕਾਫੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ (ਗੁਰੂ) ਹਰਿਕ੍ਰਿਸ਼ਨ ਜੀ ਆਈਆਂ ਸੰਗਤਾਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਵਿੱਚ ਜੁਟੇ ਰਹਿੰਦੇ ਸਨ।

ਰਾਜਸੀ ਲਾਹਾ ਲੈਣ ਦੀ ਤਾਕ ਵਿਖ ਧੀਰਮੱਲ ਨੇ ਗੁਰੂ ਘਰ ਦੇ ਖਿਲਾਫ ਉਸ ਵਕਤ ਦੇ ਹਾਕਮ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਵੀ ਧੀਰਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇੱਕ ਕੰਨ ਰਾਹੀਂ ਸੁਣ ਕੇ ਦੂਜੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇ ਪਾਤਸ਼ਾਹ ਸ੍ਰੀ ਹਰਿਰਾਇ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਗੁਰੂ ਸਾਹਿਬ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰੀ ਹੋ ਗਏ। ਰਾਜਪੂਤ ਰਾਜਿਆਂ ਦੀ ਸਲਾਹ ਨਾਲ ਬਾਦਸ਼ਾਹ ਨੇ ਗੁਰੂ ਜੀ ਨੂੰ ਦੁਬਾਰਾ ਚਿੱਠੀ ਭੇਜ ਦਿੱਤੀ। ਚਿੱਠੀ ਦੀ ਭਾਸ਼ਾ ਕੁੱਝ ਨਿਮਰ ਅਤੇ ਆਦਰਮਈ ਹੋਣ ਕਰਕੇ ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲੈ ਲਿਆ। ਕਿਉਂਕਿ ਗੁਰਮਤਿ ਦੇ ਜਾਣਕਾਰ ਹੋਣ ਦੇ ਨਾਲ-ਨਾਲ ਬਾਬਾ ਰਾਮ ਰਾਇ ਹਾਜ਼ਰ-ਜਵਾਬ ਵੀ ਸਨ। ਜਦੋਂ ਬਾਬਾ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗਦਾਰੀ ਦਾ ਬਾਦਸ਼ਾਹ ਤੇ ਚੰਗਾ ਪ੍ਰਭਾਵ ਪਿਆ। ਪਰ ਜਦੋਂ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਖਾਤਿਰ ਰਾਮ ਰਾਇ ਨੇ ਬਾਬੇ ਦੀ ਬਾਣੀ (ਮਿੱਟੀ ਬੇਈਮਾਨ ਦੀ ......) ਤਬਦੀਲ ਕਰ ਦਿੱਤੀ ਤਾਂ ਉਹ ਗੁਰੂ ਨਾਨਕ ਦੇ ਘਰ ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾਬਖਸ਼ਣਯੋਗ ਗੁਨਾਹ ਬਦਲੇ ਗੁਰੂਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ।

ਰਾਮ ਰਾਇ ਦੀ ਇਸ ਨਾਲਾਇਕੀ ਕਾਰਣ ਗੁਰੂ ਹਰਿ ਰਾਇ ਸਾਹਿਬ ਨੇ 1661 ਈ. (ਸੰਮਤ 1918) ਨੂੰ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸਿੱਖ ਕੌਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨਾਂ ਦੀ ਵਰੇਸ ਸਵਾ ਕੁ ਪੰਜ ਸਾਲ ਦੀ ਬਣਦੀ ਸੀ। ਦੁਨਿਆਵੀ ਤੌਰ ਤੇ ਇਹ ਸਮਾਂ ਹਾਣੀਆਂ ਨਾਲ ਖੇਡਣ-ਮੱਲਣ ਦਾ ਸਮਝਿਆ ਜਾਂਦਾ ਹੈ। ਇਸ ਕਰਕੇ ਇਹ ਵਕਤ ਸਿੱਖਾਂ ਦੀ ਸਿਦਕਦਿਲੀ ਅਤੇ ਸ਼ਰਧਾ ਨੂੰ ਪਰਖਣ ਦਾ ਵੀ ਸੀ। ਕਿਉਂਕਿ ਗੁਰੂ ਘਰ ਦੇ ਦੋਖੀ (ਧੀਰਮੱਲੀਏ ਅਤੇ ਰਾਮ ਰਾਈਏ) ਗੁਰੂ ਘਰ ਨੂੰ ਢਾਹ ਲਗਾਉਣ ਲਈ ਸੰਗਤਾਂ ਵਿਚ ਭਰਮ-ਭੁਲੇਖੇ ਪੈਦਾ ਕਰਨ ਦੇ ਕੋਝੇ ਜਤਨ ਕਰ ਰਹੇ ਸਨ। ਪਰ ਇਨਾ ਭਰਮ-ਭੁਲੇਖਿਆਂ ਦੇ ਬਾਵਜੂਦ ਵੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਮਰ ਛੁਟੇਰੀ ਪਰ ਅਕਲ ਵਡੇਰੀ ਦਾ ਸਬੂਤ ਦਿੰਦਿਆਂ ਗੁਰਿਅਈ ਦੀ ਜ਼ਿੰਮੇਵਾਰੀ (1661 ਤੋਂ 1664) ਸਾਬਤ ਕਦਮਾਂ ਨਾਲ ਨਿਭਾਈ।

ਗੁਰੂ ਹਰਿਕ੍ਰਿਸ਼ਨ ਜੀ ਸੇਵਾ ਅਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਮਾਲਕ ਵੀ ਸਨ। ਜਿਹੜਾ ਵੀ ਵਿਅਕਤੀ ਉਨਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਹੀ ਬਦਲ ਜਾਂਦਾ ਸੀ। ਪੇਸ਼ਾਵਰ ਦੀਆਂ ਸੰਗਤਾਂ ਵਿਚ ਇਕ ਜਸਵੰਤ ਰਾਇ ਨਾਮਕ ਚੋਰ ਸੰਗਤਾਂ ਦੀਆਂ ਜੇਬਾਂ ਕੱਟਣ ਦੀ ਨੀਅਤ ਨਾਲ ਘੁਸ ਗਿਆ। ਜਦੋਂ ਗੁਰੂ ਹਰਿਕ੍ਰਿਸ਼ਨ ਦੇ ਸਨਮੁੱਖ ਹੋਇਆ ਤਾਂ ਗੁਰੂ ਸਾਹਿਬ ਦੇ ਮੁਖਾਰਬਿੰਦ ਚੋਂ ਸੁਭਾਵਿਕ ਹੀ ਨਿਕਲ ਗਿਆ :-

**ਚੋਰ ਦੀ ਹਮਾ ਭਰੇ ਨਾ ਕੋਇ ॥**
**ਚੋਰ ਕੀਆ ਚੰਗਾ ਕਿਉ ਹੋਇ ॥**

ਇਸ ਮਹਾਂਵਾਕ ਨੂੰ ਸੁਣਦਿਆਂ ਹੀ ਜਸਵੰਤ ਰਾਇ ਦੇ ਨੇਤਰਾਂ ਵਿਚੋਂ ਪਾਣੀ ਆ ਗਿਆ ਅਤੇ ਉਸ ਨੇ ਚੋਰੀ ਤੋਂ ਤੋਬਾ ਕਰ ਲਈ। ਇਸ ਤਰਾਂ ਇਕ ਗੇਂਦਾ ਮਲ ਨਾਂ ਦੇ ਜੁਆਰੀਏ ਨੇ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਅਤੇ ਛੱਡੇ ਹੀ ਨਾ। ਗੁਰਦੇਵ ਨੇ ਕਿਹਾ, "ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।' ਗੇਂਦਾ ਮਲ ਦਾ ਅੰਦਰਲਾ ਮਨ ਹਿਲ ਗਿਆ ਅਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮੁਆਫੀ ਮੰਗ ਲਈ ਅਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਬਾਕੀ ਸਫ਼ਾ 32 'ਤੇ

# ਸ਼ਹੀਦ ਭਾਈ ਤਾਰੂ ਸਿੰਘ ਜੀ



- ਪ੍ਰਮਿੰਦਰ ਸਿੰਘ ਪ੍ਰਵਾਨਾ

ਮੱਧ ਕਾਲੀਨ ਯੁੱਗ ਵਿਚ ਸਮਾਜ ਸੁਧਾਰਕਾਂ ਵਲੋਂ ਭਗਤੀ-ਲਹਿਰ ਚਲਾਈ ਗਈ। ਲੋਕਾਂ ਵਿਚ ਝੂਠੇ ਕਰਮਕਾਂਡਾਂ ਵਿਚ ਚੇਤਨਾ ਆਈ। ਸੂਫ਼ੀ ਰੰਗ ਵਿਚ ਰੰਗੀ ਬਾਣੀ ਵਿਚ ਬੀਰ ਰਸ ਭਰਿਆ। ਕਿਸੇ ਵੀ ਅੰਦੋਲਨ ਵਿਚ ਜਾਨ ਪਾਉਣ ਲਈ ਬੀਰਰਸ ਦੀ ਬੜੀ ਅਹਿਮੀਅਤ ਹੁੰਦੀ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ 'ਜਉ ਤਉ ਪ੍ਰੇਮ ਖੇਲਨ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਅੰਗ 1412 ਦਾ ਸ਼ਬਦ ਉਚਾਰ ਕੇ ਧਰਮ ਦੀ ਬੁਨਿਆਦ ਨੂੰ ਪੱਕਾ ਕੀਤਾ। ਸੱਚ ਧਰਮ ਦੇ ਮਾਰਗ ਤੇ ਕੁਰਬਾਨੀ ਦੇਣ ਲਈ ਤਿਆਰ ਰਹੋ ਦਾ ਉਪਦੇਸ਼ ਦਿੱਤਾ। ਇਕ ਪ੍ਰਮਾਤਮਾ ਵਿਚ ਯਕੀਨ ਰੱਖ ਕੇ ਉਸ ਦਾ ਨਾਮ ਜਪਣਾ। ਖੁਸ਼ੀ ਅਤੇ ਗਮੀ ਵਿਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕ੍ਰਿਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ ਦੂਜਿਆਂ ਨਾਲ ਵੰਡ ਕੇ ਛਕਣਾ ਹੈ। ਜੀਵਨ ਜਾਚ ਲਈ ਸਿਧਾਂਤ ਦਿੱਤਾ ਹੈ ਕਿ ਕ੍ਰਿਤ ਕਰੋ, ਨਾਮ ਜਪੋ, ਵੰਡ ਛਕੋ। ਬਰਾਬਰਤਾ ਦੇ ਸਮਾਜ ਵਿਚ ਖੁਦਗਰਜੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ ਤੇ ਪਹਿਰਾ ਦੇਣਾ ਹੈ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ। ਸਾਰੇ ਗੁਰੂਆਂ ਨੇ ਇਨਾਂ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿਚ ਜਿੱਥੇ ਰਸਦ, ਮਾਇਆ ਭੇਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ ਤੇ ਸੀਸ ਵੀ ਕੁਰਬਾਨ ਕੀਤੇ ਜਾਂਦੇ ਹਨ। ਸਿੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ, ਸ਼ਹੀਦੀਆਂ ਦੀ ਵਿਲੱਖਣ ਕਹਾਣੀ ਹੈ। ਉਸੇ ਲੜੀ ਵਿਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇਕ ਲੜਾਈ ਵਿਚ ਮਾਰਿਆ ਗਿਆ ਸੀ। ਉਸ ਦਾ ਬਦਲਾ ਲੈਣ ਲਈ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਚਲਾਈ ਹੋਈ ਸੀ। ਉਸ ਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਦੇ ਬਚਾਓ ਲਈ ਜੰਗਲੀ ਬੇਲਿਆਂ, ਪਹਾੜਾਂ, ਮਾਰੂਥਲਾਂ ਦੀਆਂ ਪਨਾਹਗਾਹਾਂ ਵਿਚ ਚਲੇ ਗਏ। ਬਾਕੀ ਬਚੇ ਕੁਝ ਸਿੰਘ ਅਤੇ ਹੋਰ ਵਰਗਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਵਿਚ ਇਕੱਠੇ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ ਭਾਵ ਦੇ ਆਪਸ ਵਿਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਉਹ ਇਕ ਦੂਸਰੇ ਦੀ ਮਦਦ ਕਰਕੇ ਖੁਸ਼ੀ ਪ੍ਰਾਪਤ ਕਰਦੇ। ਜੋ ਕੁਝ ਕਮਾਉਂਦੇ ਵਿਚੋਂ ਲੋੜਵੰਦਾਂ ਦੀ ਮਦਦ ਕਰਦੇ। ਉਹ ਗੁਰਬਾਣੀ ਪੜਦੇ ਵਿਚਾਰਦੇ ਸਾਦਾ ਜੀਵਨ ਜਿਉਂਦੇ। ਅਜੇਹੇ ਸਮੇਂ ਵਿਚ ਹੀ ਭਾਈ ਤਾਰੂ ਸਿੰਘ ਜੀ ਦਾ ਜਨਮ 1716 ਈ. ਵਿਚ ਪਿੰਡ 'ਪੂਹਲਾ' ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਉਹ ਆਪਣੀ ਮਾਤਾ ਜੀ ਅਤੇ ਭੈਣ ਜੀ ਨਾਲ ਰਹਿੰਦੇ ਸਨ। ਉਹ ਅਜੇ ਛੋਟੀ ਉਮਰ ਵਿਚ ਹੀ ਸਨ ਕਿ ਉਨਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਉਹ ਜ਼ਿੰਮੀਦਾਰਾ ਕੰਮ ਕਰਦੇ ਸਨ। ਜਦੋਂ ਉਨਾਂ ਦੀ ਉਮਰ 25 ਸਾਲ ਸੀ, ਉਨਾਂ ਦੀ ਮਾਤਾ ਜੀ ਨੇ ਭੈਣ ਭਰਾ ਨੂੰ ਗੁਰੂ ਦੀ ਸਿੱਖਿਆ ਤੇ ਚੱਲ ਕੇ ਲੋੜਵੰਦਾਂ ਦੀ ਸੇਵਾ ਕਰਨ ਦੇ ਆਹਰੇ ਲਾਇਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਬੜੇ ਚਾਅ ਨਾਲ ਅੱਗੇ ਹੋ ਕੇ ਕਰਦੇ। ਸੇਵਾ ਕਰਨ ਵਿਚ ਹਮੇਸ਼ਾ ਤਤਪਰ ਰਹਿੰਦੇ। ਉਹ ਕਦੇ ਨਾ ਥੱਕਦੇ। ਜਿਵੇਂਕਿ ਸਿੰਘ ਪਨਾਹਗਾਹਾਂ ਵਿਚ ਚਲੇ ਗਏ ਸਨ, ਉਸੇ ਤਰਾਂ ਦੀ ਇਕ ਪਨਾਹਗਾਹ 'ਬੀੜ ਬਾਬਾ ਬੁੱਢਾ ਜੀ' ਪਿੰਡ ਪੂਹਲੇ ਦੇ ਨੇੜੇ ਹੀ ਸੀ। ਭਾਈ ਸਾਹਿਬ ਨੇ ਆਪਣੀ ਖੇਤੀ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲੈ ਲਈ। ਉਨਾਂ ਦੀ ਮਾਤਾ ਜੀ ਤੇ ਭੈਣ ਜੀ ਆਟਾ ਪੀਸਦੀਆਂ। ਮਿੱਸੀਆਂ ਰੋਟੀਆਂ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ। ਰਾਤ ਨੂੰ ਭਾਈ ਸਾਹਿਬ ਲੰਗਰ/ਰਸਦ ਅਤੇ ਹੋਰ ਲੋੜੀਂਦੀਆਂ ਵਸਤਾਂ ਬੀੜ ਵਿਚ ਟਿਕਾਣਾ ਕਰੀ ਬੈਠੇ ਸਿੰਘਾਂ ਤੱਕ ਪਹੁੰਚਾਉਂਦੇ। ਦੇਰ ਰਾਤ ਤੱਕ ਭਾਈ ਸਾਹਿਬ ਨੂੰ ਸਿੰਘਾਂ ਨਾਲ ਗੱਲਬਾਤ ਕਰਨ ਦੀ ਦਿਲਚਸਪੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੇ ਭਵਿੱਖ ਵਿਚ ਮਨਸੂਬਿਆਂ ਬਾਰੇ ਢੇਰ ਸਾਰੀ ਚਰਚਾ ਕਰਦੇ ਸਨ।

ਆਉਣ ਵਾਲੇ ਮਾੜੇ ਸਮਿਆਂ ਬਾਰੇ ਵੀ ਸੁਚੇਤ ਕਰਦੇ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿਚ ਆਉਂਦੇ ਜਾਂਦੇ ਮੁਸਾਫਰਾਂ ਦੀ ਵੀ ਲੰਗਰ ਨਾਲ ਸੇਵਾ ਕਰਦੇ। ਲੋੜਵੰਦਾਂ ਲਈ ਠਹਿਰ ਦਾ ਪ੍ਰਬੰਧ ਵੀ ਕਰ ਲੈਂਦੇ। ਇਸ ਤਰਾਂ ਉਹ ਇਲਾਕੇ ਵਿਚ ਹਰਮਨਪਿਆਰੇ ਸਨ। ਲੋਕ ਉਨਾਂ ਦਾ ਬੜਾ ਸਤਿਕਾਰ ਕਰਦੇ ਸਨ। ਜਦੋਂ ਜੰਡਿਆਲਾ ਦੇ ਹਰਿਭਗਤ ਮੁਖਬਰ ਨੂੰ ਪਤਾ ਲੱਗਾ ਕਿ ਭਾਈ ਸਾਹਿਬ ਦੀ ਸੇਵਾ ਕਰਕੇ ਉਨਾਂ ਦੀ ਪ੍ਰਸਿੱਧ ਹੈ, ਉਸ ਨੇ ਈਰਖਾ ਵਿਚ ਆ ਕੇ ਭਾਈ ਸਾਹਿਬ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਹ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਤੇ ਸਿੱਖਾਂ ਨਾਲ ਮਨ ਵਿਚ ਵੈਰ ਰੱਖਦਾ ਸੀ। ਬਦਲਾ ਲੈਣ ਦੇ ਬਹਾਨੇ ਵਿਚ ਬਿਨਾਂ ਕਿਸੇ ਦੇਰੀ ਤੋਂ ਇਹ ਖ਼ਬਰ ਮੁਗਲ ਸਰਕਾਰ ਨੂੰ ਦਿੱਤੀ ਕਿ ਪਿੰਡ ਪੂਹਲੇ ਵਿਚ ਇਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਬਾਹਰੋਂ ਉਸ ਦਾ ਭੇਸ ਧਰਮੀ ਹੈ। ਪਰ ਉਸ ਦੇ ਕੰਮ ਹਕੂਮਤ ਦੇ ਖਿਲਾਫ਼ ਹਨ। ਉਹ ਚੋਰਾਂ ਡਾਕੂਆਂ ਅਤੇ ਵੈਲੀ ਬੰਦਿਆਂ ਦੀ ਲੰਗਰ ਨਾਲ ਸੇਵਾ ਕਰਦਾ ਹੈ। ਇਥੋਂ ਤੱਕ ਕਿ ਹਕੂਮਤ ਦੇ ਬਾਗੀ ਸਿੱਖਾਂ ਦੀ ਵੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਬੰਦਿਆਂ ਨੂੰ ਪਨਾਹ ਵੀ ਦੇਂਦਾ ਹੈ। ਉਹ ਇਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ ਤੇ ਲਾਏ ਦੋਸ਼ਾਂ ਅਤੇ ਸੂਹ ਦੇਣ ਲਈ ਇਨਾਮ ਦਿੱਤਾ ਗਿਆ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਸਿਪਾਹੀ ਭੇਜ ਦਿੱਤੇ ਕਿ ਉਸ ਲਾਹੌਰ ਲੈ ਕੇ ਆਉ। ਸਿਪਾਹੀਆਂ ਨੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪੂਹਲੇ ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ ਵਿਚ ਰੱਖ ਕੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾਂ ਤੱਕ ਇਹ ਦੁਹਰਾਇਆ ਗਿਆ ਕਿ ਇਸਲਾਮ ਕਬੂਲ ਕਰ ਲਵੋ ਤਾਂ ਤੁਹਾਡੀ ਜਾਨ ਬਖ਼ਸ਼ ਦਿੱਤੀ ਜਾਵੇਗੀ। ਨਾਲ ਹੀ ਤੁਹਾਨੂੰ ਸਰਕਾਰੀ ਅਹੁਦਾ ਮਾਣ ਸਨਮਾਨ ਤੇ ਦੌਲਤ ਨਾਲ ਮਾਲਾ ਮਾਲ ਕਰ ਦਿੱਤਾ ਜਾਵੇਗਾ। ਜਿਸ ਨਾਲ ਅਰਾਮ ਦੀ ਜਿੰਦਗੀ ਬਿਤਾ ਲਓਗੇ। ਨਹੀਂ ਤਾਂ ਸਰਕਾਰੀ ਤਸ਼ੱਦਦ ਚਲਕਾ ਰਹੇਗਾ। ਰਖੜੀ ਤੇ ਚੜਾ ਕੇ ਕਤਲ ਕੀਤੇ ਜਾਉਗੇ। ਇਹ ਨਸੀਅਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਆਪਣੀ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿਚ ਰਹਿ ਕੇ ਮਰਨਾ ਚਾਹਵਾਂਗਾ। ਭਾਈ ਸਾਹਿਬ ਨੇ ਬੜੇ ਦ੍ਰਿੜ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸ਼ੋ ਆਰਾਮ ਦੇ ਸੌਂਦੇ ਵਿਖਾ ਰਿਹਾ ਏ, ਇਹ ਮੈਂ ਆਪਣੀ ਜੁੱਤੀ ਦੀ ਨੋਕ ਤੇ ਵੀ ਨਹੀਂ ਲਿਖਦਾ। ਜੇਕਰ ਸਾਰੇ ਜਹਾਨ ਦੀ ਬਾਦਸ਼ਾਹੀ ਅਤੇ ਧੰਨ ਦੌਲਤ ਮੇਰੇ ਪੈਰਾਂ ਵਿਚ ਰੱਖ ਦੇਵੇਂ, ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡ ਸਕਦਾ। ਇਸ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂਗਾ। ਇਹ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਬਾਕਾਂ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪ੍ਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜਕਰੀਆ ਖਾਨ ਨੇ ਹੰਕਾਰ ਵਿਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪ੍ਰਮਾਤਮਾ ਮੈਂ ਹਾਂ ਜੋ ਤੇਰੀ ਜਾਨ ਬਖਸ਼ ਸਕਦਾ ਹਾਂ। ਪਰ ਮੈਂ ਤੇਰੀ ਗੱਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਹਿਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਨਾਲ ਕਾਇਮ ਰਹਿਣਾ। ਹੁਣ ਜਲਦੀ ਮੈਨੂੰ ਸ਼ਹੀਦ ਕਰੋ। ਮੈਂ ਪ੍ਰਮਾਤਮਾ ਦਾ ਕਰਜ਼ ਉਤਾਰਾਂ।

ਬਾਕੀ ਸਫ਼ਾ 29 'ਤੇ

## ਮਾਮਲਾ ਅਜਮੇਰ ਸਿੰਘ ਬਾਰੇ ਮੰਦਭਾਗੇ ਵਿਵਾਦ ਦਾ

# ਸਿੱਖ ਬੌਧਿਕਤਾ ਦਾ ਮਿਆਰ ਨਿਘਾਰ ਵਲ ਕਿਉਂ ?

**- ਅਵਤਾਰ ਸਿੰਘ**

ਖਾਲਸਾ ਪੰਥ ਦੇ ਸੁਹਿਰਦ ਖੇਮਿਆਂ ਵਿੱਚ ਅੱਜਕੱਲ ਇੱਕ ਮੰਦਭਾਗਾ ਵਿਵਾਦ ਚੱਲ ਰਿਹਾ ਹੈ। ਸਿੱਖ ਸੰਘਰਸ਼ ਦਾ ਹਿੱਸਾ ਰਹੀ ਇੱਕ ਧਿਰ, ਆਪਣੇ ਹੀ ਹਮਸਫਰ ਦੂਜੀ ਧਿਰ ਦੇ ਵੀਰਾਂ ਤੇ ਦੋਸ਼ ਲਗਾ ਰਹੀ ਹੈ। ਦੁਖਦਾਈ ਗੱਲ ਇਹ ਹੈ ਕਿ ਦੋਸ਼ ਲਗਾਉਣ ਦੀ ਇਸ ਸਰਗਰਮੀ ਵਿੱਚ ਖਾਲਸਈ ਸੱਭਿਅਤਾ ਦੀਆਂ ਰਵਾਇਤਾਂ ਗਵਾਚ ਰਹੀਆਂ ਹਨ। ਜਿਸ ਬਿਪਰਨ ਕੀ ਰੀਤ ਤੋਂ ਮੁਕਤੀ ਹਾਸਲ ਕਰਨ ਲਈ ਅਸੀਂ ਸੰਘਰਸ਼ ਕਰ ਰਹੇ ਹਾਂ,ਵਾਰ ਵਾਰ ਉਸ ਬਿਪਰਨ ਕੀ ਰੀਤ ਦੇ ਗੁਲਾਮ ਬਣਦੇ ਜਾ ਰਹੇ ਹਾਂ। ਇਹ ਵਾਰ ਵਾਰ ਹੋ ਰਿਹਾ ਹੈ। ਇਹ ਬਹੁਤ ਦੁਖਦਾਈ ਹੈ। ਸਾਡੀ ਦੋਵਾਂ ਧਿਰਾਂ ਨੂੰ ਹੱਥ ਬੰਨਕੇ ਬੇਨਤੀ ਹੈ ਕਿ, ਉਨਾਂ ਸ਼ਹੀਦਾਂ ਦੀਆਂ ਰੂਹਾਂ ਦਾ ਧਿਆਨ ਧਰਕੇ ਖਾਲਸਈ ਮਿਆਰਾਂ ਤੋਂ ਡਿੱਗੀ ਹੋਈ ਦੂਸ਼ਣਬਾਜ਼ੀ ਬੰਦ ਕਰ ਦੇਣ।

ਅਸਲ ਮੁੱਦਾ ਭਾਈ ਅਜਮੇਰ ਸਿੰਘ ਦੀਆਂ ਲਿਖਤਾਂ ਅਤੇ ਉਨਾਂ ਵੱਲੋਂ ਲਈ ਗਈ ਸਿਆਸੀ ਲੀਹ ਤੇ ਕੇਂਦਰਿਤ ਹੋ ਰਿਹਾ ਹੈ। ਭਾਈ ਅਜਮੇਰ ਸਿੰਘ ਉੱਤੇ ਦੋਸ਼ ਲਾਉਣ ਵਾਲੀ ਧਿਰ ਇਹ ਆਖ ਰਹੀ ਹੈ ਕਿ ਉਹ ਆਪਣੀ ਇਤਿਹਾਸਕਾਰੀ ਰਾਹੀਂ ਸਿੱਖਾਂ ਨੂੰ, ਭਾਰਤੀ ਸਟੇਟ ਦੇ ਗਲਬੇ ਅਧੀਨ ਕਰਨਾ ਚਾਹੁੰਦੇ ਹਨ। ਦੋਸ਼ ਲਾਉਣ ਵਾਲੀ ਧਿਰ ਦਾ ਕੇਂਦਰੀ ਨੁਕਤਾ ਇਹ ਹੈ ਕਿ ਭਾਈ ਅਜਮੇਰ ਸਿੰਘ ਸਪਸ਼ਟ ਰੂਪ ਵਿੱਚ ਇਹ ਨਹੀ ਆਖ ਰਹੇ ਕਿ ਸਿੱਖਾਂ ਨੂੰ ਆਪਣੀ ਵੱਖਰੀ ਸਟੇਟ ਜਾਂ ਦੇਸ਼ ਚਾਹੀਦਾ ਹੈ।

ਮੂਲ ਮੁੱਦਾ ਇਹ ਹੀ ਹੈ ਜਿੰਨਾ ਕੁ ਸਾਨੂੰ ਸਮਝ ਆਇਆ ਹੈ। ਪਰ ਜਿਸ ਤਰਾਂ ਇਸ ਨੂੰ ਪੇਸ਼ ਕੀਤਾ ਗਿਆ ਹੈ ਜਾਂ ਉਛਾਲਿਆ ਗਿਆ ਹੈ ਉਹ ਬਹੁਤ ਭੱਦਾ ਤੇ ਗਲਤ ਹੈ। ਭਾਈ ਅਜਮੇਰ ਸਿੰਘ ਨੂੰ ਅਨਪੜ ਆਖਕੇ ਉਨਾਂ ਦੀ ਕਿਰਦਾਰਕਸ਼ੀ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਆਖਿਆ ਗਿਆ ਹੈ ਕਿ ਸਿੱਖ ਆਪਣਾ ਇਤਿਹਾਸ ਅਨਪੜਾਂ ਤੋਂ ਲਿਖਾਉਂਦੇ ਹਨ। ਇਸ ਤਰਾਂ ਤਾਂ ਫੇਰ ਸੰਤ ਜਰਨੈਲ ਸਿੰਘ ਜੀ ਦੀ ਲੀਡਰਸ਼ਿੱਪ ਵੀ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ, ਕਿਉਂਕਿ ਭਾਈ ਅਮਰੀਕ ਸਿੰਘ ਅਤੇ ਭਾਈ ਹਰਮਿੰਦਰ ਸਿੰਘ ਸੰਧੂ ਵਰਗੇ ਉੱਚ ਵਿਦਿਆ ਪ੍ਰਾਪਤ ਨੌਜਵਾਨਾਂ ਦੇ ਹੁੰਦਿਆਂ ਕੌਮ ਦੀ ਅਗਵਾਈ ਸੰਤ ਜਰਨੈਲ ਸਿੰਘ ਨੂੰ ਦੇ ਕੇ ਕੌਮ ਨੇ ਵੱਡੀ ਗਲਤੀ ਕਰ ਲਈ ਹੈ। ਇਸ ਤਰਾਂ ਦੇ ਹੀ ਹੋਰ ਵੀ ਕੁਝ ਸੁਆਲ ਭਾਈ ਅਜਮੇਰ ਸਿੰਘ ਦੇ ਇਤਿਹਾਸਕ ਲੇਖਣੀ ਦੇ ਕਾਰਜਾਂ ਬਾਰੇ ਕੀਤੇ ਗਏ ਹਨ, ਪਰ ਬਹੁਤ ਅਸੱਭਿਅਕ ਢੰਗ ਨਾਲ। ਅਜਮੇਰ ਸਿੰਘ ਨੇ ਜਦੋਂ ਖਾੜਕੂ ਲਹਿਰ ਦੇ ਇਤਿਹਾਸ ਨੂੰ ਕਲਮਬੱਧ ਕਰਨ ਦਾ ਕਾਰਜ ਆਰੰਭ ਕੀਤਾ ਉਸ ਵੇਲੇ ਸਮੁੱਚੀ ਸਿੱਖ ਕੌਮ ਸਰੀਰਕ ਅਤੇ ਵਿਚਾਰਧਾਰਕ ਤੌਰ ਤੇ ਭਾਰਤੀ ਸਟੇਟ ਦੇ ਜੁਲਮਾਂ ਨਾਲ ਭੰਨੀ ਪਈ ਸੀ। ਜਿਸ ਕਿਸਮ ਦੀ ਦਹਿਸ਼ਤ ਤੇ ਵਿਚਾਰਧਾਰਕ ਹਮਲੇ ਦੀ ਲਗਾਤਾਰਤਾ ਸਿੱਖ ਕੌਮ ਤੇ ਹਾਵੀ ਹੋਈ ਪਈ ਸੀ ਉਸ ਹਾਲਤ ਵਿੱਚ ਅਜਮੇਰ ਸਿੰਘ ਦਾ ਇਤਿਹਾਸਕਾਰੀ ਦਾ ਕਾਰਜ ਇੱਕ ਬਹੁਤ ਦਲੇਰਰਾਨਾ ਤੇ ਮਾਅਰਕੇ ਵਾਲਾ ਕਾਰਜ ਸੀ। ਉਨਾਂ ਦੀ ਪਹਿਲੀ ਕਿਤਾਬ ਨੇ ਹੀ ਖਾਲਸਾ ਪੰਥ ਨੂੰ ਸੰਤ ਜਰਨੈਲ ਸਿੰਘ ਦੀ ਸ਼ਖਸ਼ੀਅਤ ਤੇ ਉਸਦੀ ਖਾਲਸਈ ਇਤਿਹਾਸ ਵਿੱਚ ਥਾਂ ਬਾਰੇ ਦਰਸਾਇਆ। ਸਿੱਖ ਇਤਿਹਾਸਕਾਰੀ ਵਿੱਚ ਸੰਤ ਜਰਨੈਲ ਸਿੰਘ ਦੀ ਸਤਿਕਾਰਤ ਥਾਂ ਨੂੰ ਉਨਾਂ ਦੇ ਕਾਰਜ ਨੇ ਹੀ ਨਿਸਚਿਤ ਕੀਤਾ। ਸਿਰਫ ਸੰਤ ਜੀ ਦੀ ਸ਼ਖਸ਼ੀਅਤ ਨੂੰ ਹੀ ਨਹੀ ਬਲਕਿ ਖਾਲਸਾ ਲਹਿਰ ਨੂੰ ਵੀ ਵਿਚਾਰਧਾਰਕ ਤੌਰ ਤੇ ਪਰਵਾਨਤ ਰੁਖ ਮੁਹੱਈਆ ਕਰਵਾਇਆ। ਆਪਾਂ ਸਾਰੇ ਜੋ ਉਸ ਵੇਲੇ ਮਾਰੇ ਮਾਰੇ ਫਿਰ ਰਹੇ ਸੀ ਕਿਸੇ ਠੁੰਮਣੇ ਦੀ ਭਾਲ ਵਿੱਚ, ਉਨਾਂ ਨੂੰ ਅਹਿਸਾਸ ਹੋਇਆ ਕਿ ਲਹਿਰ ਨੂੰ ਕਿਸੇ ਦਿਸ਼ਾ ਵਿੱਚ ਜਸਟੀਫਾਈ ਕੀਤਾ ਜਾ ਸਕਦਾ ਹੈ।

ਕਿਸ ਬਿਧ ਰੁਲੀ ਪਾਤਸ਼ਾਹੀ ਨੇ ਸਿੱਖ ਇਤਿਹਾਸਕਾਰੀ ਵਿੱਚ ਨਵੇਂ ਮੀਲ ਪੱਥਰ ਗੱਡੇ। ਪਹਿਲੀ ਕਿਤਾਬ ਜੇ ਕੇਂਦਰੀ ਨੁਕਤੇ ਪੱਖੋਂ ਰਾਜਸੀ ਸੀ ਤਾਂ ਦੂਜੀ ਕਿਤਾਬ ਨੇ ਅਜਮੇਰ ਸਿੰਘ ਦੀ ਇਤਿਹਾਸਕਾਰੀ ਨੂੰ ਸਿਧਾਂਤਕ ਪੱਖੋਂ ਹੋਰ ਪ੍ਰੌੜਤਾ ਬਖ਼ਸ਼ੀ। ਇਸੇ ਲੜੀ ਵਿੱਚ ਬਾਕੀ ਕਿਤਾਬਾਂ ਨੇ ਸਾਨੂੰ ਹਾਲਾਤ ਨੂੰ ਸਮਝਣ ਲਈ ਕੁਝ ਨਵੇਂ ਰਾਹ ਦਿਖਾਏ। ਭਾਈ ਅਜਮੇਰ ਸਿੰਘ ਨੇ ਆਪਣੇ ਵਿੱਤ ਮੁਤਾਬਕ ਸਰਦੀ ਬਣਦੀ ਭੂਮਿਕਾ ਨਿਭਾ ਦਿੱਤੀ ਹੈ। ਹੁਣ ਸੁਆਲਾਂ ਦਾ ਸੁਆਲ ਇਹ ਹੈ ਕਿ ਕੀ 1947 ਤੋਂ ਬਾਅਦ ਦੀ ਸਿੱਖ ਤੜਪ ਅਤੇ ਸਿਆਸੀ ਰੀਝ ਨੂੰ ਸਮਝਣ ਲਈ ਸਿਰਫ ਦੋ-ਤਿੰਨ ਕਿਤਾਬਾਂ ਹੀ ਕਾਫੀ ਹਨ ? ਏਨੀ ਵੱਡੀ ਲਹੂ-ਵੀਟਵੀਂ ਲੜਾਈ ਜਿਸ ਵਿੱਚ ਖਾਲਸਾ ਪੰਥ ਨੇ ਆਪਣੇ ਕਿਰਦਾਰ ਦੀ ਬੁਲੰਦੀ ਤੇ ਬਹਾਦਰੀ ਦੀ ਗਾਥਾ ਲਿਖੀ ਹੋਵੇਂ ਨੂੰ ਕੀ ਸਿਰਫ ਦੋ-ਤਿੰਨ ਕਿਤਾਬਾਂ ਨਾਲ ਹੀ ਸਮਝਿਆ ਜਾ ਸਕਦਾ ਹੈ ?

ਸਾਡੀ ਜਿੰਮੇਵਾਰੀ ਕੀ ਹੈ ? ਹਾਲੇ ਤੱਕ ਲਹਿਰ ਬਾਰੇ ਕੋਈ ਵੀ ਗਹਿਰ ਗੰਭੀਰ ਨਾਵਲ ਨਹੀ ਆਇਆ, ਕੋਈ ਸਿਰਜਣਾਂ ਭਰਪੂਰ ਕਵਿਤਾ ਨਹੀ। ਬਲਵਿੰਦਰ ਕੌਰ ਬਰਾੜ ਦੀਆਂ



ਕਹਾਣੀਆਂ ਤੋਂ ਬਾਅਦ ਲਹਿਰ ਦੀ ਕਹਾਣੀ ਪਰੰਪਰਾ ਵੀ ਖਤਮ। ਜਿਸ ਲਹਿਰ ਬਾਰੇ ਹੁਣ ਤੱਕ ਉੱਚ ਪਾਏ ਦੀਆਂ ਹਜਾਰਾਂ ਕਿਤਾਬਾਂ ਛਪਣੀਆਂ ਚਾਹੀਦੀਆਂ ਸਨ ਤੇ ਕਈ ਮੈਗਜ਼ੀਨ ਉਸ ਲਹਿਰ ਦੇ ਸਿਧਾਂਤਕ ਪੱਖਾਂ ਦੀ ਖੋਜ ਕਰਨ ਲਈ ਸਾਹਮਣੇ ਆਉਣੇ ਚਾਹੀਦੇ ਸਨ, ਉਹ ਲਹਿਰ ਹਾਲੇ ਵੀ 4-5 ਕਿਤਾਬਾਂ ਤੋਂ ਅੱਗੇ ਨਹੀ ਵਧੀ। ਅਸੀਂ ਜਿਨਾਂ ਨੇ ਅਜਮੇਰ ਸਿੰਘ ਵੱਲੋਂ ਜਗਾਈ ਮਸ਼ਾਲ ਨੂੰ ਚੁੱਕ ਕੇ ਅੱਗੇ ਭੱਜਣਾਂ ਸੀ ਉਹ ਮਾੜੀ ਮੋਟੀ ਜਗਦੀ ਮਸ਼ਾਲ ਨੂੰ ਹੀ ਤੋੜਣ ਵੱਲ ਰੁਚਿਤ ਹੋ ਗਏ ਹਾਂ।

ਜਿਹੜੇ ਮੇਰੇ ਵੀਰ ਸੁਆਲ ਉਠਾ ਰਹੇ ਹਨ, ਵਾਹਿਗੁਰੂ ਨੇ ਉਨਾਂ ਨੂੰ ਦੁਨੀਆਂ ਦੀਆਂ ਸਭ ਤੋਂ ਸ਼ਰੇਸ਼ਟ ਯੂਨੀਵਰਸਿਟੀਆਂ ਵਿੱਚ ਸਿਖਿਆ ਲੈਣ ਦਾ ਮਾਣ ਬਖਸ਼ਿਆ ਸੀ। ਉੱਥੇ ਵਿਦਿਅਕ ਸਾਧਨਾਂ ਤੇ ਸਰੋਤਾਂ ਦੀ ਕੋਈ ਕਮੀ ਨਹੀ ਹੈ। ਇੱਕ ਵਾਰ ਉਨਾਂ ਯੂਨੀਵਰਸਿਟੀਆਂ ਵਿੱਚ ਵੜਿਆ ਬੰਦਾ ਮੁੜਕੇ ਕਿਸੇ ਕੌਮ ਦਾ ਸ਼ਾਹਕਾਰ ਬਣਕੇ ਨਿਕਲਦਾ ਹੈ। ਪਰ ਸਾਡੀ ਬਦਕਿਸਮਤੀ ਕਿ ਅਸੀਂ ਕੋਈ ਸ਼ਾਹਕਾਰ ਨਹੀ ਸਿਰਜ ਸਕੇ। ਸਿਰਫ ਗਾਲੀ ਗਲੋਚ ਕਰਨ ਜੋਗੇ ਰਹਿ ਗਏ ਹਾਂ। ਇਸ ਤਰਾਂ ਲਗਦਾ ਹੈ ਕਿ ਅਸੀਂ ਦਹਾਕਿਆਂ ਤੱਕ ਕੋਈ ਸਿਰਜਣਾ ਨਹੀ ਕਰ ਸਕਾਂਗੇ। ਜਦੋਂ ਦੁਸ਼ਮਣ ਸਾਡੇ ਦਰਵਾਜ਼ੇ ਤੇ ਖੜਾ ਲਲਕਾਰ ਰਿਹਾ ਹੈ ਉਸ ਵੇਲੇ ਅਸੀਂ ਆਪਣੀ ਮਸ਼ਾਲ ਬੁਝਾਉਣ ਲਈ ਯਤਨਸ਼ੀਲ ਹਾਂ।

ਦੁਨੀਆਂ ਦਾ ਕੋਈ ਵੀ ਸਿਧਾਂਤਕਾਰ ਜਾਂ ਇਤਿਹਾਸਕਾਰ ਪੂਰਾ ਨਹੀ ਹੁੰਦਾ। ਉਸਦੀ ਆਪਣੀ ਸੀਮਾ ਹੁੰਦੀ ਹੈ। ਜਾਹਨ ਆਰਮਸਟਰਾਂਗ ਦੀ ਇੱਕ ਕਿਤਾਬ ਹੈ - ਨੇਸ਼ਨ ਬਿਫੋਰ ਨੈਸ਼ਨਲਇਜ਼ਮ ਬਹੁਤ ਉੱਚ ਪਾਏ ਦੀ ਕਿਤਾਬ ਹੈ, ਕੌਮਾਂ ਦੀ ਉਤਪਤੀ ਅਤੇ ਵਿਕਾਸ ਬਾਰੇ। ਪਰੋਫੈਸਰ ਐਂਥਨੀ ਸਮਿੱਥ ਆਖਦਾ ਹੈ ਕਿ ਉਸ ਕਿਤਾਬ ਨੇ ਮੇਰੇ ਮਨ ਦੇ ਕਪਾਟ ਖੋਲ ਦਿੱਤੇ ਹਨ। ਉਹ ਵਾਰ ਵਾਰ ਜੌਹਨ ਆਰਮਸਟਰਾਂਗ ਦਾ ਧੰਨਵਾਦ ਕਰਦਾ ਨਹੀ ਥੱਕਦਾ। ਪਰ ਐਡਰੇਅਨ ਹੇਸਟਿੰਗਜ਼ ਆਪਣੀ ਕਿਤਾਬ 'The Construction of Nationhood' ਵਿੱਚ ਆਖਦਾ ਹੈ ਕਿ ਆਰਮਸਟਰਾਂਗ ਦੀ ਕਿਤਾਬ ਇੱਕ ਭੰਬਲਭੂਸੇ ਤੋਂ ਵੱਧ ਕੁਝ ਨਹੀ ਹੈ। ਇਤਿਹਾਸਕਾਰੀ ਵਿੱਚ ਵੱਖਰੇ ਵਿਚਾਰਾਂ ਦਾ ਹੋਣਾਂ ਮਾੜੀ ਗੱਲ ਨਹੀ ਹੈ। ਇਹ ਇਤਿਹਾਸਕਾਰੀ ਦਾ ਪਹਿਲਾ ਗੁਣ ਹੈ। ਐਂਥਨੀ ਸਮਿੱਥ, ਅਜ਼ਰ ਗੈਟ, ਵਾਕਰ ਕੋਨਰ, ਐਡਰੇਅਨ ਹੇਸਟਿੰਗਜ਼ ਤੇ ਫਰੈਡਰਿਕ ਹਰਟਜ਼ ਵਰਗੇ ਵਿਦਵਾਨਾਂ ਨੇ ਜਾਹਨ ਬਰੀਊਲੇ, ਹਾਬਸਬਾਮ, ਪਾਲ ਬਰਾਸ ਅਤੇ ਐਡਵਰਡ ਸਈਅਦ ਵਰਗੇ ਵਿਦਵਾਨਾਂ ਦੇ ਕੌਮੀਅਤਾਂ ਬਾਰੇ ਵਿਚਾਰਾਂ ਨੂੰ ਸਿਧਾਂਤਕ ਤੌਰ ਤੇ ਰੱਦ ਕੀਤਾ ਹੈ। ਪਰ ਇਤਿਹਾਸ ਦੇ ਵਿਦਿਆਰਥੀ ਦੋਵਾਂ ਪਾਸਿਆਂ ਦੀਆਂ ਕਿਤਾਬਾਂ ਪੜਦੇ ਹਨ ਤੇ ਆਪਣੇ ਅਨੁਸਾਰ ਸਿੱਟੇ ਕੱਢਦੇ ਹਨ। ਕਿਸੇ ਵਿਦਵਾਨ ਦੀ ਇਤਿਹਾਸਕਾਰੀ ਨਾਲ ਸਹਿਮਤ ਨਾ ਹੋਣ ਦਾ ਮਤਲਬ ਇਹ ਨਹੀ ਕਿ ਤੁਸੀਂ ਉਸਦੀ ਕਿਰਦਾਰਕੁਸ਼ੀ ਉੱਤੇ ਉਤਰ ਆਓ। ਉਸ ਤੋਂ ਵੱਖਰਾ ਅਤੇ ਉਸਤੋਂ ਉਤਮ ਸਾਹਿਤ ਰਚੋ। ਆਪਣੇ ਵਿਚਾਰਧਾਰਕ ਪਹਿਲੂ ਕਿਸੇ ਵੱਡੇ ਸੰਵਾਦ ਦੇ ਪਰਿਪੇਖ ਤੋਂ ਸਾਹਮਣੇ ਲਿਆਓ, ਪਰ ਗਾਲੀ ਗਲੋਚ ਨਾ ਕਰੋ।

ਅਸੀਂ ਨਿੱਜੀ ਤੌਰ ਤੇ ਅਜਮੇਰ ਸਿੰਘ ਦੇ ਨੇਸ਼ਨ ਸਟੇਟ ਬਾਰੇ ਵਿਚਾਰਾਂ ਦੇ ਹਮਾਇਤੀ ਨਹੀ ਹਾਂ। ਪਰ ਅਸੀਂ ਉਸਦੀ ਕਿਰਦਾਰਕੁਸ਼ੀ ਨਹੀ ਕਰਦੇ। ਲਗਾਤਾਰ ਪੜ ਰਹੇ ਹਾਂ। ਜਦੋਂ ਅਸੀਂ ਕਿਸੇ ਸਪਸ਼ਟ ਨਤੀਜੇ ਉੱਤੇ ਪਹੁੰਚ ਗਏ ਤਾਂ ਕੁਝ ਲਿਖ ਦੇਵਾਂਗੇ। ਇਹ ਵੀ ਹੋ ਸਕਦਾ ਹੈ ਕਿ ਅਸੀਂ ਜੋ ਸੋਚ ਰਹੇ ਹਾਂ, ਭਾਈ ਅਜਮੇਰ ਸਿੰਘ ਉਸ ਤੋਂ ਬਹੁਤ ਅਗਾਂਹ ਹੋਣ ਤੇ ਉਨਾਂ ਵਾਲੀ ਸਿਧਾਂਤਕ ਪਹੁੰਚ ਸਾਡੇ ਅਧੂਰੇ ਗਿਆਨ ਦੀ ਪਕੜ ਵਿੱਚ ਨਾ ਆਈ ਹੋਵੇ। ਸਾਡਾ ਦੂਜਾ ਨੁਕਸ ਇਹ ਹੈ ਕਿ ਅਸੀਂ ਕਿਸੇ ਇਤਿਹਾਸਕਾਰ ਤੋਂ ਹੀ ਕੌਮ ਦੀ ਸਿਆਸੀ ਅਗਵਾਈ ਵੀ ਭਾਲਦੇ ਹਾਂ। ਅਸੀਂ ਇਹ ਮੰਨੀ ਬੈਠੇ ਹਾਂ ਕਿ ਅਜਮੇਰ ਸਿੰਘ ਹੀ ਸਾਰੇ ਕੰਮ ਕਰ ਸਕਦਾ ਹੈ। ਉਹ ਕਿਤਾਬਾਂ ਵੀ ਲਿਖੇ, ਥਾਂ-ਥਾਂ ਲੈਕਚਰ ਵੀ ਦੇਵੇ ਤੇ ਕੌਮ ਦੇ ਭਵਿੱਖੀ ਫੈਸਲੇ ਵੀ ਉਹ ਹੀ ਕਰੇ। ਫਿਰ ਬਾਕੀ ਕੌਮ ਕੀ ਕਰ ਰਹੀ ਹੈ ? ਏਨੀਆਂ ਵੱਡੀਆਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਕਿਉਂ ਨਹੀ ਕੌਮ ਦਾ ਭਵਿੱਖ ਸ਼ਿੰਗਾਰ ਰਹੀਆਂ।

ਭਾਈ ਅਜਮੇਰ ਸਿੰਘ ਤੋਂ ਕੌਮ ਦੇ ਸਾਰੇ ਮਸਲੇ ਹੱਲ ਕਰਵਾਉਣ ਦੀ ਸਾਡੀ ਕਮਜ਼ੋਰੀ ਹੀ ਇਹ ਸੰਕਟ ਪੈਦਾ ਕਰ ਰਹੀ ਹੈ। ਉਹ ਹੁਣ ਬਜ਼ੁਰਗ ਹੋ ਗਏ ਹਨ। ਆਪਣੇ ਵਿੱਤ ਅਨੁਸਾਰ ਉਨਾਂ ਨੇ ਆਪਣੀ ਜਿੰਮੇਵਾਰੀ ਨਿਭਾ ਦਿੱਤੀ ਹੈ। ਹੁਣ ਇਹ ਰਿਲੇਅ ਦੌੜ ਨੂੰ ਅਗਲੀ ਪੀੜੀ ਦੌੜੇ। ਇੱਕ ਪਾਸੇ ਅਸੀਂ ਉਸਦੇ ਸਿਧਾਂਤ ਨਾਲ ਸਹਿਮਤ ਨਹੀ ਦੂਜੇ ਪਾਸੇ ਅਸੀਂ ਮੰਗ ਕਰ ਰਹੇ ਹਾਂ ਕਿ ਉਹ ਆਪਣੀ ਇਤਿਹਾਸਕਾਰੀ ਵਿੱਚ ਤਬਦੀਲੀ ਕਰੇ। ਕਿਉਂ ?

ਜਦੋਂ ਅਸੀਂ ਇਹ ਮੰਗ ਕਰਦੇ ਹਾਂ ਕਿ ਉਹ ਆਪਣੀ ਸਿਆਸੀ ਲੀਹ ਬਦਲੇ ਤਾਂ ਸਪਸ਼ਟ ਹੈ ਕਿ ਅਸੀਂ ਉਸ ਨੂੰ ਹੀ ਆਗੂ ਅਤੇ ਇਤਿਹਾਸਕਾਰ ਮੰਨਦੇ ਹਾਂ ਅਤੇ ਸਾਡੇ ਆਪਣੇ ਵਿੱਚ ਕੁਝ ਕਰਨ ਦੀ ਸਮਰਥਾ ਹੀ ਨਹੀ ਹੈ। ਘਬਰਾਓ ਨਾ ਇਹੋ ਜਿਹੇ ਸੰਕਟ ਸਿਰਫ ਸਾਡੀ ਲਹਿਰ ਵਿੱਚ ਹੀ ਨਹੀ ਆਏ, ਬਲਕਿ ਸਾਰੀਆਂ ਲਹਿਰਾਂ ਵਿੱਚ ਆਏ ਹਨ। ਪਰ ਅਫਸੋਸ ਹੈ ਕਿ ਅਸੀਂ ਬਾਕੀਆਂ ਤੋਂ ਨਿਆਰੇ ਹਾਂ। ਸਾਡੀ ਲਹਿਰ ਵਿੱਚ ਇਹ ਸੰਕਟ ਨਹੀ ਸੀ ਆਉਣੇ ਚਾਹੀਦੇ। ਅਸੀਂ ਸੰਸਾਰ ਦੇ ਇਤਿਹਾਸ ਵਿੱਚ ਰੂਸ ਦੇ ਕਮਿਊਨਿਸਟ ਇਨਕਲਾਬ ਨੂੰ ਸਭ ਤੋਂ ਜਾਨਦਾਰ ਅਤੇ ਮਜਬੂਤ ਮੰਨਦੇ ਹਾਂ। ਕਮਿਊਨਿਸਟ ਇਨਕਲਾਬ ਵਿੱਚ ਇਹ ਸਭ ਕੁਝ ਜੋ ਅੱਜ ਸਾਡੇ ਸਾਹਮਣੇ ਆ ਰਿਹਾ ਹੈ- ਇਸੇ ਤਰਾਂ ਹੀ ਵਾਪਰਿਆ। ਆਪਣੇ ਸਮੇਂ ਦੀ ਮਹਾਨ ਸ਼ੋਸ਼ਲਿਸਟ ਬੀਬਾ ਰੋਜ਼ਾ ਲਕਸ਼ਮਬਰਗ ਨੇ ਬਿਲਕੁਲ ਇਸੇ ਤਰਾਂ ਦੇ ਸੁਆਲ ਲੈਨਿਨ ਦੀ ਅਗਵਾਈ ਹੇਠਲੇ ਬਾਲਸ਼ਵਿੱਕ ਇਨਕਲਾਬ ਦੇ ਮੋਹਰੀਆਂ ਨੂੰ ਉਠਾਏ ਸਨ। ਰੋਜ਼ਾ ਲਕਸ਼ਮਬਰਗ ਨਾ ਕੇਵਲ ਇੱਕ ਇਮਾਨਦਾਰ ਸ਼ੋਸ਼ਲਿਸਟ ਸੀ ਬਲਕਿ ਉੱਚ ਕੋਟੀ ਦੀ ਅਰਥ ਸ਼ਾਸ਼ਤਰੀ ਰਾਜਨੀਤਿਕ ਸੀ। ਉਸ ਨੇ ਦਰਜਨਾਂ ਕਿਤਾਬਾਂ ਰਾਹੀਂ ਲੈਨਿਨ ਨੂੰ ਆਖਿਆ ਸੀ ਕਿ ਤੁਹਾਡੀ ਆਰਥਕ ਨੀਤੀ ਵੀ ਖਤਰਨਾਕ ਹੈ ਤੇ ਸਿਆਸੀ ਨੀਤੀ ਵੀ। ਉਸ ਨੇ ਆਖਿਆ ਕਿ, ਲੈਨਿਨ ਦੀ ਅਗਵਾਈ ਹੇਠਲਾ ਟੋਲਾ ਸਿਰਫ ਸੱਤਾ ਦਾ ਭੁੱਖਾ ਹੈ। ਉਹ ਹਰ ਹੀਲੇ ਸੱਤਾ ਹਥਿਆਉਣੀ ਚਾਹੁੰਦੇ ਹਨ। ਬੀਬੀ ਲਕਸ਼ਮਬਰਗ ਨੇ ਨਾ ਕੇਵਲ ਬਾਲਸ਼ਵਿੱਕਾਂ ਦੀ ਸੱਤਾ ਦੀ ਭੁੱਖ ਨੂੰ ਵਕਤ ਤੋਂ ਪਹਿਲਾਂ ਉਜਾਗਰ ਕਰ ਦਿੱਤਾ ਸੀ ਬਲਕਿ, ਸਟਾਲਿਨ ਵੱਲੋਂ ਕੀਤੇ ਜਾਣ ਵਾਲੇ ਕਤਲਾਂ ਬਾਰੇ ਵੀ ਆਪਣੇ ਵਿਚਾਰਾਂ ਵਿੱਚ ਸ਼ੱਕ ਪ੍ਰਗਟਾ ਦਿੱਤੇ ਸਨ। ਇੱਥੇ ਹੀ ਬੱਸ ਨਹੀ । ਘੱਟ-ਗਿਣਤੀਆਂ ਦੇ ਸੁਆਲ ਬਾਰੇ ਲਿਖੀ ਗਈ ਆਪਣੀ ਦੁਰਲੱਭ ਕਿਤਾਬ ਵਿੱਚ ਬੀਬੀ ਲਕਸ਼ਮਬਰਗ ਨੇ ਲੈਨਿਨ ਨੂੰ ਦੱਸ ਦਿੱਤਾ ਸੀ ਕਿ ਭਵਿੱਖ ਵਿੱਚ ਤੁਹਾਡਾ ਇਨਕਲਾਬ ਖੱਖੜੀਆਂ ਹੋ ਜਾਵੇਗਾ ਕਿਉਂਕਿ ਰੂਸ ਵਿੱਚ ਘੱਟ-ਗਿਣਤੀਆਂ ਦੇ ਸੁਆਲ ਨੂੰ ਕਮਿਊਨਿਸਟ ਸੰਬੋਧਨ ਨਹੀ ਹੋ ਰਹੇ। 1989 ਤੋਂ 1991 ਤੱਕ ਪੂਰਬੀ ਯੂਰਪ ਅਤੇ ਰੂਸ ਦਾ ਜੋ ਹਾਲ ਹੋਇਆ ਉਹ ਬੀਬੀ ਰੋਜ਼ਾ ਲਕਸ਼ਮਬਰਗ ਦੀਆਂ ਪੇਸ਼ਨੀਗੋਈਆਂ ਅਨੁਸਾਰ ਹੀ ਹੋਇਆ। ਹਾਲਾਤ ਦੀ ਸਿਤਮਜ਼ਰੀਫੀ ਦੇਖੋ ਕਿ ਉਸ ਮਹਾਨ ਸ਼ੋਸ਼ਲਿਸਟ ਅਤੇ ਅਸਲ ਇਨਕਲਾਬੀ ਬੀਬੀ ਨੂੰ ਆਪਣੇ ਇਮਾਨਦਾਰ ਵਿਚਾਰਾਂ ਕਾਰਨ ਪਹਿਲਾਂ ਜੇਲ ਵਿੱਚ ਸੁੱਟ ਦਿੱਤਾ ਗਿਆ ਅਤੇ ਫਿਰ ਮਹਾਨ ਇਨਕਲਾਬੀਆਂ ਵੱਲੋਂ ਕਤਲ ਕਰ ਦਿੱਤਾ ਗਿਆ। ਆਪਣੀ ਜਾਨ ਦੇ ਕੇ ਵੀ ਉਸਨੇ ਇਨਕਲਾਬ ਦੀ ਸੁੱਚੀ ਭਾਵਨਾ ਨੂੰ ਪਿੱਠ ਨਹੀ ਦਿਖਾਈ। ਜੇਲ ਵਿੱਚੋਂ ਲੈਨਿਨ ਨੂੰ ਲਿਖੀਆਂ ਚਿੱਠੀਆਂ ਬੀਬੀ ਲਕਸ਼ਮਬਰਗ ਦੀ ਇਤਿਹਾਸ, ਆਰਥਿਕਤਾ ਅਤੇ ਘੱਟ-ਗਿਣਤੀਆਂ ਬਾਰੇ ਪਹੁੰਚ ਦੀ ਬਾਤ ਪਾਉਂਦੀਆਂ ਹਨ। ਹਰ ਲਹਿਰ ਵਿੱਚ ਹਰ ਹੀਲੇ ਸੱਤਾ ਹਥਿਆਉਣ ਲਈ ਕਾਹਲੇ ਲੋਕਾਂ ਦੀਆਂ ਭੀੜਾਂ ਹੁੰਦੀਆਂ ਹਨ। ਜੋ ਸਿਧਾਂਤ ਦੀ ਗੱਲ ਨਹੀ ਸੁਣਦੀਆਂ। ਕਈ ਵਾਰ ਹੱਥਾਂ ਨਾਲ ਦਿੱਤੀਆਂ ਮੂੰਹ ਨਾਲ ਖੋਹਲਣੀਆਂ ਪੈਂਦੀਆਂ ਹਨ। ਸਾਰੇ ਵੀਰਾਂ ਨੂੰ ਬੇਨਤੀ ਹੈ ਕਿ ਆਓ-ਸਿਰ ਜੋੜ ਕੇ ਬੈਠੀਏ। ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਲੈ ਕੇ ਭਾਈ ਅਜਮੇਰ ਸਿੰਘ ਤੋਂ ਅਧੂਰੇ ਰਹਿ ਗਏ ਕਾਰਜ ਨੂੰ ਅੱਗੇ ਵਧਾਈਏ। ਇਸ ਵਿੱਚ ਬਹੁਤ ਸਾਰੇ ਵਿਚਾਰ ਸਾਹਮਣੇ ਆਉਣਗੇ। ਪਰ ਵਿਚਾਰਾਂ ਦੇ ਮਿਆਰ ਅਤੇ ਭਾਸ਼ਾ ਦੀ ਸੁੱਚਤਾ ਨਾ ਵਿਸਾਰੀਏ। ਗੁਰੂ ਮਹਾਰਾਜ ਹਰ ਮੈਦਾਨ ਫਤਹਿ ਬਖਸ਼ਣਗੇ।




# ਪੰਜਾਬ ਰੇਗਿਸਤਾਨ ਬਣਨ ਵੱਲ ਨੂੰ ?



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਅਮਰੀਕਾ ਵਰਗਾ ਮੁਲਕ ਵੀ ਆਪਣੀ ਧਰਤੀ ਹੇਠਲਾ 65 ਫੀਸਦੀ ਪਾਣੀ ਖੇਤੀ ਲਈ ਵਰਤ ਰਿਹਾ ਹੈ। ਬਾਕੀ ਮੁਰਗੀ ਪਾਲਣ ਜਾਂ ਹੋਰ ਪੰਛੀਆਂ ਨੂੰ ਪਾਲਣ ਲਈ ਵਰਤਿਆ ਜਾ ਰਿਹਾ ਹੈ।

ਧਰਤੀ ਹੇਠਲੇ ਪਾਣੀ ਵਿਚ ਕੀਟਨਾਸ਼ਕ, ਗੈਸ, ਤੇਲ, ਸੈਪਟਿਕ ਟੈਂਕ ਤੇ ਫੈਕਟਰੀਆਂ ਵਿੱਚੋਂ ਨਿਕਲਦੀ ਗੰਦਗੀ ਰਲਦੀ ਜਾ ਰਹੀ ਹੈ ਜੋ ਪੀਣ ਯੋਗ ਪਾਣੀ ਨੂੰ ਪਲੀਤ ਕਰ ਚੁੱਕੀ ਹੈ। ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਹਵਾ ਵਿਚਲੀ ਗੰਦਗੀ ਵੀ ਹੌਲੀ-ਹੌਲੀ ਹੇਠਾਂ ਆਉਂਦੀ ਜ਼ਮੀਨ ਥੱਲੇ ਪਹੁੰਚ ਜਾਂਦੀ ਹੈ।

ਜ਼ਮੀਨ ਹੇਠਲਾ ਪਾਣੀ ਵਾਤਾਵਰਣ ਵਿਚਲੀਆਂ ਤਬਦੀਲੀਆਂ ਉੱਤੇ ਵੀ ਅਸਰ ਪਾਉਂਦਾ ਹੈ। ਇਸੇ ਮੌਸਮ ਵਿਚ ਤਬਦੀਲੀ ਸਦਕਾ ਹੀ ਬਰਸਾਤ ਦੇ ਮੌਸਮ ਦਾ ਵਾਧਾ ਘਾਟਾ ਵੀ ਵੇਖਣ ਵਿਚ ਆ ਰਿਹਾ ਹੈ। ਉਸੇ ਆਧਾਰ ਉੱਤੇ ਗਰਮੀ ਵਿਚ ਵਾਧਾ ਅਤੇ ਨਦੀਆਂ ਵਿਚਲੇ ਪਾਣੀ ਦੀ ਘਾਟ ਦਿੱਸਣ ਲੱਗ ਪਈ ਹੈ।

ਕਿਸੇ ਪਾਸੇ ਹੜ ਤੇ ਕਿਤੇ ਮਿੱਟੀ ਵਿਚਲੀ ਨਮੀ ਦੀ ਕਮੀ ਸਦਕਾ ਘੱਟ ਫਸਲ ਦਾ ਉੱਗਣਾ ਵੇਖਣ ਨੂੰ ਮਿਲ ਰਿਹਾ ਹੈ।

ਪਹਾੜਾਂ ਦਾ ਸਰਕਣਾ ਤੇ ਜ਼ਮੀਨ ਦਾ ਧੱਸਣਾ ਵੀ ਧਰਤੀ ਹੇਠਲੇ ਪਾਣੀ ਦੀ ਕਮੀ ਸਦਕਾ ਹੋ ਰਿਹਾ ਹੈ।

ਇਹ ਵੀ ਸਪਸ਼ਟ ਹੋ ਚੁੱਕਿਆ ਹੈ ਕਿ ਅਨੇਕ ਤਰਾਂ ਦੀ ਵਨਸਪਤੀ ਪਾਣੀ ਦੀ ਕਮੀ ਸਦਕਾ ਧਰਤੀ ਤੋਂ ਲੋਪ ਹੋ ਚੁੱਕੀ ਹੈ। ਪੂਰੀ ਧਰਤੀ ਦੀ 40 ਫੀਸਦੀ ਫਸਲ ਸਿਰਫ਼ ਧਰਤੀ ਹੇਠਲੇ ਪਾਣੀ ਉੱਤੇ ਆਧਾਰਿਤ ਹੈ ਜਿਸ ਦੀ ਵਿਸ਼ਵ ਪੱਧਰ ਉੱਤੇ ਕਮੀ ਵੇਖਣ ਨੂੰ ਮਿਲ ਰਹੀ ਹੈ।

ਕੁਦਰਤੀ 'ਵਾਟਰ ਸਾਈਕਲ' ਵਿਚ ਗੜਬੜੀ ਵੀ ਧਰਤੀ ਹੇਠਲੇ ਪਾਣੀ ਦੀ ਕਮੀ ਸਦਕਾ ਹੈ ਜਿਸ ਨਾਲ ਕੁਦਰਤੀ ਪਾਣੀ ਸਮੁੰਦਰਾਂ ਵਿਚ ਰਲਣ ਲੱਗ ਪਿਆ ਹੈ।

ਭਾਰਤ, ਚੀਨ ਅਤੇ ਅਮਰੀਕਾ ਵਿਚ ਪਾਣੀ ਦੀ ਕਮੀ ਜ਼ਿਆਦਾ ਚਿੰਤਾ ਦਾ ਕਾਰਨ ਇਸ ਲਈ ਬਣ ਰਹੀ ਹੈ ਕਿਉਂਕਿ ਦੁਨੀਆ ਦੀ ਲਗਭਗ ਅੱਧੀ ਆਬਾਦੀ ਇਨਾਂ ਮੁਲਕਾਂ ਵਿਚ ਹੀ ਹੈ। ਇਨਾਂ ਥਾਵਾਂ ਵਿਚ ਧਰਤੀ ਹੇਠਲੇ ਪਾਣੀ ਦੇ ਸ੍ਰੋਤ, ਜਿਨਾਂ ਨੂੰ 'ਐਕਿਊਫਾਇਰ' ਕਹਿੰਦੇ ਹਨ, ਘੱਟ ਚੁੱਕੇ ਹਨ।

ਨੈਸ਼ਨਲ ਜੁਗਰਾਫਿਕ ਟੀ.ਵੀ. ਚੈਨਲ ਅਨੁਸਾਰ ਭਾਰਤ, ਪਾਕਿਸਤਾਨ, ਦੱਖਣੀ ਯੂਰਪ ਤੇ ਪੱਛਮੀ ਅਮਰੀਕਾ ਵਿੱਚ ਅਗਲੀ ਸਦੀ ਦੇ ਅੱਧ ਤਕ ਇਕ ਖਰਬ 80 ਕਰੋੜ ਲੋਕ ਪਾਣੀ ਦੀ ਕਮੀ ਖੁਣੋਂ ਮੌਤ ਦੇ ਮੂੰਹ ਵਿਚ ਜਾਣਗੇ। ਇਸ ਦੇ ਨਾਲ ਹੀ ਇਰਾਨ ਤੇ ਮੈਕਸੀਕੋ ਦੇ ਅਣਗਿਣਤ ਲੋਕ ਫ਼ਨਾਹ ਹੋ ਜਾਣਗੇ। ਅਨੇਕ ਜਾਨਵਰ ਹੁਣ ਵੀ ਲੁਪਤ ਹੋ ਚੁੱਕੇ ਹਨ ਅਤੇ ਬੇਅੰਤ ਹੋਰ ਬੇਮੌਤ ਮਾਰੇ ਜਾਣਗੇ।

ਖੋਜ ਅਨੁਸਾਰ ਸੰਨ 2030 ਵਿਚ ਕੈਲੀਫੋਰਨੀਆ ਦੇ ਅਨੇਕ ਫਾਰਮ ਪਾਣੀ ਤੋਂ ਸੱਖਣੇ ਹੋ ਜਾਣ ਵਾਲੇ ਹਨ। ਇਸੇ ਲਈ 'ਡਰਿੱਪ ਇਰੀਗੇਸ਼ਨ' ਅਤੇ 'ਸਪਰਿੰਕਲਰ ਸਿਸਟਮ' ਉੱਤੇ ਵਾਧੂ ਜ਼ੋਰ ਪਾਇਆ ਜਾਣ ਲੱਗ ਪਿਆ ਹੈ। ਉਸੇ ਖੋਜ ਅਨੁਸਾਰ ਭਾਰਤ, ਸਪੇਨ ਤੇ ਇਟਲੀ ਵਿਚ ਸੰਨ 2040 ਤੋਂ ਸੰਨ 2060 ਤੱਕ ਪਹੁੰਚਦਿਆਂ ਪਾਣੀ ਮਿਲਣਾ ਬੰਦ ਹੋ ਜਾਣਾ ਹੈ। ਓਕਲਾਹੋਮੋ, ਟੈਕਸਾਸ ਤੇ ਮੈਕਸੀਕੋ ਵਿਚ 2050 ਤੋਂ ਸੰਨ 2070 ਤੱਕ ਹੌਲੀ-ਹੌਲੀ ਧਰਤੀ ਹੇਠਲਾ ਪਾਣੀ ਉੱਕਾ ਹੀ ਖ਼ਤਮ ਹੋ ਜਾਵੇਗਾ।

ਸੰਨ 1960 ਤੋਂ ਲਗਾਤਾਰ ਧਰਤੀ ਹੇਠੋਂ ਪਾਣੀ ਖਿੱਚਦੇ ਰਹਿਣ ਕਾਰਨ ਮਿਸ਼ੀਗਨ ਲੇਕ ਭਰਨ ਜਿੰਨਾ ਪਾਣੀ ਅਸੀਂ ਧਰਤੀ ਹੇਠੋਂ ਕੱਢ ਚੁੱਕੇ ਹਾਂ।

ਸੰਨ 2015 ਵਿਚ ਸੈਟੇਲਾਈਟ ਰਾਹੀਂ ਖਿੱਚੀ ਫੋਟੋ ਰਾਹੀਂ ਪਤਾ ਲੱਗਿਆ ਸੀ ਕਿ ਵਿਸ਼ਵ ਦੇ ਧਰਤੀ ਹੇਠਲੇ 37 ਐਕਿਊਫਾਇਰਾਂ ਵਿੱਚੋਂ ਅਸੀਂ 21 ਮੁਕਾ ਚੁੱਕੇ ਹਾਂ। ਪਾਣੀ ਵਿਗਿਆਨੀ ਜੇਅ ਫੈਮੀਗਲੇਟੀ, ਜੋ ਨਾਸਾ ਜੈੱਟ ਪ੍ਰੋਪੱਲਸ਼ਨ ਲੈਬਾਰਟਰੀ ਵਿਚ ਕੰਮ ਕਰਦਾ ਹੈ, ਨੇ ਸਪਸ਼ਟ ਕੀਤਾ ਹੈ ਕਿ ਧਰਤੀ ਹੇਠਲਾ ਪਾਣੀ ਖਿੱਚਣ ਵਾਸਤੇ ਵਾਧੂ ਬਿਜਲੀ ਵਰਤੀ ਜਾਣ ਲੱਗ ਪਈ ਹੈ। ਪਰ, ਜੇ ਕਿਸੇ ਥਾਂ 300 ਫੁੱਟ ਤੋਂ ਹੇਠਾਂ ਪਾਣੀ ਲਈ ਬੋਰ ਕਰਨਾ ਪੈ ਜਾਏ ਤਾਂ ਸਮਝੋ ਖ਼ਤਰਾ ਕਈ ਗੁਣਾ ਵੱਧ ਚੁੱਕਿਆ ਹੈ।

ਯੂਨੈਸਕੋ ਇੰਟਰਨੈਸ਼ਨਲ ਹਾਈਡਰੋਲੋਜੀਕਲ ਪ੍ਰੋਗਰਾਮ ਤੇ ਵਰਲਡ ਬੈਂਕ ਨੇ ਸੰਨ 2011 ਤੋਂ 2016 ਤਕ ਉਲੀਕੇ ਪ੍ਰੋਗਰਾਮਾਂ ਰਾਹੀਂ ਪੂਰੀ ਦੁਨੀਆ ਵਿਚਲੇ ਲੋਕਾਂ ਨੂੰ ਪਾਣੀ ਬਚਾਉਣ ਦਾ ਹੋਕਾ ਦਿੱਤਾ ਸੀ ਤੇ ਅਨੇਕ ਵਿਸ਼ਵ ਪੱਧਰੀ ਪ੍ਰੋਗਰਾਮਾਂ ਰਾਹੀਂ ਸਰਕਾਰਾਂ ਨੂੰ ਜਗਾਇਆ ਸੀ ਜਿਨਾਂ ਵਿਚ ਸਪਰਿੰਕਲਰ ਸਿਸਟਮ ਲਾਉਣੇ, ਪਾਣੀ ਦੀਆਂ ਮੋਟਰਾਂ ਘਟਾਉਣੀਆਂ, ਖੇਤਾਂ ਲਈ ਸੀਮਤ ਪਾਣੀ ਵਰਤਣਾ, ਉਹ ਫਸਲ ਲਗਾਉਣੀ ਜੋ ਘੱਟ ਪਾਣੀ ਮੰਗਦੀ ਹੋਵੇ, ਐਕੂਈਫਾਇਰ ਭਰਨ ਲਈ ਰੇਨ ਵਾਟਰ ਹਾਰਵੈਸਟਿੰਗ (ਮੀਂਹ ਦਾ ਪਾਣੀ ਸਾਂਭਣ ਦੇ ਜਤਨ), ਕੈਮੀਕਲਾਂ ਦੀ ਘੱਟ ਵਰਤੋਂ, ਫੈਕਟਰੀਆਂ ਦੀ ਗੰਦਗੀ ਤੇ ਮੁਰਗੀਘਰਾਂ ਦੀ ਗੰਦਗੀ ਰੋਕਣੀ, ਪਾਣੀ ਦੀ ਵਰਤੋਂ ਸੀਮਤ ਕਰਨੀ, ਕੀਟਨਾਸ਼ਕਾਂ ਦੀ ਵਰਤੋਂ ਰੋਕਣੀ, ਪਾਣੀ ਦੀ ਦੁਰਵਰਤੋਂ ਰੋਕਣੀ, ਗੁਸਲਖ਼ਾਨਿਆਂ ਵਿਚ ਪਾਣੀ ਦੀ ਘੱਟ ਵਰਤੋਂ, ਘਰ ਤੇ ਕਾਰਾਂ ਨੂੰ ਖੁੱਲੀਆਂ ਪਾਈਪਾਂ ਨਾਲ ਧੋਣਾ ਬੰਦ ਕਰਨਾ, ਹੋਟਲਾਂ ਵਿਚ ਪਾਣੀ ਦੀ ਵਰਤੋਂ ਘਟਾਉਣੀ, ਵੱਡੇ ਸਮਾਗਮਾਂ ਵਿਚ ਵਾਧੂ ਭਾਂਡੇ ਧੋਣ ਨਾਲੋਂ ਜਿੱਥੇ ਹੋ ਸਕੇ ਕਾਗਜ਼, ਪਲਾਸਟਿਕ, ਐਲਮੀਨੀਅਮ ਆਦਿ ਜਾਂ ਰੀਸਾਈਕਲ ਚੀਜ਼ਾਂ ਵਰਤੀਆਂ ਜਾਣ, ਆਦਿ।

ਕੁੱਝ ਧਿਆਨ ਦੇਣ ਯੋਗ ਗੱਲਾਂ :-

1.ਪੂਰੀ ਧਰਤੀ ਉੱਤੇ ਪੀਣ ਯੋਗ ਤਾਜ਼ਾ ਪਾਣੀ ਸਿਰਫ਼ ਤਿੰਨ ਫੀਸਦੀ ਹੈ। ਇਸ ਵਿੱਚੋਂ 69 ਫੀਸਦੀ ਗਲੇਸ਼ੀਅਰਾਂ ਵਿਚ ਕੈਦ ਹੈ ਤੇ 30 ਫੀਸਦੀ ਧਰਤੀ ਹੇਠ। ਬਾਕੀ ਉਨਾਂ ਝੀਲਾਂ, ਨਦੀਆਂ ਵਿਚ ਪਿਆ ਹੈ ਜੋ ਹਾਲੇ ਤੱਕ ਪ੍ਰਦੂਸ਼ਿਤ ਨਹੀਂ ਕੀਤੀਆਂ ਗਈਆਂ।

2.ਧਰਤੀ ਹੇਠਲਾ ਪਾਣੀ ਘਟਣ ਨਾਲ ਹਰ ਸਾਲ ਸਮੁੰਦਰੀ ਤਲ ਇੱਕ ਮਿਲੀਮੀਟਰ ਉਤਾਂਹ ਆਉਂਦਾ ਜਾ ਰਿਹਾ ਹੈ ਤੇ ਧਰਤੀ ਦਾ ਘੇਰਾ ਘਟਾ ਰਿਹਾ ਹੈ।

3.ਇਸ ਵੇਲੇ 23 ਮਿਲੀਅਨ ਕਿਊਬਿਕ ਕਿਲੋਮੀਟਰ ਧਰਤੀ ਹੇਠਲਾ ਪਾਣੀ ਵਰਤਿਆ ਜਾ ਰਿਹਾ ਹੈ।

4. ਅੱਜ ਦੇ ਦਿਨ ਦੁਨੀਆ ਦੀ 80 ਫੀਸਦੀ ਵਸੋਂ ਪਾਣੀ ਦੀ ਕਮੀ ਨਾਲ ਜੂਝ ਰਹੀ ਹੈ ਅਤੇ 50 ਫੀਸਦੀ ਵਸੋਂ ਕੋਲ ਪੀਣ ਦੇ ਪਾਣੀ ਦਾ ਸੋਮਾ ਸਿਰਫ਼ ਧਰਤੀ ਹੇਠਲਾ ਪਾਣੀ ਹੈ। ਇਹ ਤੱਥ 'ਨੇਚਰ' ਰਸਾਲੇ ਵਿਚ ਨਸ਼ਰ ਕੀਤੇ ਜਾ ਚੁੱਕੇ ਹਨ।

5.ਇਸ ਵੇਲੇ ਵਿਸ਼ਵ ਭਰ ਦੇ 40 ਫੀਸਦੀ ਖੇਤ ਧਰਤੀ ਹੇਠਲੇ ਪਾਣੀ ਉੱਤੇ ਆਸ਼ਰਿਤ ਹਨ।

6.ਸੰਨ 1960 ਤੋਂ ਹੁਣ ਤਕ ਧਰਤੀ ਹੇਠੋਂ ਪਾਣੀ ਕੱਢਣ ਵਿਚ 300 ਫੀਸਦੀ ਵਾਧਾ ਹੋ ਚੁੱਕਿਆ ਹੈ।

7.ਯੂਨੀਸੈਫ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਪੰਜਾਬ ਵਿਚ ਸੰਨ 1998 ਤੋਂ ਬਾਅਦ ਘੱਟ ਮੀਂਹ ਪੈ ਰਿਹਾ ਹੈ ਤੇ ਲਗਾਤਾਰ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਦਾ ਜਾ ਰਿਹਾ ਹੈ ਜਿਸ ਵਿੱਚੋਂ ਲਗਾਤਾਰ ਖੇਤੀ ਬਾੜੀ ਲਈ ਖਿੱਚਿਆ ਜਾ ਰਿਹਾ ਹੈ।

8.ਪੀਣ ਵਾਲੇ ਪਾਣੀ ਵਿਚ ਲਗਾਤਾਰ ਕੀਟਨਾਸ਼ਕ ਮਿਲਦੇ ਰਹਿਣ ਸਦਕਾ ਧਰਤੀ ਹੇਠਲੇ ਪਾਣੀ ਵਿਚ ਲੋੜੋਂ ਵੱਧ ਆਰਸੈਨਿਕ, ਸੀਲੀਨੀਅਮ, ਯੂਰੇਨੀਅਮ, ਸਿੱਕਾ, ਕਲੋਰਾਈਡ, ਨਾਈਟਰੇਟ, ਆਦਿ ਜਮਾਂ ਹੋ ਚੁੱਕੇ ਹਨ। ਮਾਲਵੇ ਖੇਤਰ ਵਿਚ ਇਸ ਦੇ ਮਾੜੇ ਅਸਰ ਵੱਡੀ ਪੱਧਰ ਉੱਤੇ ਦਿਸਣੇ ਸ਼ੁਰੂ ਹੋ ਚੁੱਕੇ ਹਨ।

9.ਟੂਲੂ ਪੰਪਾਂ ਅਤੇ ਖੇਤਾਂ ਲਈ ਪਾਣੀ ਖਿੱਚਣ ਵਾਸਤੇ ਵਧਦੇ ਜਾਂਦੇ ਟਿਊਬਵੈੱਲਾਂ ਨੇ ਸੰਨ 1984 ਵਿੱਚ 2.44 ਮਿਲੀਅਨ ਏਕੜ ਫੁੱਟ ਧਰਤੀ ਹੇਠਲੇ ਪਾਣੀ ਤੋਂ ਸੰਨ 2013 ਵਿਚ ਮਨਫ਼ੀ 11.68 ਮਿਲੀਅਨ ਏਕੜ ਫੁੱਟ ਤੱਕ ਪਹੁੰਚਾ ਦਿੱਤਾ ਹੈ। ਲੁਧਿਆਣਾ, ਕਪੂਰਥਲਾ, ਗੁਰਦਾਸਪੁਰ ਤੇ ਸੰਗਰੂਰ ਵਿਚ 2013 ਵਿਚ ਹੀ ਵਾਰਨਿੰਗ ਜਾਰੀ ਕਰ ਦਿੱਤੀ ਗਈ ਸੀ। ਉਦੋਂ ਟਿਊਬਵੈੱਲ ਲਈ ਕੀਤੇ ਬੋਰ 70 ਤੋਂ 128 ਫੁੱਟ ਤੱਕ ਪਹੁੰਚ ਗਏ ਸਨ ਜੋ ਹੁਣ ਕੁੱਝ ਇਲਾਕਿਆਂ ਵਿਚ 1200 ਫੁੱਟ ਤੱਕ ਕਰਨੇ ਪੈ ਰਹੇ ਹਨ।

10.ਸੰਨ 1996 ਤੋਂ 2016 ਤੱਕ ਪੰਜਾਬ ਦੀ ਧਰਤੀ ਹੇਠਲਾ ਪਾਣੀ 10 ਜ਼ਿਲਿਆਂ ਵਿਚ 7 ਮੀਟਰ ਤੋਂ 22 ਮੀਟਰ ਤਕ ਹੇਠਾਂ ਚਲਾ ਗਿਆ ਸੀ ਜੋ ਹੁਣ ਕੁੱਝ ਹਿੱਸਿਆਂ ਵਿਚ 28 ਮੀਟਰ ਤੱਕ ਜਾ ਚੁੱਕਿਆ ਹੈ।

11.ਪੰਜਾਬ ਕਦੇ ਵੀ ਝੋਨਾ ਬੀਜਣ ਵਾਲਾ ਇਲਾਕਾ ਨਹੀਂ ਸੀ ਮੰਨਿਆ ਗਿਆ। ਸੰਨ 1939 ਵਿਚ 2.37 ਲੱਖ ਹੈਕਟੇਅਰ ਵਿਚ ਝੋਨਾ ਬੀਜਿਆ ਜਾਂਦਾ ਸੀ ਜੋ 1970 ਵਿਚ 9.62 ਤੇ ਸੰਨ 1980 ਤੋਂ 2016 ਵਿਚ 72 ਫੀਸਦੀ ਹਿੱਸੇ ਵਿਚ ਬੀਜਿਆ ਜਾਣ ਲੱਗ ਪਿਆ ਹੈ। ਟਿਊਬਵੈੱਲ ਰਾਹੀਂ ਪਾਣੀ ਦੇਣ ਵਿਚ 1970 ਵਿਚ 56 ਫੀਸਦੀ ਪਾਣੀ ਵਰਤਿਆ ਜਾਂਦਾ ਸੀ ਜੋ ਸੰਨ 2015 ਵਿਚ 71 ਫੀਸਦੀ ਪਹੁੰਚ ਗਿਆ। ਕਨਾਲ ਰਾਹੀਂ ਪਾਣੀ 45 ਫੀਸਦੀ ਤੋਂ ਘਟ ਕੇ 29 ਫੀਸਦੀ ਰਹਿ ਗਿਆ ਹੈ।

12.ਪੰਜਾਬ ਵਿਚ ਇੱਕ ਕਿੱਲੋ ਚੌਲ ਉਗਾਉਣ ਲਈ 5,337 ਲਿਟਰ ਪਾਣੀ ਲੱਗਦਾ ਹੈ ਜਦਕਿ ਭਾਰਤ ਦੇ ਬਾਕੀ ਹਿੱਸਿਆਂ ਵਿਚ 3875 ਲਿਟਰ ਵਰਤਿਆ ਜਾਂਦਾ ਹੈ। ਸੰਨ 1980 ਵਿਚ ਪੂਰੇ ਪੰਜਾਬ ਦਾ 13 ਹਜ਼ਾਰ 449 ਬਿਲੀਅਨ ਲਿਟਰ ਪਾਣੀ ਝੋਨਾ ਉਗਾਉਣ ਵਿੱਚ ਲੱਗਿਆ ਜੋ ਹੁਣ 59,047 ਬਿਲੀਅਨ ਲਿਟਰ ਪਹੁੰਚ ਚੁੱਕਿਆ ਹੈ। ਇਸ ਵਾਸਤੇ ਬਿਜਲੀ ਦੀ ਖਪਤ ਦਾ ਵਾਧਾ 1,652 ਗੁਣਾ ਹੋ ਚੁੱਕਿਆ ਹੈ ਜਦ ਕਿ ਫਸਲ ਵਿਚ ਵਾਧਾ ਸਿਰਫ਼ 1.38 ਗੁਣਾ ਹੀ ਹੋਇਆ ਹੈ!

ਸਵਾਲ ਇਹ ਉੱਠਦਾ ਹੈ ਕਿ ਕੀ ਪੰਜਾਬ ਇਹ ਸਭ ਹੋਰ ਜਰ ਸਕਣ ਜੋਗਾ ਬਚਿਆ ਹੈ? ਯੂਨੀਸੈਫ ਅਨੁਸਾਰ ਤਾਂ ਪੰਜਾਬ ਰੇਗਿਸਤਾਨ ਬਣਨ ਵੱਲ ਹੈ ਤੇ ਇਸ ਦੀ ਸੱਭਿਅਤਾ ਮੋਇੰਜੋਦੜੋ ਵਾਂਗ ਸਮਾਪਤੀ ਵੱਲ ਚਾਲੇ ਪਾ ਚੁੱਕੀ ਹੈ!

ਕੋਈ ਜਾਗਦਾ ਬਚਿਆ ਹੋਵੇ ਤਾਂ ਹੋਰ ਸਭ ਚੀਜ਼ਾਂ ਦੀ ਚਿੰਤਾ ਛੱਡ ਕੇ ਸਭ ਤੋਂ ਪਹਿਲਾਂ ਝੋਨੇ ਦੀ ਫਸਲ ਦਾ ਬਦਲ ਲੱਭ ਕੇ ਪਾਣੀ ਦੇ ਨਿੱਘਰਦੇ ਜਾਂਦੇ ਪੱਧਰ ਵੱਲ ਧਿਆਨ ਕਰੇ ਅਤੇ ਟਿਊਬਵੈਲ ਲਾਉਣੇ ਬੰਦ ਕਰੀਏ। ਜੇ ਹਾਲੇ ਵੀ ਚਿੰਤਾ ਨਹੀਂ, ਤਾਂ ਸੰਨ 2040 ਵਿਚ ਪਾਣੀ ਦੀ ਘਾਟ ਪੰਜਾਬੀਆਂ ਨੂੰ ਇਹ ਧਰਤੀ ਛੱਡਣ ਉੱਤੇ ਮਜਬੂਰ ਕਰ ਦੇਵੇਗੀ। ਫੇਰ ਕੋਈ ਹੋਰ ਰਾਹ ਬਚਣਾ ਹੀ ਨਹੀਂ!

ਕੀ ਹੁਣ ਵੀ ਘਰਾਂ, ਕਾਰਾਂ ਨੂੰ ਖੁੱਲੀਆਂ ਪਾਈਪਾਂ ਨਾਲ ਧੋ ਕੇ ਗਲੀਆਂ ਵਿਚ ਪਾਣੀ ਜ਼ਾਇਆ ਕਰਨ ਵਾਲਿਆਂ, ਟੈਂਕੀ ਓਵਰਫਲੋ ਰਾਹੀਂ ਘੰਟਿਆਂ ਬੱਧੀ ਪਾਣੀ ਰੋੜਨ ਜਾਂ ਸੜਕਾਂ ਧੋਣ ਅਤੇ ਗੁਸਲਖ਼ਾਨੇ ਵਿਚ ਬੁਰਸ਼ ਕਰਨ ਲੱਗਿਆਂ ਅੱਧਾ ਘੰਟਾ ਸਿੰਕ ਵਿਚ ਅਜਾਈਂ ਪਾਣੀ ਰੋੜਨ ਵਾਲਿਆਂ ਵਿਰੁੱਧ ਆਉਣ ਵਾਲੀਆਂ ਨਸਲਾਂ ਨੂੰ ਪਾਣੀ ਦੀ ਘਾਟ ਖੁਣੋਂ ਤਿਲ-ਤਿਲ ਕਰਕੇ ਮਰਨ ਲਈ ਮਜਬੂਰ ਕਰਨ ਵਾਸਤੇ ਕਤਲ ਦਾ ਮੁਕੱਦਮਾ ਦਰਜ ਨਹੀਂ ਕਰ ਦੇਣਾ ਚਾਹੀਦਾ? ਖ਼ਿਆਲ ਰਹੇ, ਸਾਡੇ ਹੀ ਬੱਚੇ ਅਗਲੇ ਵੀਹ ਸਾਲਾਂ ਬਾਅਦ ਸਾਨੂੰ ਕੋਸਦੇ ਇੱਕ-ਇੱਕ ਬੂੰਦ ਪਾਣੀ ਨੂੰ ਤਰਸਦੇ ਮੌਤ ਦੇ ਮੂੰਹ ਵਿਚ ਜਾਣਗੇ! ਉਸ ਸਮੇਂ ਖ਼ਬਰਾਂ ਹੋਣਗੀਆਂ-ਅੱਜ ਮਾਲਵੇ 'ਚ 4200 ਮੌਤਾਂ ਪਾਣੀ ਦੀ ਕਮੀ ਕਰ ਕੇ ਹੋਈਆਂ, ਅੱਜ ਪਾਣੀ ਦਾ ਟੈਂਕਰ ਲੁੱਟ ਲਿਆ ਗਿਆ!! ਰਬ ਰਾਖਾ!



# ਸਿੱਖੀ ਵਿਚ ਸ਼ਹਾਦਤ

**- ਗੁਰਤੇਜ ਸਿੰਘ**

'ਸ਼ਹੀਦ' ਅਰਬੀ ਦਾ ਲਫ਼ਜ ਹੈ ਅਤੇ ਨਿਰਜਿੰਦ ਸ਼ਬਦ ਕੋਸ਼ਾਂ ਵਿਚ ਇਸ ਦਾ ਅਰਥ ਹੈ ਗਵਾਹੀ ਦੇਣ ਵਾਲਾ ਜਾਂ ਅਜਿਹਾ ਕਾਰਨਾਮਾ ਕਰਨ ਵਾਲਾ ਜੋ ਪ੍ਰਮਾਣ ਹੋ ਨਿੱਬੜੇ। ਸਿੱਖੀ ਵਿਚ ਇਹ ਸ਼ਬਦ ਉਸ ਅਤਿਅੰਤ ਸਚਿਆਰ ਮਹਾਂਪੁਰਖ ਵਾਸਤੇ ਵਰਤਿਆ ਜਾਂਦਾ ਹੈ, ਜੋ ਸੱਚ ਦੀ ਖਾਤਰ ਸਿਰ ਧੜ ਦੀ ਬਾਜ਼ੀ ਨਿਸੰਗ ਹੋ ਕੇ ਲਾ ਦੇਵੇ ਅਤੇ ਸੱਚ ਨੂੰ ਦੋਹਾਂ ਜਹਾਨਾਂ ਵਿਚ ਪ੍ਰਤੱਖ ਕਰਨ ਖਾਤਰ ਆਪਣੇ ਜੀਵਨ ਨੂੰ ਲੇਖੇ ਲਾ ਦੇਵੇ। ਅਰਬੀ ਦੇ ਏਸ ਲਫ਼ਜ਼ ਵਿਚ ਜੋ ਸਿੱਖੀ ਨੇ ਜਾਨ ਪਾਈ, ਉਸ ਦੇ ਨਤੀਜੇ ਵਜੋਂ, ਇਹ ਸ਼ਬਦ ਇਕ ਨਿਰਾਲੀ ਦਿਖ ਵਾਲੇ ਹੀਰੇ ਵਾਂਗ ਸਾਹਿਤ ਦੀ ਦੁਨੀਆ ਵਿਚ ਚਮਕ ਰੱਖਦਾ ਹੈ। ਸ਼ਰਧਾ ਦਾ ਭਾਵ ਏਸ ਵਿਚ ਇਸ ਹੱਦ ਤੱਕ ਘੁਲ ਮਿਲ ਗਿਆ ਹੈ ਕਿ ਸ਼ਬਦ ਸੁਣਦਿਆਂ ਸਿੱਖ ਦਾ ਸਿਰ ਆਪਣੇ ਆਪ ਸਤਿਕਾਰ ਨਾਲ ਝੁਕ ਜਾਂਦਾ ਹੈ। ਪੁਰਾਤਨ ਸਿੰਘਾਂ ਦੀ ਮਨੌਤ ਸੀ ਕਿ ਕੇਵਲ ਸ਼ਹੀਦ ਦਾ ਨਾਂ ਜ਼ੁਬਾਨ 'ਤੇ ਲਿਆਉਣ ਨਾਲ ਬੱਜਰ ਪਾਪੀ ਦੇ ਵੀ ਹਜ਼ਾਰਾਂ ਅਪਰਾਧ ਇਕ ਖਿਨ ਵਿਚ ਧੋਤੇ ਜਾਂਦੇ ਹਨ।

ਸਵਾਲ ਉਠਦਾ ਹੈ ਕਿ ਭਾਰਤ ਵਿਚ ਕਈ ਭਾਸ਼ਾਵਾਂ ਪ੍ਰਚੱਲਤ ਹਨ, ਸੰਸਕ੍ਰਿਤ ਦੇ ਪੁਜਾਰੀ ਏਸ ਦੀ ਸਰਬ-ਸਮਰੱਥਤਾ ਦੇ ਗੁਣ ਗਾਉਂਦੇ ਨਹੀਂ ਥੱਕਦੇ, ਫੇਰ ਕਿਉਂ ਸੰਸਕ੍ਰਿਤ, ਹਿੰਦੀ, ਉੜੀਆ, ਤੈਲਗੂ ਆਦਿ ਵਿਚੋਂ ਕੋਈ ਸ਼ਬਦ ਸਿੱਖੀ ਨੇ ਨਾ ਅਪਣਾਇਆ? ਜੁਆਬ ਸਪੱਸ਼ਟ ਹੈ, ਸਿੱਖੀ ਤੋਂ ਪਹਿਲਾਂ ਦੇ ਭਾਰਤੀ ਚਿੰਤਨ ਵਿਚ ਸ਼ਹੀਦੀ ਦਾ ਸੰਕਲਪ ਹੀ ਨਹੀਂ ਸੀ: ਸ਼ਹਾਦਤ ਨੂੰ ਪ੍ਰਗਟ ਕਰਨ ਲਈ ਸ਼ਬਦ ਕਿੱਥੋਂ ਹੋਣੇ ਸਨ। ਧਰਮ ਦਾ ਦੂਜਾ ਨਾਂ ਹੀ ਵਰਣ ਆਸ਼ਰਮ ਧਰਮ ਸੀ, ਜੋ ਅਨਿਆਂ ਦਾ ਕੋਹੇਤੂਰ ਸੀ। ਵੰਡੀਆਂ ਏਨੀਆਂ ਸਨ ਕਿ ਹਿੰਦੂ ਧਰਮ ਦੀ ਪਰਿਭਾਸ਼ਾ ਅਜੇ ਤੱਕ ਨਹੀਂ ਮਿਲਦੀ ; ਧਰਮ ਵਾਸਤੇ ਕੌਣ ਸਿਰ ਧੜ ਦੀ ਬਾਜ਼ੀ ਲਾਉਂਦਾ ਅਤੇ ਕਿਹੜੇ ਧਰਮ ਲਈ? ਅਜਿਹੇ ਵਾਤਾਵਰਣ ਵਿਚ ਧਰਮ, ਨਿਆਂ, ਸੱਚ ਅਤੇ ਹੱਕ ਦੇ ਮਸਲੇ ਤਾਂ ਚਰਚਾਜੋਗ ਵੀ ਨਹੀਂ ਸਨ ਬਣ ਸਕਦੇ, ਕਿਸੇ ਨੂੰ ਸ਼ਹੀਦੀ ਲਈ ਕਿਵੇਂ ਪ੍ਰੇਰਦੇ? ਮਹਿਮੂਦ ਵਰਗੇ ਧਾੜਵੀ ਕੇਵਲ ਤੀਹ ਹਜ਼ਾਰ ਦੀ ਫੌਜ ਨਾਲ ਸੋਮਨਾਥ ਦੇ ਮੰਦਿਰ ਨੂੰ ਲੁੱਟ ਸਕਦੇ ਹਨ, ਜਦਕਿ ਮੰਦਰ ਦੇ ਅਧੀਨ ਤੀਹ ਹਜ਼ਾਰ ਪਿੰਡ ਸਨ। ਰਾਜਨੀਤੀ ਦੇ ਖੇਤਰ ਵਿਚ ਵੀ ਭਾਰਤ ਦੇ ਮੂੰਹ ਉੱਤੇ ਉਹੋ ਮੁਰਦੇਹਾਣੀ ਛਾਈ ਹੋਈ ਸੀ। ਰਾਜਾ ਪਰਮਾਤਮਾ ਦੀ ਥਾਂ ਸੀ ਅਤੇ ਪਰਜਾ ਦਾ ਕੋਈ ਹੱਕ ਨਹੀਂ ਸੀ, ਅਣਖ ਸ੍ਵੈਮਾਣ ਦੀ ਤਾਂ ਗੱਲ ਹੀ ਕੀ ਕਰਨੀ। ਪਰਜਾ ਦਾ ਕੰਮ, ਜੋ ਰਾਜਾ ਆਖੇ, ਉਸ ਸਾਹਮਣੇ ਸਿਰ ਝੁਕਾ ਕੇ ਤਨ, ਮਨ, ਧਨ ਹਾਜ਼ਰ ਕਰਨ ਦਾ ਹੀ ਸੀ। ਅਜਿਹਾ ਕਰਨਾ ਧਰਮ ਦਾ ਅੰਗ ਅਤੇ ਸ਼ਾਸਤਰਾਂ ਦਾ ਆਦੇਸ਼ ਸੀ। ਮੁਸਲਮਾਨ ਰਾਜ ਦੇ ਕਹਿਰ ਦੇ ਦਗਦੇ ਸੂਰਜ ਦੀ ਦੁਪਹਿਰ ਵਿਚ ਸੂਰਦਾਸ (ਜਨਮ 1483 ਈਸਵੀ) ਅਤੇ ਤੁਸਲੀ ਦਾਸ (1534-1623 ਈਸਵੀ) ਮਣਾਂ ਮੂੰਹੀਂ ਕਵਿਤਾ ਰਚਦੇ ਰਹੇ, ਪ੍ਰੰਤੂ ਉਨਾਂ ਨੇ ਆਪਣੀ ਸਭਿਅਤਾ ਅਤੇ ਧਰਮ ਦੇ ਸਿਰ ਉੱਤੇ ਜੁੱਤੀ ਦੀ ਅੱਡੀ ਰੱਖ ਕੇ ਬੈਠੇ ਯਵਨਾਂ ਵਿਰੁਧ ਇਕ ਸ਼ਬਦ ਵੀ ਨਾ ਲਿਖਿਆ। 'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ' ਦੀ ਹੂਕ ਮੱਧ ਕਾਲ ਦੇ ਸਾਰੇ ਬ੍ਰਜ ਭਾਸ਼ੀ ਸਾਹਿਤ ਵਿਚ ਸੁਣਨ ਨੂੰ ਨਹੀਂ ਮਿਲਦੀ ਅਤੇ ਨਾ ਹੀ 'ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨਾ ਜਾਈ' ਦੀ ਪੁਕਾਰ। ਬਲਕਿ ਗੁਲਾਮੀ ਦੇ ਸੰਗਲਾਂ ਨੂੰ ਚਾਅ ਨਾਲ ਚੁੰਮ ਕੇ ਗਲ ਪਾਉਣ ਦੀ ਚਾਹ ਕਈ ਲਿਖਤਾਂ ਤੋਂ ਪ੍ਰਗਟ ਹੁੰਦੀ ਹੈ। ਸ਼ੂਨਯ ਪੁਰਾਣ ਦਾ ਕਰਤਾ ਬੰਗਾਲ ਦਾ ਰਮਾਈ ਪੰਡਿਤ ਲਿਖਦਾ ਹੈ, 'ਧਰਮ ਰਖਸ਼ਕ ਦੇਵਤਿਆਂ ਨੇ ਧਰਮ ਦੀ ਰਖਸ਼ਾ ਲਈ ਰੂਪ ਬਦਿਲਆ। ਬ੍ਰਹਮਾ ਮੁਹੰਮਦ ਹੋ ਗਏ, ਵਿਸ਼ਨੂੰ ਪੈਗੰਬਰ ਹੋ ਗਏ, ਮਹਾਂਦੇਵ ਆਦਮ, ਗਣੇਸ਼ ਗਾਜ਼ੀ, ਕਾਰਤਿਕ ਕਾਜ਼ੀ ਤੇ ਰਿਸ਼ੀਗਣ ਫਕੀਰ ਬਣ ਗਏ, ਨਾਰਦ ਵੇਸ਼ ਬਦਲ ਕੇ ਸ਼ੈਖ ਬਣੇ, ਇੰਦਰ ਮੌਲਾਨਾ ਬਣ ਗਏ ਅਤੇ ਚੰਡਿਕਾ ਹਾਯਾ ਬੀਬੀ ਬਣ ਗਈ। ਸਭ ਦੇਵਗਣ ਮੁਸਲਮਾਨ ਭੇਸ ਬਦਲ ਕੇ ਆਏ।' ਇਸ ਤਰਾਂ 'ਧਰਮ ਕੇ ਪਾਵ ਪਕੜ ਕਰ 'ਰਮਾਈ' ਪੰਡਤ ਗਾਤੇ ਹੈ।' ਕਰਨੀ ਦੇ ਮੈਦਾਨ ਦੀਆਂ ਕੇਵਲ ਦੋ ਇਤਿਹਾਸਕ ਘਟਨਾਵਾਂ ਚਿਤਾਰਨ ਨਾਲ ਹੀ ਹਿੰਦੁਸਤਾਨ ਦੇ ਲੋਕਾਂ ਦੀ ਮਨੋਬਿਰਤੀ ਉੱਭਰ ਕੇ ਸਾਹਮਣੇ ਆ ਜਾਂਦੀ ਹੈ। ਬੰਗਾਲ ਵਿਚ ਇਸਲਾਮੀ ਰਾਜ ਦੀ ਸਥਾਪਨਾ ਬਖਤਿਆਰ ਖਿਲਜੀ ਨੇ ਕੇਵਲ ਸਤਾਰਾਂ ਸਿਪਾਹੀਆਂ ਨਾਲ ਸੇਨ ਰਾਜੇ ਨੂੰ ਤਖਤੋਂ ਲਾਹ ਕੇ ਕੀਤੀ ਸੀ ਅਤੇ ਪਲਾਸੀ ਦੀ ਲੜਾਈ ਜੂਨ 1757 ਈਸਵੀ, ਜਿਸ ਤੋਂ ਅੰਗਰੇਜ਼ ਰਾਜ ਦਾ ਸੂਰਜ ਉਦੈ ਹੋਇਆ ਸੀ, ਵਿਚ ਮਹਿਤਾ ਚੌਕ ਦੀ ਪੁਲਿਸ ਫਾਇਰਿੰਗ ਨਾਲੋਂ ਵੀ ਘੱਟ ਮੌਤਾਂ ਹੋਈਆਂ ਸਨ। ਜਦ ਰਾਜਨੀਤੀ ਦਾ ਕੋਈ ਅਟੱਲ ਸੱਚ ਹੈ ਹੀ ਨਹੀਂ ਤਾਂ ਸਿਰ ਦੇ ਕੇ ਪ੍ਰਗਟ ਕਿਸੇ ਨੇ ਕਰਨਾ ਸੀ। ਰਾਜਪੂਤ ਯੋਧੇ ਈਰਖਾ ਅਧੀਨ ਤਾਂ ਸਨਮੁਖ ਹੋ ਜੂਝਦੇ ਹਨ ਅਤੇ ਕੁਲ ਤੱਕ ਦੀ ਬਲੀ ਚੜ੍ਹਾ ਦਿੰਦੇ ਹਨ, ਪ੍ਰੰਤੂ ਕਿਸੇ ਵਿਸ਼ਵ ਵਿਆਪੀ ਅਸੂਲ ਲਈ, ਜਾਨ ਹਲੂਣਾ ਤਾਂ ਪਾਸੇ ਰਿਹਾ, ਛੋਟੀ ਉਂਗਲ ਕਟਵਾਣ ਲਈ ਵੀ ਕਦੇ ਤਿਆਰ ਨਹੀਂ ਸਨ ਹੋਏ। ਰਾਣਾ ਪ੍ਰਤਾਪ ਦੀ ਅਣਖ ਦੀ ਚਿੰਗਾਰੀ ਬਲਦੀ ਰਹੀ ਸੀ ਤਾਂ ਕੇਵਲ ਬਾਬਾ ਸ੍ਰੀ ਚੰਦ ਜੀ ਦੇ ਸਿੱਖੀ ਉਪਦੇਸ਼ਾਂ ਕਾਰਣ। ਸਿੱਖੀ ਦੇ ਅਸੂਲਾਂ ਦੇ ਜੜ ਫੜਨ ਤੋਂ ਪਹਿਲਾਂ ਨਾ ਤਾਂ ਭਾਰਤ ਦੀ ਏਸ ਅਭਾਗੀ ਧਰਤੀ ਨੇ ਕਿਸੇ ਰਾਜਸੀ ਸ਼ਹੀਦ ਦੇ ਚਰਨ ਚੁੰਮੇ ਸਨ ਅਤੇ ਨਾ ਏਸ ਦੇ ਮੱਥੇ ਉੱਤੇ ਕਿਸੇ ਮਰਦੇ ਮੁਜਾਹਿਦ ਦੇ ਖ਼ੂਨ ਦਾ ਸੰਧੂਰ ਸਜਿਆ ਸੀ।

ਸਦੀਆਂ ਦੀ ਮਾਰੂ ਚੁੱਪ ਤੋਂ ਬਾਅਦ ਪਹਿਲੇ ਪਹਿਲ ਅਣਖ ਅਤੇ ਸੱਚ ਦੀ ਦੋਹੀ ਦੇਣ ਵਾਲੀ ਸਾਹਿਬ ਸਤਿਗੁਰੂ ਨਾਨਕ ਦੀ ਆਵਾਜ਼ ਹੀ ਸੀ। ਸਭ ਤੋਂ ਪਹਿਲਾਂ ਆਪ ਨੇ ਹੀ ਭਾਰਤ ਦੇ ਰਾਜਸੀ ਚਿੰਤਨ ਨੂੰ ਇਹ ਅਣਮੁੱਲਾ ਵਿਚਾਰ ਦਿੱਤਾ ਕਿ ਪਰਜਾ ਦੇ ਵੀ ਹੱਕ ਹੁੰਦੇ ਹਨ ਅਤੇ ਉਨਾਂ ਹੱਕਾਂ ਦੀ ਰਾਖੀ ਲਈ ਅਜਿਹਾ ਸਮਾਂ ਆਉਂਦਾ ਹੈ, ਜਦੋਂ ਜੂਝ ਮਰਨਾ ਜਿਉਂਦੇ ਰਹਿਣ ਨਾਲੋਂ ਵਧੇਰੇ ਸੋਭਨੀਕ ਹੁੰਦਾ ਹੈ: 'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।' ਸਿਆਸੀ ਅਤੇ ਧਾਰਮਿਕ ਜੀਵਨ ਦੇ ਸੁਮੇਲ ਦੀ ਲੜੀ ਵਿਚ ਇਹ ਹੋਰ ਭੇਤ ਦੀ ਗੱਲ ਹਜ਼ੂਰ ਫੁਰਮਾਉਂਦੇ ਹਨ ਕਿ ਰਾਜੇ ਕੁਝ ਦਿਨਾਂ ਦੇ ਹੀ ਪ੍ਰਾਹੁਣੇ ਹੁੰਦੇ ਹਨ, 'ਆਵਨਿ ਅਠਤਰੈ ਜਾਨਿ ਸਤਾਨਵੈ' ਅਤੇ ਉਨਾਂ ਨੂੰ ਪਰਮਾਤਮਾ ਵਲੋਂ ਜ਼ੁਲਮ ਕਰਨ ਦਾ ਅਧਿਕਾਰ ਨਹੀਂ ਹੁੰਦਾ। ਸੱਚ ਦੇ ਰਾਹ ਉੱਤੇ ਮੌਤ ਕਬੂਲਣ ਨੂੰ ਸਿੱਖੀ ਜੀਵਨ ਦਾ ਆਰੰਭ ਆਪ ਨੇ ਦੱਸਿਆ। ਆਪ ਫੁਰਮਾਉਂਦੇ ਹਨ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ,**
**ਸਿਰੁ ਦੀਜੈ ਕਾਣਿ ਨਾ ਕੀਜੈ ॥**
**ਸਲੋਕ ਵਾਰਾਂ ਤੇ ਵਧੀਕ, ਪੰਨਾ 1412**

ਤ੍ਰੈਕਾਲ ਦਰਸ਼ੀ ਸਤਿਗੁਰਾਂ ਦੀ ਅਗੰਮੀ ਸੂਝ ਕਾਰਨ ਸਿੱਖ ਧਰਮ ਸਾਰੇ ਸੰਸਾਰ ਦੇ ਭਲੇ ਲਈ ਸਭ ਦਾ ਸਾਂਝਾ ਧਰਮ ਹੋ ਨਿਬੜਿਆ, ਕਿਉਂਕਿ ਏਸ ਦੀਆਂ ਕਦਰਾਂ ਕੀਮਤਾਂ ਵਿਸ਼ਵ ਕਲਿਆਣਕਾਰੀ ਅਤੇ ਨਿਰਸੰਦੇਹ ਪਰਮਾਤਮਾ ਦੇ ਆਸ਼ੇ ਅਨੁਸਾਰ ਹਨ। ਗੁਰੂ ਸਾਹਿਬਾਨ ਨੇ ਧਾਰਮਿਕ ਅਤੇ ਰਾਜਨੀਤਕ ਜੀਵਨ ਦੀਆਂ ਅਜਿਹੀਆਂ ਕਦਰਾਂ ਕੀਮਤਾਂ ਪ੍ਰਗਟ ਕੀਤੀਆਂ, ਜਿਨਾਂ ਦੀ ਮਾਨਤਾ ਅਤੇ ਬੁਲੰਦੀ ਸੰਸਾਰ ਦੇ ਸਾਰੇ ਜੀਵਾਂ ਦੇ ਭਲੇ ਅਤੇ ਵਾਧੇ ਲਈ ਹੈ। ਕੇਵਲ ਏਨਾ ਹੀ ਨਹੀਂ ਕਿ ਉਹ ਏਸ ਨਿਰਮਲ ਗੰਗਾ ਨੂੰ ਵਹਾ ਕੇ ਸ਼ਾਂਤ ਬੈਠ ਗਏ, ਉਨਾਂ ਏਸ ਦੀ ਸੁਰੱਖਿਆ ਹਿੱਤ ਪਹਿਲਾਂ ਸਿਰ ਦੇ ਕੇ ਸ਼ਹੀਦੀਆਂ ਪਾਉਣ ਦੀ ਪਰੰਪਰਾ ਵੀ ਚਲਾਈ। ਏਨੀ ਕੁ ਵਿਚਾਰ ਤੋਂ ਬਾਅਦ ਸਿੱਖੀ ਵਿਚ ਸ਼ਹਾਦਤ ਦੇ ਸਿਧਾਂਤ ਨੂੰ ਸਮਝਣ ਲਈ ਕੇਵਲ ਕੁਝ ਕੁ ਨੁਕਤਿਆਂ 'ਤੇ ਗੌਰ ਕਰਨਾ ਹੀ ਬਾਕੀ ਰਹਿ ਜਾਂਦਾ ਹੈ। ਸਿੱਖੀ ਅਨੁਸਾਰ ਸਭ ਮਨੁੱਖ ਮਾਤਰ ਨੂੰ ਪਰਮ ਕ੍ਰਿਪਾਲੂ ਪਿਤਾ ਨੇ ਅਮਿੱਟ ਅਧਿਕਾਰ ਦਿੱਤਾ ਹੈ ਕਿ ਉਹ ਨਿਰਵਿਘਨ ਖੇੜੇ ਅਤੇ ਖੁਸ਼ੀਆਂ ਦਾ ਜੀਵਨ ਜਿਉ ਸਕਣ : 'ਹਰਖ ਅਨੰਤ ਸੋਗ ਨਹੀਂ ਬੀਆ' ਅਤੇ 'ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜ ਜੀਉ'। ਪ੍ਰਮਾਤਮਾ ਨੂੰ ਇਹੋ ਮਨਜ਼ੂਰ ਹੈ ਕਿ ਧਰਮ ਵਿਸ਼ਵ ਕਲਿਆਣਕਾਰੀ ਹੋਵੇ ਅਤੇ ਸੰਸਾਰ ਦੇ ਹਰ ਦੂਜੇ ਧਰਮਾਂ ਲਈ ਭਾਈਚਾਰੇ ਅਤੇ ਸਦਭਾਵਨਾ ਦਾ ਵਿਚਾਰ ਰੱਖਦਾ ਹੋਵੇ। ਏਸੇ ਲਈ ਪੰਜਵੇਂ ਪਾਤਿਸ਼ਾਹ ਨੇ ਮੁਸਲਮਾਨਾਂ ਨੂੰ ਰਾਜਸੀ ਹੰਕਾਰ ਅਤੇ ਧਰਮ ਆਧਾਰਿਤ ਵਿਤਕਰੇ ਦੀ ਨੀਤੀ ਤਿਆਗ ਕੇ 'ਮੋਮ ਦਿਲ' ਹੋਣ ਦੀ ਪ੍ਰੇਰਨਾ ਕੀਤੀ ਸੀ। ਰਾਜਨੀਤੀ ਉਹੋ ਹੀ ਪਰਮਾਤਮਾ ਦੇ ਹੁਕਮ ਅਨੁਸਾਰ ਹੋ ਸਕਦੀ ਹੈ, ਜਿਹੜੀ ਮਨੁੱਖ ਦੇ ਖੇੜੇ ਖੁਸ਼ੀਆਂ ਦੇ ਹੱਕ ਨੂੰ ਨਿਰਸੰਕੋਚ ਤਸਲੀਮ ਕਰੇ ਅਤੇ ਹਰ ਮਨੁੱਖ ਦੇ ਆਪਣੀ ਜਮੀਰ ਅਨੁਸਾਰ ਜਿਉਣ ਦੇ ਹੱਕ ਨੂੰ ਸਪੱਸ਼ਟ ਮੰਨੇ। ਹਰ ਮਨੁੱਖ ਦੇ ਸਵੈਮਾਣ ਅਤੇ ਅਣਖ ਨਾਲ ਜਿਊਣ ਦੇ ਹੱਕ ਦੀ ਰਾਖੀ ਕਰਨਾ ਰਾਜਨੀਤੀ ਦਾ ਪਹਿਲਾ ਫਰਜ਼ ਹੈ : 'ਹੁਣਿ ਹੁਕਮ ਹੋਆ ਮਿਹਰਵਾਣ ਦਾ॥ ਪੈ ਕੋਇ ਨਾ ਕਿਸੈ ਰਵਾਣਦਾ।' ਸੰਸਾਰ ਦੀਆਂ ਬਾਦਸ਼ਾਹੀਆਂ ਸੱਚਾ ਪਾਤਿਸ਼ਾਹ ਆਪ ਸਿਰਜਦਾ ਹੈ ਅਤੇ ਇਨਾਂ ਨੂੰ ਕੇਵਲ ਉਦੋਂ ਤੱਕ ਕਾਇਮ ਰੱਖਦਾ ਹੈ ਜਦੋਂ ਤੱਕ ਉਹ ਆਪਣੀ ਸ਼ਕਤੀ ਨੂੰ ਉਸ ਦੇ ਆਸ਼ੇ ਅਨੁਸਾਰ ਵਰਤਦੀਆਂ ਹਨ। ਜੇ ਉਹ ਅਨਿਆਂਕਾਰੀ ਜਾਂ ਫਿਕਰਾਦਾਰਾਨਾ ਹੋ ਜਾਣ ਤਾਂ ਸਿਰਜਣ ਵਾਲਾ ਉਨਾਂ ਨੂੰ ਬਲ ਹੀਣ ਕਰ ਕੇ ਰਾਜ ਕਰਨ ਦੇ ਅਧਿਕਾਰ ਤੋਂ ਵਾਂਝਾ ਕਰ ਦਿੰਦਾ ਹੈ, 'ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ।' ਜਦੋਂ ਐਸੀਆਂ ਅਲਾਮਤਾਂ ਪ੍ਰਗਟ ਹੋ ਜਾਣ ਤਾਂ ਹਰ ਧਰਮੀ ਮਨੁੱਖ, ਪ੍ਰਮਾਤਮਾ ਦਾ ਭੈਅ ਰੱਖਣ ਵਾਲੇ ਇਨਸਾਨ ਦਾ ਫਰਜ ਬਣਦਾ ਹੈ ਕਿ ਉਹ ਅਜਿਹੀ ਰਾਜਸੀ ਸ਼ਕਤੀ (ਬਾਦਸ਼ਾਹਤ) ਦਾ ਤਖਤਾ ਉਲਟਾਉਣ ਲਈ ਟਿੱਲ ਲਾ ਦੇਵੇ, ਜੋ ਪ੍ਰਮਾਤਮਾ ਦੇ ਰਾਹ ਨੂੰ ਵਿਸਾਰ ਚੁੱਕੀ ਹੈ ਅਤੇ ਫਲਸਰੂਪ ਰਾਜ ਕਰਨ ਦਾ ਅਧਿਕਾਰ ਗੁਆ ਚੁੱਕੀ ਹੈ।

ਆਦਿ ਸਮੇਂ ਤੋਂ ਲੈ ਕੇ ਕੱਲ ਤੱਕ ਸਿੱਖ ਸ਼ਹੀਦਾਂ ਦੇ ਜੀਵਨ ਨੂੰ ਵਿਚਾਰਨ ਤੋਂ ਇਕ ਠੋਸ ਕੇਂਦਰੀ ਨੁਕਤਾ ਖਾਲਸੇ ਦੀ ਸਰਦਾਰੀ ਹੀ ਦਿੱਸ ਆਉਂਦਾ ਹੈ। ਸਾਰੇ ਸ਼ਹੀਦਾਂ ਦਾ ਪਵਿੱਤਰ ਮਕਸਦ ਪਰਮਾਤਮਾ ਦੇ ਇਸ਼ਕ ਵਿਚ ਰੱਤੇ ਖ਼ਾਲਸੇ ਦੀ ਅਤਿਅੰਤ ਨਿਆਂਕਾਰੀ ਅਤੇ ਧਰਮ ਨਿਰਪੱਖ ਰਾਜਸੀ ਸ਼ਕਤੀ ਕਾਇਮ ਕਰਨਾ ਹੀ ਸੀ। ਉਨਾਂ ਦਿਲਾਂ ਦਿਮਾਗਾਂ 'ਤੇ ਕੇਵਲ 'ਰਾਜ ਕਰੇਗਾ ਖ਼ਾਲਸਾ' ਹੀ ਉਕਰਿਆ ਹੋਇਆ ਸੀ। ਬਜ਼ੁਰਗ ਸੰਤ, ਸਰਬੰਸ ਦਾਨੀ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰਨ ਦਾ ਉਸ ਵੇਲੇ ਫੈਸਲਾ ਹੋ ਗਿਆ, ਜਦੋਂ ਉਨਾਂ ਨਿੱਝਕ ਖ਼ਾਲਸਾ ਰਾਜ ਦੀਆਂ ਗੱਲਾਂ ਕੀਤੀਆਂ ਅਤੇ ਖ਼ਾਲਸੇ ਦੀ ਫਤਹਿ ਦਾ ਨਿਸ਼ਚਾ ਸੂਬੇਦਾਰ ਦੇ ਸਾਹਮਣੇ ਭਰੀ ਕਚਹਿਰੀ ਵਿਚ ਜਾ ਦੁਹਰਾਇਆ। ਮਿੱਥ ਕੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਭਾਈ ਬੋਤਾ ਸਿੰਘ ਤਾਂ ਕੇਬਲ ਮੁਸ਼ਫੁੱਟ ਗੱਭਰੂ ਹੀ ਸਨ, ਅਜੇ ਛਕਿਆ ਅੰਮ੍ਰਿਤ ਵੀ ਉਨਾਂ ਦੇ ਗਲੋਂ ਥੱਲੇ ਨਹੀਂ ਲੱਥਾ। ਉਹ ਅੰਮ੍ਰਿਤਸਰ ਤੋਂ ਅੰਮ੍ਰਿਤ ਛਕ ਕੇ ਜਾ ਰਹੇ ਸਨ ਕਿ ਸਿੱਖੀ ਦੇ ਸੂਰਜ ਵਾਂਗ ਰੌਸ਼ਨ ਮੁਕੰਮਲ ਖੁਦ-ਮੁਖਤਿਆਰੀ ਦੇ ਨਿਸ਼ਚੇ ਨੂੰ ਸਿਰ ਦੇ ਕੇ ਪ੍ਰਗਟਾਉਣ ਦਾ ਸਬੱਬ ਰਾਹ ਵਿਚ ਹੀ ਬਣ ਗਿਆ। ਉਨਾਂ ਨੇ ਏਸ ਸੱਚ, ਕਿ ਸਰਬ ਸਮਰੱਥ ਹੋਣ ਕਾਰਨ ਖ਼ਾਲਸਾ ਹੀ ਕਰ ਉਗਰਾਉਣ ਦਾ ਇਕੋ ਇਕ ਅਧਿਕਾਰੀ ਹੈ, ਨੂੰ ਪ੍ਰਚਾਰਨ ਹਿੱਤ ਸ਼ਹੀਦੀ ਪ੍ਰਾਪਤ ਕਰਨ ਦਾ ਨਿਸ਼ਚਾ ਕਰ ਲਿਆ। ਉਹ ਸੋਟਾ ਫੜ ਮੈਦਾਨ ਵਿਚ ਉਤਰੇ ਅਤੇ ਤੀਹ ਸਿਪਾਹੀਆਂ ਨੂੰ ਮਾਰ ਕੇ ਸ਼ਹੀਦ ਹੋ ਗਏ।

ਦੌਲਤ ਕੇ ਨਹਿ ਭੂਖੇ ਥੇ ਸਿੰਘ, ਚਰਚਾ ਪੰਥ ਚਲਾਣ ਚਹੀ।

ਬਾਕੀ ਸਫ਼ਾ 31 'ਤੇ

## ਕੌਰਾਂ



**- ਸਿਮਰਨ ਜੀਤ ਕੌਰ**

ਧੁੱਪਾਂ ਚ ਪਈਆਂ ਜੋ ਅਫਸ਼ਾਂ ਜਏ ਜੇਰੇ,
ਸ਼ਸਤਰ ਦੀ ਲਿਸ਼ਕ 'ਚ ਚਮਕਣ ਹਨੇਰੇ ,
ਰਾਗਾਂ ਨੂੰ ਰਣਾਂ ਦੇ ਤੀਕਰ ਲਿਆਈਆਂ ,
ਇਹ ਬਾਟੇ ਚੋਂ ਜੰਮੀਆਂ ਤੇ ਕੌਰਾਂ ਕਹਾਈਆਂ ।

ਅੰਦਰ ਫਕੀਰੀ 'ਤੇ ਨੈਣੀਂ ਸ਼ਰਾਰੇ ,
ਪਿਆਰਾਂ ਚ ਰੰਗੇ ਇਹ ਪਿਆਰੇ ਦੇ ਪਿਆਰੇ,
ਬਾਣੀ ਨੂੰ ਗਾਉਂਦੇ , ਨਗਾਰੇ ਵਜਾਉਂਦੇ ,
ਨੇਜੇ ਤੇ ਟੰਗੇ ਨੇ , ਪੁੱਤਰ ਦੁਲਾਰੇ ,
ਤੁਰੰਗਾਂ ਤੇ ਬਹਿ ਬਾਦਸ਼ਾਹੀਆਂ ਠੁਕਰਾਈਆਂ,
ਇਹ ਬਾਟੇ ਚੋਂ ਜੰਮੀਆਂ ਤੇ ਕੌਰਾਂ ਕਹਾਈਆਂ ।

ਤੇਗਾਂ ਕਹਾਣੀ ਘਰਾਂ ਦੀ ਲਿਖੀ ਏ ,
ਕੰਮਾਂ ਚ ਰੁੱਝੀ ਸੁਆਣੀ ਦਿਖੀ ਐ ,
ਖੇਡਾਂ ਦੁਨਿਆਵੀ ਨਿਭਾਉਂਦੀ ਹੋਈ ਕੌਰਾਂ ,
ਕੇਸੀਂ ਸੁਆਸੀਂ ਨਿਭਾਉਂਦੀ ਸਿੱਖੀ ਏ ,
ਹਵਾਵਾਂ ਚਾਨਣ ਦੀਆਂ ਸੇਜਾਂ ਵਿਛਾਈਆਂ ,
ਇਹ ਬਾਟੇ ਚੋਂ ਜੰਮੀਆਂ ਤੇ ਕੌਰਾਂ ਕਹਾਈਆਂ ।

ਮਿੱਟੀ ਚੋਂ ਪੁੰਗਰਦੀ ਉਮਰ ਨਿਆਣੀ ,
ਗੋਦੀ ਬਿਠਾ ਕੇ ਪੜਾਉਂਦੀਆਂ ਬਾਣੀ ,
ਜੂੜਾ ਕਰਦੀ ਨਾਲੇ ਦੱਸੇ ਨਨਕਾਣਾ ,
ਮਿੱਟੀ ਤੇ ਡੱਕੇ ਨਾਲ ਲਿਖਿਆ ਭੰਗਾਣੀ ,
ਸਦਾ ਸਰਬੱਤ ਦੀਆਂ ਮੰਗੀਆਂ ਭਲਾਈਆਂ ,
ਇਹ ਬਾਟੇ ਚੋਂ ਜੰਮੀਆਂ ਤੇ ਕੌਰਾਂ ਕਹਾਈਆਂ

# ਬ੍ਰਹਿਮੰਡਲੀ ਦ੍ਰਿਸ਼ਟੀਕੋਣ (Cosmic Perspective)

**- ਪਾਹੁਲਮੀਤ ਸਿੰਘ**

ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਮੈਂ ਟੈਲੀਵਿਜ਼ਨ ਉੱਤੇ 'Cosmos' ਨਾਮ ਦੀ ਡੌਕੂਮੈਂਟਰੀ ਦੇਖਣ ਲੱਗ ਪਿਆ। ਉਸ ਵਕਤ ਪਹਿਲੀ ਵਾਰ ਅਮਰੀਕਨ ਵਿਗਿਆਨੀ, ਨੀਅਲ ਡੀਗ੍ਰਾਸ ਟਾਈਸਨ, ਤੋਂ ਬ੍ਰਹਿਮੰਡਲੀ ਦ੍ਰਿਸ਼ਟੀਕੋਣ (Cosmic Perspective) ਬਾਰੇ ਵਿਸਤਾਰ ਨਾਲ ਪਤਾ ਲੱਗਾ। ਟਾਈਸਨ ਮੁਤਾਬਿਕ ਇਸ ਦ੍ਰਿਸ਼ਟੀਕੋਣ ਨੂੰ ਜਾਣ ਕੇ ਜ਼ਿਆਦਾਤਰ ਲੋਕ ਬਹੁਤ ਸੁਰਖਰੂ ਅਤੇ ਸੰਤੁਸ਼ਟ ਮਹਿਸੂਸ ਕਰਦੇ ਹਨ ਕਿਉਂਕਿ ਉਹ ਆਪਣਾ ਮੂਲ ਪਹਿਚਾਨਣ ਲੱਗ ਪੈਂਦੇ ਹਨ। ਦੂਸਰੇ ਪਾਸੇ, ਕੁਝ ਲੋਕ ਬਹੁਤ ਨਿਰਾਸ਼ ਹੋ ਜਾਂਦੇ ਹਨ ਕਿਉਂਕਿ ਉਹਨਾਂ ਦੀ ਫ਼ੋਕੀ ਹਉਮੈ ਅਤੇ ਟੌਰ ਨਿਰਾਰਥਿਕ ਹੋ ਨਿੱਬੜਦੀ ਹੈ।

ਆਓ, ਆਪਾਂ ਇਸ ਬ੍ਰਹਿਮੰਡ ਦੀ ਛੋਟਾ ਜਿਹਾ ਦੌਰਾ ਕਰੀਏ। ਸਭ ਤੋਂ ਪਹਿਲਾਂ ਸਰੀਰ ਦੇ ਬਾਹਰ ਝਾਤ ਮਾਰੀਏ। ਇਸ ਧਰਤੀ ਉੱਤੇ 8 ਬਿਲੀਅਨ(8,000,000,000) ਲੋਕ ਹਨ ਅਤੇ ਅਣਗਿਣਤ ਹੋਰ ਜੀਵ ਜੰਤੂ ਰਹਿੰਦੇ ਹਨ। ਸਾਡਾ ਸੂਰਜ ਮਹਿਜ਼ ਇੱਕ ਤਾਰਾ ਹੈ ਜਿਸ ਦੇ ਆਲੇ-ਦੁਆਲੇ ੮ ਗ੍ਰਹਿ ਤੇ ਬੇਅੰਤ ਹੋਰ ਪੁਲਾੜੀ ਚੀਜ਼ਾਂ ਘੁੰਮ ਰਹੀਆਂ ਹਨ। ਇਹਨਾਂ ਗ੍ਰਹਾਂ ਦੇ ਦੁਆਲੇ ਚੰਦ੍ਰਮਾ ਵਾਂਗੂ ਹੋਰ ਕਈ ਉਪ-ਗ੍ਰਹਿ ਘੁੰਮ ਰਹੇ ਹਨ। ਇਸ ਤਰਾਂ, ਸਾਡੀ ਅਕਾਸ਼ਗੰਗਾ/ਗਲੈਕਸੀ ਵਿੱਚ ਕਰੋੜਾਂ ਹੋਰ ਤਾਰੇ ਹਨ ਜਿਨਾਂ ਦੇ ਆਲੇ ਦੁਆਲੇ ਕਈ ਗ੍ਰਹਿ, ਉਪ-ਗ੍ਰਹਿ, ਤੇ ਹੋਰ ਪੁਲਾੜੀ ਚੀਜ਼ਾਂ ਘੁੰਮਦੀਆਂ ਰਹਿੰਦੀਆਂ ਹਨ। ਇਸ ਤਰਾਂ ਹੋਰ ਕਰੋੜਾਂ ਹੀ ਗਲੈਕਸੀਆਂ ਵੀ ਹਨ। ਗੱਲ ਇਥੇ ਹੀ ਰੁਕ ਨਹੀਂ ਜਾਂਦੀ, ਫ਼ੈਲਾਅ ਮੁਸਲਸਲ ਹੋਈ ਜਾਂਦਾ ਹੈ।

ਇਸ ਸਭ ਦੇ ਦਰਮਿਆਨ ਇੱਕ ਇਨਸਾਨ ਹੀ ਐਸਾ ਜੀਵ ਹੈ ਜਿਸਨੂੰ ਲਗਦਾ ਹੈ ਕਿ ਸਾਰੀ ਦੁਨੀਆ ਉਸਦੇ ਆਲੇ-ਦੁਆਲੇ ਘੁੰਮ ਰਹੀ ਹੈ। ਇਸ ਸਭ ਦੇ ਵਿਚਕਾਰ ਇੱਕ ਇਨਸਾਨ ਹੀ ਐਸਾ ਜੀਵ ਹੈ ਜੋ ਅਕਸਰ ਇਹ ਸੋਚ ਕੇ ਘੁਟਨ ਜਿਹੀ ਮਹਿਸੂਸ ਕਰਦਾ ਹੈ ਕਿ ਮਤਾਂ ਲੋਕ ਕੀ ਕਹਿਣਗੇ, ਕਿੰਨੇ ਲਾਈਕ ਮਿਲਣਗੇ, ਕਿੰਨੇ 'ਗਾਡਰ' ਤੇ 'ਅੱਤ' ਕੰਮੈਂਟ ਮਿਲਣਗੇ, ਕਿੰਨੀ ਬੱਲੇ-ਬੱਲੇ ਹੋਊਗੀ, ਇਤਿਆਦਿ।

ਚਲੋ! ਆਓ, ਹੁਣ ਸਰੀਰ ਦੇ ਅੰਦਰ ਵੱਲ ਝਾਤੀ ਮਾਰੀਏ। ਸਾਡੇ ਸਰੀਰ ਦੀ ਸਭ ਤੋਂ ਛੋਟੀ ਇਕਾਈ 'ਸੈੱਲ' ਹੁੰਦੀ ਹੈ ਅਤੇ ਸਾਡੇ ਸਰੀਰ ਵਿੱਚ ਘਟੋ-ਘੱਟ 37.2 ਟ੍ਰਿਲੀਅਨ (37,200,000,000,000) ਸੈੱਲ ਜੀਵਤ ਹਨ। ਉਦਹਾਰਣ ਵਜੋਂ ਜੇ ਆਪਾਂ ਆਪਣੀ ਵੱਡੀ ਆਂਦਰ ਦੇ ਇਕ ਸੈਂਟੀਮੀਟਰ ਵਰਗ ਦੇ ਖੇਤਰ ਨੂੰ ਵੇਖੀਏ ਤਾਂ ਇਸ ਥੋੜੇ ਜਹੇ ਖੇਤਫਲ ਵਿੱਚ ਕੁੱਲ ਸੈੱਲਾਂ ਦੀ ਗਿਣਤੀ ਧਰਤੀ ਉੱਤੇ ਅੱਜ ਤੱਕ ਪੈਦਾ ਹੋਏ ਕੁਲ ਇਨਸਾਨਾਂ ਦੀ ਗਿਣਤੀ ਤੋਂ ਜ਼ਿਆਦਾ ਹੈ। ਗੱਲ ਇਥੇ ਵੀ ਨਹੀਂ ਮੁੱਕਦੀ, ਅੱਗਿਓਂ ਹਰ ਇੱਕ ਸੈੱਲ ਦੇ ਅੰਦਰ ਕਈ ਭਾਗ ਹਨ ਤੇ ਭਾਗਾਂ ਦੇ ਅੱਗੇ ਕਈ ਭਾਗ ਹਨ। ਸਾਡੇ ਪਿੰਡੇ ਅੰਦਰ ਸੈੱਲਾਂ ਦੇ ਨਾਲ-ਨਾਲ ਹੋਰ ਬਹੁਤ ਕੁਝ ਹੈ।

ਕਈ ਸਦੀਆਂ ਤੋਂ ਅਸੀਂ ਸਰੀਰ ਨੂੰ ਜਾਨਣਾ ਚਾਹ ਰਹੇ ਹਾਂ ਅਤੇ ਅਜੇ ਵੀ ਪੂਰੀ ਤਰਾਂ ਨਹੀਂ ਸਮਝ ਸਕੇ। ਜਿਤਨੀ ਵਿਸ਼ਾਲਤਾ ਬਾਹਰ ਹੈ ਉਤਨੀ ਅੰਦਰ ਵੀ। ਜੋ ਬ੍ਰਹਮੰਡੇ ਸੋਈ ਪਿੰਡੇ? ਸਭ ਤੋਂ ਚੰਗੀ ਗੱਲ ਮੈਨੂੰ ਇਹ ਲੱਗੀ ਕਿ ਇਨਸਾਨ ਤੇ ਬਾਕੀ ਬ੍ਰਹਿਮੰਡ ਇੱਕ ਹੀ ਚੀਜ਼ ਤੋਂ ਬਣੇ ਹਨ ਜਿਸ ਨੂੰ ਸਟਾਰ-ਡਸਟ (Star Dust) ਆਖਿਆ ਜਾਂਦਾ ਹੈ।

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।।**

ਅਖੀਰ, ਇਸ ਦ੍ਰਿਸ਼ਟੀਕੋਣ ਦਾ ਸਤ ਇਹ ਨਿਕਲਦਾ ਹੈ ਕਿ ਇਨਸਾਨ ਇੱਕ ਬਹੁਤ ਵੱਡੇ ਅਤੇ ਅਸੀਮ ਪ੍ਰਬੰਧ ਦਾ ਇੱਕ ਬਹੁਤ ਹੀ ਛੋਟਾ ਜਿਹਾ ਹਿੱਸਾ ਹੈ। ਕਿਸੇ ਨੂੰ ਇਹਜਾਣ ਕੇ ਅਥਾਹ ਸਕੂਨ ਮਿਲਦਾ ਹੈ ਕਿ ਉਹ ਇੱਕ ਬਹੁਤ ਵੱਡੇ ਪ੍ਰਬੰਧ ਦਾ ਹਿੱਸਾ ਹੈ। ਕਿਸੇ ਨੂੰ ਇਹ ਜਾਣ ਕੇ ਬੇਚੈਨੀ ਹੁੰਦੀ ਹੈ ਕਿ ਉਹ ਬਹੁਤ ਛੋਟਾ ਹੈ।

ਮੈਂ ਆਸ਼ਾ ਕਰਦਾ ਹਾਂ ਕਿ ਸਾਨੂੰ ਸਭ ਨੂੰ ਸਕੂਨ ਮਿਲੇ, ਇਸ ਸਕੂਨ ਨੂੰ ਅੱਗਿਓਂ ਹਲੀਮੀ ਨਾਲ ਗੁਣਾ ਕਰੀਏ, ਆਪਣੇ ਹੰਕਾਰ ਨਾਲ ਤਕਸੀਮ ਨਾ ਕਰੀਏ।

**ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ।।**

*(ਵਧੇਰੇ ਜਾਣਕਾਰੀ ਲਈ ਨੀਅਲ ਡੀਗ੍ਰਾਸ ਦੀ ਕਿਤਾਬ "Astrophysics For People on Hurry" ਪੜ ਸਕਦੇ ਹੋ।)*

# ਮੱਤੇਵਾੜਾ ਜੰਗਲ ਦੇ ਨਾਲ-ਨਾਲ ਸਤਲੁੱਜ ਦਰਿਆ ਅਤੇ ਮਜ਼ਹਬੀ ਸਿੱਖਾਂ ਦਾ ਪੂਰਾ ਪਿੰਡ ਉਜਾੜ ਰਹੀ ਹੈ ਸਰਕਾਰ

- ਸੁਖਵਿੰਦਰ ਸਿੰਘ



ਪੰਜਾਬ ਸਰਕਾਰ ਵੱਲੋਂ ਕੁੱਝ ਦਿਨ ਪਹਿਲਾਂ ਜਦੋਂ ਮੱਤੇਵਾੜਾ ਜੰਗਲ ਵਿਚ ਕਾਰਖਾਨੇ ਲਾਉਣ ਦਾ ਮਤਾ ਪਾਸ ਕੀਤਾ ਗਿਆ ਤਾਂ ਪੰਜਾਬੀਆਂ ਵਿਚ ਹਲਚਲ ਪੈਦਾ ਹੋ ਗਈ। ਰਾਹੋਂ ਤੋਂ ਲੁਧਿਆਣਾ ਨੂੰ ਜਾਂਦਿਆਂ ਸਤਲੁੱਜ ਨਦੀ ਦੇ ਕੰਢੇ ‘ਤੇ 4000 ਏਕੜ ਦੇ ਕਰੀਬ ਰਕਬੇ ‘ਚ ਫੈਲਿਆ ਹੋਇਆ ਇਹ ਮੱਤੇਵਾੜਾ ਜੰਗਲ ਪੰਜਾਬ ਦੀ ਸਾਹ ਰਗ ਵਰਗਾ ਹੈ, ਜੋ ਲੱਖਾਂ ਪਛੂ-ਪੰਛੀਆਂ ਦਾ ਘਰ ਹੈ ਅਤੇ ਲੁਧਿਆਣਾ, ਮੰਡੀ ਗੋਬਿੰਦਗੜ ਜਿਹੇ ਇਲਾਕਿਆਂ ਦੇ ਕਾਰਖਾਨਿਆਂ ਚੋਂ ਨਿਕਲਦੇ ਜ਼ਹਿਰ ਨੂੰ ਘਟਾਉਣ ਵਿਚ ਸਹਾਈ ਹੁੰਦਾ ਹੈ। ਸਰਕਾਰ ਦੇ ਇਸ ਫੈਂਸਲੇ ਖਿਲਾਫ ਪੰਜਾਬ ਦੀ ਵਿਦਿਆਰਥੀ ਜਥੇਬੰਦੀ ਸੱਥ ਵੱਲੋਂ ਚੁੱਕੇ ਗਏ ਝੰਡੇ ਅਤੇ ਪੰਜਾਬ ਦੀਆਂ ਸਮਾਜਿਕ ਅਤੇ ਚੇਤੰਨ ਸੰਸਥਾਵਾਂ ਦੀ ਅਵਾਜ਼ ਨੇ ਇਸ ਨੂੰ ਪੰਜਾਬ ਵਿਚ ਲੋਕ ਲਹਿਰ ਬਣਾ ਦਿੱਤਾ ਹੈ। ਇਸ ਲੋਕ ਲਹਿਰ ਦੇ ਦਬਾਅ ਦੇ ਚਲਦਿਆਂ ਹੀ ਬੀਤੇ ਕੱਲ ਪੰਜਾਬ ਸਰਕਾਰ ਨੇ ਆਪਣੀ ਸਫਾਈ ਜਾਰੀ ਕੀਤੀ ਹੈ। ਇਸ ਸਫਾਈ ਵਿਚ ਕਿਹਾ ਗਿਆ ਹੈ ਕਿ ਕਾਰਖਾਨੇ ਲਾਉਣ ਲਈ ਜਿਹੜੀ ਜ਼ਮੀਨ ‘ਤੇ ਕਬਜ਼ਾ ਕੀਤਾ ਗਿਆ ਹੈ ਉਹ ਮੱਤੇਵਾੜਾ ਜੰਗਲ ਦੀ ਜ਼ਮੀਨ ਨਹੀਂ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਵਾਸਤੇ ਮੱਤੇਵਾੜਾ ਜੰਗਲ ਨਾਲ ਲਗਦੀ ਹੈਦਰ ਨਗਰ, ਸੇਖੋਂਵਾਲ, ਸਲੇਮਪੁਰ, ਸੈਲਕਲਾਂ ਅਤੇ ਮਾਛੀਆਂ ਕਲਾਂ ਪਿੰਡਾਂ ਦੀ ਪੰਚਾਇਤੀ ਜ਼ਮੀਨ ‘ਤੇ ਸਰਕਾਰ ਨੇ ਕਬਜ਼ਾ ਲਿਆ ਹੈ।

**ਫਿਰ ਵਿਰੋਧ ਕਿਉਂ ?**

## 1. ਸਤਲੁੱਜ ਖ਼ਤਮ ਹੋਣ ਦਾ ਖਤਰਾ

ਸਰਕਾਰ ਵੱਲੋਂ ਇਸ ਪਲੈਨ ਨੂੰ ਪੰਜਾਬ ਦੇ ਵਿਕਾਸ ਲਈ ਅਤਿ ਜ਼ਰੂਰ ਪ੍ਰਾਜੈਕਟ ਦੱਸਿਆ ਜਾ ਰਿਹਾ ਹੈ, ਪਰ ਵਿਰੋਧ ਕਰਨ ਵਾਲੇ ਸਵਾਲ ਕਰ ਰਹੇ ਹਨ ਕਿ ਇਹ ਵਿਕਾਸ ਜਿਸ ਕੀਮਤ ‘ਤੇ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਉਹ ਪੰਜਾਬ ਦੇ ਭਵਿੱਖ ਲਈ ਵਿਨਾਸ਼ ਸਾਬਤ ਹੋਵੇਗਾ।

ਇਹ ਪ੍ਰਾਜੈਕਟ ਮੱਤੇਵਾੜਾ ਜੰਗਲ ਦੇ ਨਾਲ-ਨਾਲ ਸਤਲੁੱਜ ਦਰਿਆ ਲਈ ਵੀ ਵੱਡਾ ਖਤਰਾ ਹੈ। ਸਰਕਾਰ ਵੱਲੋਂ ਕਬਜ਼ੇ ਹੇਠ ਲਈ ਗਈ ਸਾਰੀ ਜਮੀਨ ਸਤਲੁੱਜ ਦਰਿਆ ਦੇ ਬੰਨ ਨਾਲ ਜੁੜਦੀ ਹੈ। ਸਾਲ 2018 ਵਿਚ ਬਿਆਸ ਦਰਿਆ ਨੇੜੇ ਲੱਗੀਆਂ ਫੈਕਟਰੀਆਂ ਵੱਲੋਂ ਦਰਿਆ ਵਿਚ ਸੁੱਟੇ ਗਏ ਕੈਮੀਕਲ ਨਾਲ ਹੋਏ ਨੁਕਸਾਨ ਨੇ ਸਾਰੇ ਪੰਜਾਬ ਨੂੰ ਨਮੋਸ਼ੀ ਦੇ ਆਲਮ ਵਿਚ ਸੁੱਟ ਦਿੱਤਾ ਸੀ। ਉਸ ਸਮੇਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਕਾਹਨ ਸਿੰਘ ਪੰਨੂੰ ਨੇ ਐਲਾਨ ਕੀਤਾ ਸੀ ਕਿ ਪੰਜਾਬ ਵਿਚ ਦਰਿਆਵਾਂ ਦੇ ਕੰਢੇ ਕਿਸੇ ਵੀ ਤਰਾਂ ਦੇ ਕਾਰਖਾਨਿਆਂ ਨੂੰ ਸਥਾਪਤ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਪਰ ਹੁਣ ਬਿਨਾਂ ਕਿਸੇ ਵਾਤਾਵਰਨ ਮਾਹਰ ਦੀ ਸਲਾਹ ਦੇ ਪੰਜਾਬ ਸਰਕਾਰ ਨੇ ਸਤਲੁੱਜ ਦਰਿਆ ਕੰਢੇ ਨਵੇਂ ਜ਼ਹਿਰ ਨੂੰ ਪੈਦਾ ਕਰਨ ਦਾ ਬੰਦੋਬਸਤ ਕਰ ਦਿੱਤਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਸਤਵਿੰਦਰ ਸਿੰਘ ਮਰਵਾਹਾ ਨੇ ਮੀਡੀਆ ਨਾਲ ਗੱਲ ਕਰਦਿਆਂ ਸਪਸ਼ਟ ਕੀਤਾ ਕਿ ਸਤਲੁੱਜ ਦਰਿਆ ਕੰਢੇ ਇਸ ਤਰਾਂ ਦੇ ਕਾਰਖਾਨੇ ਲਾਉਣ ਲਈ ਸਰਕਾਰ ਨੇ ਉਹਨਾਂ ਤੋਂ ਕੋਈ ਪ੍ਰਵਾਨਗੀ ਨਹੀਂ ਲਈ ਹੈ। ਬੋਰਡ ਤਾਂ ਇੱਥੋਂ ਤਕ ਕਹਿ ਰਿਹਾ ਹੈ ਕਿ ਉਹਨਾਂ ਨੂੰ ਇਸ ਪਲੈਨ ਦੀ ਕੋਈ ਇਤਲਾਹ ਹੀ ਨਹੀਂ ਦਿੱਤੀ ਗਈ। ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਉਹਨਾਂ ਨੂੰ ਵੀ ਇਸ ਬਾਰੇ ਖਬਰਾਂ ਤੋਂ ਹੀ ਪਤਾ ਲੱਗਿਆ ਹੈ।




**ਸਰਕਾਰ ਵੱਲੋਂ ਤਿਆਰ ਕੀਤਾ ਗਿਆ ਪਲੈਨ ਦਾ ਨਕਸ਼ਾ**

ਇਹਨਾਂ ਕਾਰਖਾਨਿਆਂ ਨੂੰ ਸਥਾਪਤ ਕਰਨ ਲਈ ਸਰਕਾਰ ਵੱਲੋਂ ਜਿਹੜੀ ਜ਼ਮੀਨ ‘ਤੇ ਕਬਜ਼ਾ ਕੀਤਾ ਗਿਆ ਹੈ ਉਹ ਬਿਲਕੁਲ ਸਤਲੁੱਜ ਦੇ ਨਾਲ ਲਗਦੀ ਹੈ। ਸਰਕਾਰ ਵੱਲੋਂ ਇਸ ਪਲੈਨ ਲਈ ਤਿਆਰ ਕੀਤੇ ਨਕਸ਼ੇ ਦੀ ਇਹ ਇਕ ਤਸਵੀਰ ‘ਅੰਮ੍ਰਿਤਸਰ ਟਾਈਮਜ਼’ ਨੂੰ ਹਾਸਲ ਹੋਈ ਹੈ। ਇਸ ਨਕਸ਼ੇ ਤੋਂ ਸਪਸ਼ਟ ਹੈ ਕਿ ਇਹਨਾਂ ਕਾਰਖਾਨਿਆਂ ਦਾ ਸਿੱਧਾ ਮਾਰੂ ਅਸਰ ਸਤਲੁੱਜ ਦਰਿਆ ‘ਤੇ ਪਵੇਗਾ।

## 2. ਮੱਤੇਵਾੜਾ ਜੰਗਲ ਦਾ ਉਜਾੜਾ

ਪੰਜਾਬ ਸਰਕਾਰ ਨੇ ਬੜੀ ਚਲਾਕੀ ਦੇ ਨਾਲ ਇਸ ਪ੍ਰਾਜੈਕਟ ਨੂੰ ਜੰਗਲਾਤ ਦੇ ਗੇੜ ਤੋਂ ਬਾਹਰ ਰੱਖਣ ਲਈ ਜੰਗਲ ਦੇ ਰਕਬੇ ਦੇ ਨਾਲ ਲਗਦੀ 1000 ਏਕੜ ਦੇ ਕਰੀਬ ਖੇਤੀ ਵਾਲੀ ਜ਼ਮੀਨ ‘ਤੇ ਇਹ ਕਾਰਖਾਨੇ ਲਾਉਣ ਦੀ ਨੀਤੀ ਬਣਾਈ ਹੈ। ਪਰ ਜੰਗਲੀ ਜੀਵਨ ਦੀ ਸੰਭਾਲ ਲਈ ਚੇਤੰਨ ਮਾਹਿਰਾਂ ਦਾ ਕਹਿਣਾ ਹੈ ਕਿ ਜੰਗਲ ਦੇ ਬਿਲਕੁਲ ਨਾਲ ਕੁਦਰਤੀ ਮਾਹੌਲ ਨੂੰ ਭੰਗ ਕਰਕੇ ਕਾਰਖਾਨੇ ਲਾਉਣ ਨਾਲ ਜੰਗਲ ਦਾ ਉਜਾੜਾ ਯਕੀਨੀ ਹੋਵੇਗਾ।

ਪੰਜਾਬ ਸੂਬੇ ਦੇ ਪਸ਼ੂ ਭਲਾਈ ਬੋਰਡ ਦੇ ਮੈਂਬਰ ਡਾ. ਸੰਦੀਪ ਜੈਨ ਨੇ ਕਿਹਾ ਕਿ ਜੇ ਕਾਰਖਾਨੇ ਜੰਗਲ ਦੀ ਜ਼ਮੀਨ ‘ਤੇ ਨਾ ਲੱਗ ਕੇ ਨਾਲ ਲਗਦੀ ਜ਼ਮੀਨ ‘ਤੇ ਵੀ ਬਣ ਰਹੇ ਹਨ ਤਾਂ ਵੀ ਇਹਨਾਂ ਦਾ ਜੰਗਲ ਅਤੇ ਜੰਗਲ ਵਿਚ ਰਹਿੰਦੇ ਜੀਆਂ ‘ਤੇ ਮਾਰੂ ਅਸਰ ਪਏਗਾ। ਉਹਨਾਂ ਕਿਹਾ ਕਿ ਇਹਨਾਂ ਕਾਰਖਾਨਿਆਂ ਨਾਲ ਧਰਤੀ ਹੇਠਲਾ ਪਾਣੀ ਖਰਾਬ ਹੋ ਜਾਵੇਗਾ, ਸਤਲੁੱਜ ਦਰਿਆ ਪਲੀਤ ਹੋ ਜਾਵੇਗਾ ਅਤੇ ਹਵਾ ਤੇ ਧੂਨੀ ਪ੍ਰਦੂਸ਼ਣ ਜੰਗਲ ਦੇ ਕੁਦਰਤੀ ਮਾਹੌਲ ਨੂੰ ਮਾਰੂ ਪੱਧਰ ਤਕ ਖਰਾਬ ਕਰੇਗਾ।




**ਸਰਕਾਰੀ ਐਲਾਨ ਮੁਤਾਬਕ ਪ੍ਰਭਾਵਤ ਹੋ ਰਿਹਾ ਇਲਾਕਾ**

ਵਾਤਾਵਰਨ ਅਤੇ ਸਿਹਰ ਸੁਰੱਖਿਆ ਸੁਸਾਇਟੀ ਦੀ ਗੁਰਸ਼ਰਨਜੀਤ ਕੌਰ ਨੇ ਕਿਹਾ ਕਿ ਉਹ ਭਾਰਤ ਦੇ ਕੌਮੀ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਨੂੰ ਸ਼ਿਕਾਇਤ ਕਰਕੇ ਇਸ ਮਾਮਲੇ ਵਿਚ ਦਖਲ ਦੇਣ ਲਈ ਕਹਿ ਰਹੇ ਹਨ। ਵਾਤਾਵਰਨ ਸੰਭਾਲ ਲਈ ਯਤਨਸ਼ੀਲ ਸੰਸ਼ਥਾ ‘ਈਕੋ ਸਿੱਖ’ ਦੇ ਪ੍ਰਧਾਨ ਡਾ. ਰਾਜਵੰਤ ਸਿੰਘ ਨੇ ਸਰਕਾਰ ਦੇ ਇਸ ਫੈਂਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਪੰਜਾਬ ਵਿਚ ਇਸ ਸਮੇਂ 4 ਫੀਸਦ ਤੋਂ ਵੀ ਘੱਟ ਇਲਾਕਾ ਜੰਗਲ ਹੇਠ ਬਚਿਆ ਹੈ ਅਤੇ ਸਰਕਾਰ ਦਾ ਇਹ ਫੈਂਸਲਾ ਪੰਜਾਬ ਦੇ ਪੌਣ-ਪਾਣੀ ਨੂੰ ਬਹੁਤ ਮਾੜੇ ਪੱਧਰ ਤਕ ਪ੍ਰਭਾਵਤ ਕਰੇਗਾ।

## 3. ਮੱਤੇਵਾੜਾ ਜੰਗਲ ਦੀ ਅਹਿਮੀਅਤ

ਮੱਤੇਵਾੜਾ ਜੰਗਲ ਪੰਜਾਬ ਦੇ ਸਭ ਬਚੇ ਕੁੱਝ ਜੰਗਲਾਂ ਵਿਚੋਂ ਬਹੁਤ ਅਹਿਮ ਹੈ। ਲੱਖਾਂ ਜੀਆਂ ਦਾ ਰੈਣ ਬਸੇਰਾ ਹੋਣ ਦੇ ਨਾਲ-ਨਾਲ ਇਸ ਜੰਗਲ ਵਿਚ ਕਈ ਦੁਰਲੱਭ ਰੁੱਖ, ਜੰਗਲੀ ਬੂਟੇ, ਵੇਲਾਂ ਹਨ। ਪੰਜਾਬ ਵਿਚੋਂ ਅਲੋਪ ਹੋ ਚੁੱਕੇ ਕਈ ਅਹਿਮ ਰੁੱਖਾਂ ਦੀਆਂ ਕਿਸਮਾਂ ਇਸ ਜੰਗਲ ਵਿਚ ਬਚੀਆਂ ਹੋਈਆਂ ਹਨ। ਪੰਜਾਬ ਦੀ ਜੈਵਿਕ ਭਿੰਨਤਾ ਦਾ ਇਹ ਇਕੋ ਇਕ ਕੀਮਤੀ ਇਲਾਕਾ ਹੈ। ਰਾਜ ਵਿੱਚ ਵੱਖ-ਵੱਖ ਚਿੜਿਆਘਰਾਂ ਵਿੱਚ ਪ੍ਰਫੁੱਲਤ ਹੋਣ ਵਾਲੇ ਹਿਰਨਾਂ ਦੀ ਵੱਧ ਤੋਂ ਵੱਧ ਆਬਾਦੀ ਅਤੇ ਰਾਜ ਵਿੱਚ ਬਚੇ ਹੋਏ ਜੀਵ ਜੰਤੂਆ ਨੂੰ ਇਸ ਰਿਜ਼ਰਵ ਵਿੱਚ ਰੱਖਿਆ ਗਿਆ ਹੈ। ਬੌਟੈਨੀਕਲ ਗਾਰਡਨ ਐਂਡ ਬਟਰਫਲਾਈ ਗਾਰਡਨ ਮੱਤੇਵਾੜਾ ਜੰਗਲਾਂ ਵਿਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਬਾਗ਼ਾਂ ਵਿਚੋਂ ਇਕ ਹੈ ਜੋ ਲੁਧਿਆਣਾ ਵਿਚ 2500 ਏਕੜ ਰਕਬੇ ਵਿਚ ਇਕ ਕੁਦਰਤੀ ਸਰੋਤ ਵਜੋਂ ਫੈਲਿਆ ਹੈ। ਇਥੇ ਦੋ ਮੁੱਖ ਬਗੀਚੇ ਹਨ, ਅਰਥਾਤ ਬੋਟੈਨੀਕਲ ਗਾਰਡਨ ਅਤੇ ਬਟਰਫਲਾਈ ਗਾਰਡਨ ਜਿੱਥੇ ਸੈਂਕੜੇ ਦੁਰਲੱਭ ਬੂਟਿਆਂ ਦੀ ਦੇਖਭਾਲ ਸਭ ਤੋਂ ਵੱਧ ਆਧੁਨਿਕ ਢੰਗ ਨਾਲ ਕੀਤੀ ਜਾ ਰਹੀ ਹੈ। ਬੋਟੈਨੀਕਲ ਗਾਰਡਨ ਵਿੱਚ 12 ਭਾਗ ਹਨ।

## 4. ਘੁੱਗ ਵਸਦਾ ਮਜ਼ਹਬੀ ਸਿੱਖਾਂ ਦਾ ਪਿੰਡ ਉੱਜਾੜ ਰਹੀ ਹੈ ਸਰਕਾਰ

ਸਰਕਾਰ ਵੱਲੋਂ ਇਹਨਾਂ ਕਾਰਖਾਨਿਆਂ ਲਈ ਜਿਹੜੀ ਸਭ ਤੋਂ ਵੱਧ ਜ਼ਮੀਨ ਐਕਵਾਇਰ ਕੀਤੀ ਗਈ ਹੈ ਉਹ ਸੇਖੋਂਵਾਲ ਪਿੰਡ ਹੈ। ਸੇਖੋਂਵਾਲ ਪਿੰਡ ਸਤਲੁੱਜ ਦਰਿਆ ਦੇ ਬਿਲਕੁਲ ਕੰਢੇ ਵਸਿਆ ਹੋਇਆ ਪਿੰਡ ਹੈ। ਇਸ ਪਿੰਡ ਵਿਚ 70 ਦੇ ਕਰੀਬ ਘਰ ਹਨ ਜੋ ਸਾਰੇ ਮਜ਼ਹਬੀ ਸਿੱਖ (ਦਲਿਤ) ਪਰਿਵਾਰ ਹਨ। ਇਹਨਾਂ ਪਰਿਵਾਰਾਂ ਦੇ ਜੀਵਨ ਬਸਰ ਦਾ ਇਕੋ ਇਕ ਆਸਰਾ ਇਹ ਪੰਚਾਇਤੀ ਜ਼ਮੀਨ ਹੀ ਸੀ, ਜਿਸ ‘ਤੇ ਸਰਕਾਰ ਨੇ ਕਬਜ਼ਾ ਕਰ ਲਿਆ ਹੈ। ਇਸ ਪੰਚਾਇਤੀ ਜ਼ਮੀਨ ਤੋਂ ਇਲਾਵਾ ਇਹਨਾਂ ਪਰਿਵਾਰਾਂ ਕੋਲ ਆਪਣੀ ਜਿਹੜੀ ਥੋੜੀ ਮਲਕੀਅਤ ਹੈ ਉਹ ਸਾਰੀ ਸਤਲੁੱਜ ਦਰਿਆ ਵਿਚ ਵਹਿੰਦੀ ਹੈ। ਪਿੰਡ ਦੇ 20 ਸਾਲ ਸਰਪੰਚ ਰਹੇ ਬਜ਼ੁਰਗ ਧੀਰਾ ਸਿੰਘ ਨੇ ਦੱਸਿਆ ਕਿ ਪਿੰਡ ਕੋਲ ਕੁੱਲ 600 ਏਕੜ ਦੇ ਕਰੀਬ ਜ਼ਮੀਨ ਹੈ ਜਿਸ ਵਿਚੋਂ 500 ਏਕੜ ਦੇ ਕਰੀਬ ਜ਼ਮੀਨ ਸਰਕਾਰ ਨੇ ਕਬਜ਼ੇ ਵਿਚ ਲੈ ਲਈ ਹੈ। ਰਹਿੰਦੀ ਜ਼ਮੀਨ ਦਾ ਵੀ ਜ਼ਿਆਦਾ ਹਿੱਸਾ ਦਰਿਆ ਵਿਚ ਹੈ।

ਸਰਪੰਚ ਧੀਰਾ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਬਜ਼ੁਰਗ ਮਾਝੇ ਵਿਚੋਂ ਉੱਠ ਕੇ ਇਸ ਥਾਂ ਬੈਠੇ ਸੀ। ਉਹਨਾਂ ਮਿਹਨਤ ਨਾਲ ਇਸ ਜ਼ਮੀਨ ਨੂੰ ਅਬਾਦੀ ਕੀਤਾ। ਇਸ ਤੋਂ ਬਾਅਦ ਸਰਕਾਰ ਨੇ ਆਲੂ ਬੀਜ ਖੋਜ ਕੇਂਦਰ ਬਣਾਉਣ ਲਈ ਇਸ ਜ਼ਮੀਨ ‘ਤੇ ਕਬਜ਼ਾ ਕਰ ਲਿਆ। ਪਿੰਡ ਦੇ ਲੋਕਾਂ ਨੇ ਲਗਭਗ ਦੋ ਦਹਾਕੇ ਅਦਾਲਤੀ ਸੰਘਰਸ਼ ਕਰਕੇ ਇਸ ਜ਼ਮੀਨ ‘ਤੇ ਪੰਚਾਇਤ ਦਾ ਹੱਕ ਬਹਾਲ ਕਰਵਾਇਆ। ਉਹਨਾਂ ਦਾ ਕਹਿਣਾ ਹੈ ਕਿ ਹੁਣ ਸਰਕਾਰ ਫੇਰ ਜ਼ਬਰਦਸਤੀ ਉਹਨਾਂ ਦੀ ਜ਼ਮੀਨ ‘ਤੇ ਕਬਜ਼ਾ ਕਰਕੇ ਘੁੱਗ ਵਸਦੇ ਪਿੰਡ ਨੂੰ ਉਜਾੜ ਰਹੀ ਹੈ।



**ਪਿੰਡ ਦੀ ਜ਼ਮੀਨ ‘ਤੇ ਖੜੀ ਝੋਨੇ ਦੀ ਫਸਲ**

ਜਿੱਥੇ ਸਰਕਾਰ ਪੰਚਾਇਤਾਂ ਦੇ ਮਤਿਆਂ ਦੇ ਅਧਾਰ ‘ਤੇ ਦਾਅਵਾ ਕਰ ਰਹੀ ਹੈ ਕਿ ਪਿੰਡ ਦੇ ਲੋਕ ਇਹ ਜ਼ਮੀਨ ਸਰਕਾਰ ਨੂੰ ਦੇਣ ਵਾਸਤੇ ਸਹਿਮਤ ਹਨ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਪਿੰਡ ਦੇ ਲੋਕ ਜ਼ਮੀਨ ‘ਤੇ ਸਰਕਾਰੀ ਕਬਜ਼ੇ ਦਾ ਵਿਰੋਧ ਕਰ ਰਹੇ ਹਨ।

ਸਰਕਾਰ ਦੇ ਇਸ ਪ੍ਰਾਜੈਕਟ ਵਿਚ ਸਲੇਮਪੁਰ ਪਿੰਡ ਦੀ ਵੀ 28 ਏਕੜ ਦੇ ਕਰੀਬ ਜ਼ਮੀਨ ‘ਤੇ ਕਬਜ਼ਾ ਕੀਤਾ ਜਾ ਰਿਹਾ ਹੈ। ਇਹ ਪਿੰਡ ਵੀ ਬਹੁਤਾਤ ਦਲਿਤ ਅਬਾਦੀ ਨਾਲ ਹੀ ਸਬੰਧਿਤ ਹੈ ਅਤੇ ਇਹਨਾਂ ਦੀ ਜ਼ਿੰਦਗੀ ਵੀ ਇਸ ਪੰਚਾਇਤੀ ਜ਼ਮੀਨ ‘ਤੇ ਹੀ ਨਿਰਭਰ ਹੈ। ਪਿੰਡ ਦੇ ਸਰਪੰਚ ਨੇ ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਦੋਂ ਡੀਸੀ ਨੇ ਉਹਨਾਂ ਨੂੰ ਬੁਲਾ ਕੇ ਜ਼ਮੀਨ ਦੇਣ ਸਬੰਧੀ ਮਤੇ ‘ਤੇ ਦਸਤਖਤ ਕਰਵਾਏ ਤਾਂ ਉਹਨਾਂ ਡੀਸੀ ਅੱਗੇ ਮੰਗ ਰੱਖੀ ਸੀ ਕਿ ਇਕ ਤਾਂ ਇਹਨਾਂ ਕਾਰਖਾਨਿਆਂ ਵਿਚ ਪਿੰਡਾਂ ਦੇ ਲੋਕਾਂ ਨੂੰ ਨੌਕਰੀਆਂ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਦੂਜਾ ਕਿ ਇਹ ਫੈਕਟਰੀਆਂ ਪ੍ਰਦੂਸ਼ਣ ਰਹਿਤ ਹੋਣ। ਪਰ ਸਰਕਾਰ ਨੇ ਪੰਚਾਇਤਾਂ ਤੋਂ ਮਤਿਆਂ ‘ਤੇ ਦਸਤਖਤ ਤਾਂ ਕਰਵਾ ਲਏ ਪਰ ਲੋਕਾਂ ਨੂੰ ਇਹ ਕੁੱਝ ਨਹੀਂ ਪਤਾ ਕਿ ਸਰਕਾਰ ਕਿਹੜੀਆਂ ਫੈਕਟਰੀਆਂ ਲਾਉਣ ਜਾ ਰਹੀ ਹੈ ਅਤੇ ਨਾ ਹੀ ਪਿੰਡ ਦੇ ਲੋਕਾਂ ਨੂੰ ਨੌਕਰੀਆਂ ਦੇਣ ਦੀ ਕੋਈ ਸ਼ਰਤ ਰੱਖੀ ਗਈ ਹੈ।

ਜ਼ਿਕਰਯੋਗ ਹੈ ਕਿ ਸਰਕਾਰ ਨੇ ਇਸ ਜ਼ਮੀਨ ‘ਤੇ ਕਬਜ਼ਾ ਕਰਨ ਦਾ ਐਲਾਨ ਕਰ ਦਿੱਤਾ ਹੈ ਪਰ ਪੰਚਾਇਤਾਂ ਨੂੰ ਇਸ ਦੀ ਕੋਈ ਵੀ ਰਕਮ ਨਹੀਂ ਦਿੱਤੀ ਗਈ ਅਤੇ ਸਰਪੰਚਾਂ ਨੂੰ ਇਹ ਵੀ ਸਾਫ ਨਹੀਂ ਕਿ ਉਹਨਾਂ ਨੂੰ ਇਸ ਜ਼ਮੀਨ ਦੀ ਕੋਈ ਕੀਮਤ ਮਿਲੇਗੀ ਵੀ ਜਾਂ ਨਹੀਂ। ਸਰਪੰਚਾਂ ਨੂੰ ਜਦੋਂ ਪੁੱਛਿਆ ਗਿਆ ਕਿ ਬਿਨਾਂ ਕਿਸੇ ਤੈਅ ਸ਼ਰਤ ਤੋਂ ਉਹਨਾਂ ਮਤਾ ਕਿਉਂ ਪਾਇਆ ਤਾਂ ਸਰਪੰਚਾਂ ਦਾ ਕਹਿਣਾ ਸੀ ਕਿ ਸਰਕਾਰ ਅੱਗੇ ਉਹ ਕੀ ਕਰ ਸਕਦੇ ਹਨ।

# ਸੈਨ ਮੈਟੋ - ਕੈਲੀਫੋਰਨੀਆ ਦੀ # 1 ਜਨਗਣਨਾ ਦੀ ਸਫਲਤਾ ਦੀ ਕਹਾਣੀ

**- ਪਿਲਰ ਮੈਰੇਰੋ**
**ਨਸਲੀ ਮੀਡੀਆ ਸੇਵਾਵਾਂ**

ਸੈਨ ਮੈਟਿਓ ਕਾਉਂਟੀ ਨੇ ਇਸ ਵਿਚਲੇ ਭਾਈਚਾਰਿਆਂ ਨੂੰ ਨੇੜਿਓਂ ਜਾਣਨ ਵਾਲੇ ਸਥਾਨਕ ਸੰਗਠਨਾਂ ਦੇ ਨਾਲ ਕੰਮ ਕਰਦੇ ਹੋਏ ਅਤੇ ਉਹਨਾਂ ਤਕ ਮਰਦਮਸ਼ੁਮਾਰੀ ਵਾਰੇ ਸਟੀਕ ਸੰਦੇਸ਼ ਪਹੁੰਚਾਂਦੇ ਹੋਏ ਪੂਰੇ ਕੈਲੀਫੋਰਨੀਆ ਵਿੱਚ ਮਰਦਮਸ਼ੁਮਾਰੀ ਲਈ ਸਭ ਤੋਂ ਵੱਧ ਸਵੈ-ਪ੍ਰਤੀਕ੍ਰਿਆ/ਉੱਤਰ ਦਰ ਪ੍ਰਾਪਤ ਕੀਤੀ ਹੈ।

ਐਥਨਿਕ ਮੀਡੀਆ ਸਰਵਿਸਿਜ਼ ਦੀ ਮੇਜ਼ਬਾਨੀ ਵਿਚ 30 ਜੂਨ ਦੇ ਕਾਨਫ਼ਰੰਸ ਸੱਦੇ ਦੌਰਾਨ ਅਧਿਕਾਰੀਆਂ ਨੇ ਕਿਹਾ ਕਿ ਇਹ ਜ਼ਮੀਨੀ ਪੱਧਰ ਤੇ ਕੰਮ ਕਰਨ ਵਾਲੇ ਭਰੋਸੇਯੋਗ ਅਤੇ ਸੂਬਾ-ਵਿਆਪੀ ਮੈਸੇਂਜਰਾਂ ਦੁਆਰਾ ਕੀਤੇ ਗਏ ਯਤਨ, ਰਾਜ (ਸਟੇਟ) ਅਤੇ ਕਾਉਂਟੀ ਦੇ 1.3 ਮਿਲੀਅਨ ਡਾਲਰ ਦੀ ਰਾਸ਼ੀ ਦੁਆਰਾ ਫੰਡ ਕੀਤੇ ਗਏ ਸਨ।

ਸੈਨ ਮੈਟਿਓ ਕਾਉਂਟੀ ਨੇ 2020 ਦੀ ਮਰਦਮਸ਼ੁਮਾਰੀ ਵਿਚ 72.8% ਦੀ ਸਵੈ-ਪ੍ਰਤੀਕ੍ਰਿਆ/ਉੱਤਰ ਦੇ ਅੰਕੜੇ 'ਤੇ ਪਹੁੰਚ ਕੀਤੀ ਹੈ, ਜੋ ਕਿ ਰਾਜ ਦੀ 62.9% ਦੀ ਔਸਤ ਅਤੇ ਦੇਸ਼ ਦੀ 61.8% ਦੀ ਔਸਤ ਨਾਲੋਂ ਵੱਧ ਹੈ।

ਇਸਦਾ ਅਰਥ ਇਹ ਹੈ ਕਿ ਮਰਦਮਸ਼ੁਮਾਰੀ ਗਣਨਕਾਰਾਂ ਦੁਆਰਾ ਯੂ.ਐਸ. ਦੇ ਦੀਆਂ ਕੁਝ ਥਾਵਾਂ ਲਈ ਮੱਧ ਜੁਲਾਈ ਅਤੇ ਬਾਕੀ ਥਾਵਾਂ ਲਈ ਅਗਸਤ ਵਿਚ ਅਰੰਭੀ ਜਾਣੀ ਘਰ-ਘਰ ਫੇਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਚਾਰ ਵਿਚੋਂ ਤਿੰਨ ਕਾਉਂਟੀ ਵਸਨੀਕਾਂ ਨੇ ਜਨਸੰਖਿਆ ਪ੍ਰਸ਼ਨ ਪੱਤਰ ਭਰ ਲਏ ਹਨ।

ਸੈਨ ਫ੍ਰੈਨਸਿਸਕੋ ਪ੍ਰਾਇਦੀਪ ਦੇ ਬੇਅ ਏਰੀਆ ਵਿੱਚ ਸੈਨ ਫ੍ਰਾਂਸਿਸਕੋ ਅਤੇ ਪਾਲੋ ਆਲਟੋ ਸ਼ਹਿਰਾਂ ਦੇ ਵਿਚਕਾਰ ਸਥਿਤ ਸੈਨ ਮੈਟਿਓ ਕਾਉਂਟੀ ਵੱਖੋ-ਵੱਖਰੇ ਤਰਾਂ ਦੇ ਭਾਈਚਾਰਿਆਂ ਨਾਲ ਭਰੀ /ਵਸੀ ਹੋਈ ਹੈ ਅਤੇ ਸਵੈ-ਉੱਤਰ ਦੇ ਅੰਕੜਿਆਂ ਦੀ ਚੰਗੀ ਮਿਆਰ ਵਿੱਚ ਵੀ (ਜਗਾ-ਜਗਾ ਅਨੁਸਾਰ) ਵੱਡਾ ਅੰਤਰ ਹੈ। ਸਥਾਨਕ ਸਮੂਹਾਂ ਦੇ ਅਨੁਸਾਰ ਕਾਉਂਟੀ ਦੇ ਕੁਝ ਸ਼ਹਿਰ, ਜਿਵੇਂ ਕਿ ਪੇਸਕੇਡੇਰੋ ਅਤੇ ਈਸਟ ਪਾਲੋ ਆਲਟੋ ਚੰਗੇ ਸਵੈ-ਉੱਤਰ ਅੰਕੜੇ ਹੋਣ ਵਿੱਚ ਬਹੁਤ ਪਿੱਛੇ ਹਨ।

ਸੈਨ ਮੈਟੋ ਕਾਉਂਟੀ ਆਫਿਸ ਆਫ ਕਮਿਊਨਿਟੀ ਅਫੇਅਰਜ਼ ਦੀ ਮਰਦਮਸ਼ੁਮਾਰੀ ਪ੍ਰਬੰਧਨ ਵਿਸ਼ਲੇਸ਼ਕ ਮੇਗਨ ਗੋਸ਼ ਨੇ ਕਿਹਾ ਕਿ ਸੂਬੇ ਨੇ ਜਨਵਰੀ, 2018 ਤੋਂ ਮਰਦਮਸ਼ੁਮਾਰੀ ਪ੍ਰਤੀਕ੍ਰਿਆਵਾਂ ਨੂੰ ਉਤਸ਼ਾਹਤ ਕਰਨ ਲਈ ਪ੍ਰੋਜੈਕਟ 'ਤੇ ਕੰਮ ਕਰਨਾ ਸ਼ੁਰੂ ਕੀਤਾ।

ਉਹਨਾਂ( ਮੇਗਨ ਗੋਸ਼ ਨੇ) ਕਿਹਾ ਸਾਡੇ ਕੋਲ ਬਹੁਤ ਸਾਰੀਆਂ ਚੁਣੌਤੀਆਂ ਸਨ: ਸੈਨ ਮੈਟਿਓ ਦੇ 20 ਵਿੱਚੋਂ 13 ਸ਼ਹਿਰਾਂ ਵਿੱਚ ਅਜਿਹੇ ਮਰਦਮਸ਼ੁਮਾਰੀ ਖੇਤਰ ਸਨ ਜਿਹਨਾਂ ਵਿਚ ਗਿਣਤੀ ਕਰਨਾ ਬਹੁਤ ਔਖਾ ਸੀ ਅਤੇ ਇਸਦੇ ਨਾਲ ਹੀ ਪੂਰੀ ਕਾਉਂਟੀ ਵਿੱਚ ਗੈਰ-ਸੰਗ੍ਰਹਿਤ ਖੇਤਰ ਵੀ ਸਨ।

ਉਸ ਨੇ ਕਿਹਾ ਕਿ ਗਿਣਤੀ ਦੀ ਔਖਿਆਈ ਵਾਲੇ ਸਮੂਹਾਂ ਵਿੱਚ ਕਿਰਾਏਦਾਰ, ਗੈਰ-ਨਾਗਰਿਕ, ਸੀਮਤ ਅੰਗ੍ਰੇਜ਼ੀ ਦੀ ਮੁਹਾਰਤ ਵਾਲੇ ਨਿਵਾਸੀ ਅਤੇ, 5 ਸਾਲ ਤੋਂ ਘੱਟ ਉਮਰ ਦੇ ਬੱਚੇ ਸ਼ਾਮਲ ਹਨ। ਕੈਲੀਫੋਰਨੀਆ ਆਪਣੇ ਆਪ ਵਿੱਚ ਹੀ ਇੱਕ ਗਿਣਤੀ ਵਿਚ ਔਖਿਆਈ ਪੇਸ਼ ਕਰਨ ਵਾਲਾ ਰਾਜ ਹੈ।

ਕਾਉਂਟੀ ਵਿਚ ਕਿਫਾਇਤੀ ਮਕਾਨਾਂ ਦੀ ਘਾਟ ਦਾ ਅਰਥ ਹੈ ਕਿ ਬਹੁਤ ਸਾਰੇ ਪਤੇ ਜਨਗਣਨਾ ਬਿਊਰੋ ਕੋਲ ਦਰਜ ਨਹੀਂ ਹੁੰਦੇ ਕਿਉਂਕਿ ਉਹ "ਗੈਰ-ਪ੍ਰੰਪਰਾਗਤ" ਰਿਹਾਇਸ਼ੀ ਇਕਾਈਆਂ ਨਾਲ ਜੁੜੇ ਹੋਏ ਹਨ, ਜਿਵੇਂ ਕਿ (ਰਹਾਇਸ਼ ਲਈ) ਤਬਦੀਲ ਕੀਤੇ ਗੈਰੇਜ ਅਤੇ ਮਨੋਰੰਜਨ ਵਾਲੇ ਵਾਹਨ। ਦੂਜੇ ਮਾਮਲਿਆਂ ਵਿੱਚ, ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਚਿੱਠੀਆਂ ਜਾਂ ਪ੍ਰਸ਼ਨਾਵਲੀ ਪੱਤਰ ਨਹੀਂ ਮਿਲਦੇ ਕਿਉਂਕਿ ਬਿਊਰੋ ਉਹਨਾਂ ਨੂੰ ਡਾਕਘਰ ਬਕਸਿਆਂ ਵਿੱਚ ਨਹੀਂ ਪਹੁੰਚਾਉਂਦਾ, ਜੋ ਕੇ ਜਿਆਦਾਤਰ ਪੇਂਡੂ ਵਸਨੀਕਾਂ ਵਲੋਂ ਇਸਤੇਮਾਲ ਕੀਤਾ ਜਾਂਦਾ ਹੈ।

ਗੋਸ਼ ਨੇ ਕਿਹਾ, ਅਸੀਂ ਸ਼ਹਿਰ ਯੋਜਨਾਕਾਰਾਂ ਅਤੇ ਸਥਾਨਕ ਸੰਸਥਾਵਾਂ ਨਾਲ ਮਿਲ ਕੇ ਉਨਾਂ ਗੈਰ ਰਵਾਇਤੀ ਇਕਾਈਆਂ ਵਾਲੇ ਖੇਤਰਾਂ ਵਿੱਚ ਪ੍ਰਚਾਰ ਕਰਨ ਅਤੇ ਉਨਾਂ ਦੇ ਪਤੇ ਜਨਗਣਨਾ ਦੀ ਮਾਸਟਰ ਲਿਸਟ ਵਿੱਚ ਸ਼ਾਮਲ ਕਰਨ ਲਈ ਕੰਮ ਕੀਤਾ।

ਇਹ ਕਾਉਂਟੀ ਪ੍ਰੋਜੈਕਟ ਮਰਦਮਸ਼ੁਮਾਰੀ ਮਾਸਟਰ ਫਾਈਲਾਂ ਵਿੱਚ 2,000 ਐਡਰੈੱਸ ਜੋੜਨ ਵਿੱਚ ਕਾਮਯਾਬ ਹੋਇਆ। ਪ੍ਰਤੀ ਘਰ ਘੱਟੋ-ਘੱਟ ਦੋ ਵਿਅਕਤੀ ਦੀ ਗਿਣਤੀ ਦੇ ਅਨੁਸਾਰ ਵੀ ਇਹ ਨਵੇਂ ਜੋੜੇ ਗਏ ਪਤਿਆਂ ਦਾ ਨਤੀਜਾ ਕਾਉਂਟੀ ਲਈ ਪ੍ਰਤੀ ਸਾਲ 4 ਮਿਲੀਅਨ ਡਾਲਰ ਦਾ ਵਾਧਾ ਹੈ ਕਿਉਂ ਕੇ ਆਬਾਦੀ ਦੀ ਗਿਣਤੀ ਸੰਘ ਅਤੇ ਰਾਜ ਦੇ ਸਰੋਤਾਂ ਦੀ ਵੰਡ ਨਾਲ ਜੁੜੀ ਹੋਈ ਹੈ। ਇਨਾਂ ਦੀ ਵਰਤੋਂ ਚੋਣ ਜ਼ਿਲ੍ਹੇ ਬਣਾਉਣ ਲਈ ਵੀ ਕੀਤੀ ਜਾਂਦੀ ਹੈ ਜੋ ਕੇ ਸਾਰੇ ਭਾਈਚਾਰਿਆਂ ਦੀ ਰਾਜਨੀਤਿਕ ਨੁਮਾਇੰਦਗੀ ਨੂੰ ਯਕੀਨੀ ਬਨਾਉਣ ਲਈ ਹੁੰਦੇ ਹਨ। ਅਬਾਦੀ ਦੀ ਅਸਲ ਨਾਲੋਂ ਘੱਟ ਗਿਣਤੀ ਇਸ ਰਾਜਨੀਤਿਕ ਪ੍ਰਤੀਨਿੱਧਤਾ ਨੂੰ ਵੀ ਘਟਾਉਂਦੀ ਹੈ।

ਗੋਸ਼ ਅਤੇ ਹੋਰ ਕਾਉਂਟੀ ਅਤੇ ਭਾਈਚਾਰਕ ਆਗੂਆਂ ਨੇ ਉਹਨਾਂ ਭਾਈਚਾਰਿਆਂ ਵਾਰੇ ਨਜ਼ਦੀਕੀ ਗਿਆਨ ਹਾਸਲ ਕਰਨ ਲਈ ਦੋ ਸਾਲਾਂ ਤੋਂ ਵੱਧ ਦੀ ਕੋਸ਼ਿਸ਼ ਵਾਰੇ ਦੱਸਿਆ ਅਤੇ ਦੱਸਿਆ ਕੇ ਕਿਹੜੀਆਂ ਚੀਜ਼ਾਂ ਉਹਨਾਂ ਲਈ ਕਾਰਗਾਰ ਸਾਬਤ ਹੋਇਆਂ, ਅਤੇ ਦੱਸਿਆ ਕੇ ਕਦੇ-2 ਵਸਨੀਕਾਂ ਨੂੰ ਮਰਦਮਸ਼ੁਮਾਰੀ ਵਿਚ ਹਿੱਸਾ ਲੈਣ ਵਾਸਤੇ ਸਮਝਾਉਣ ਲਈ ਨਿਰਧਾਰਤ ਦਿਸ਼ਾ ਅਤੇ ਉਹਨਾਂ ਲਈ ਬਣਾਏ ਗਏ ਸੰਦੇਸ਼ ਨੂੰ ਬਦਲਣਾ ਵੀ ਪਿਆ।

ਸੈਨ ਮੈਟੋ ਕਾਉਂਟੀ ਦੀ ਮਰਦਮਸ਼ੁਮਾਰੀ ਮਾਹਰ ਮੇਲਿਸਾ ਵਰਗਾਰਾ ਨੇ ਦੱਸਿਆ ਕੇ, ਉਦਾਹਰਣ ਵਜੋਂ, ਸਾਨੂੰ ਇਹ ਸੁਨੇਹਾ ਮਿਲਿਆ ਕਿ ਡੈਲੀ ਸਿਟੀ ਦੇ ਕਿਰਾਏਦਾਰ, ਵਿਸ਼ਵਾਸ ਦੀ ਘਾਟ ਕਾਰਨ, ਜਨਗਣਨਾ ਲਈ ਆਪਣੀ ਜਾਣਕਾਰੀ ਸਾਂਝੀ ਕਰਨ ਤੋਂ ਝਿਜਕ ਰਹੇ ਸਨ; ਇਸ ਲਈ ਅਸੀਂ ਇਕ ਸੋਧਤ ਸੰਦੇਸ਼ ਨਾਲ ਦਰਵਾਜੇ ਦੇ ਲਮਕਣ ਵਾਲਾ ਪਰਚਾ ਬਣਾਇਆ ਜੋ ਮਰਦਮਸ਼ੁਮਾਰੀ ਦੇ ਗੋਪਨੀਯਤਾ ਕਾਨੂੰਨਾਂ ਬਾਰੇ ਵਿਸ਼ੇਸ਼ ਤੌਰ 'ਤੇ ਗੱਲ ਕਰਦਾ ਸੀ।

ਦੂਜੇ ਖੇਤਰ, ਜ਼ਿਪ ਕੋਡ, ਵੀਡਿਓ ਅਤੇ ਬੱਸ ਸ਼ੈਲਟਰ ਬਿੱਲ ਬੋਰਡਾਂ ਦੁਆਰਾ, ਸੋਸ਼ਲ ਮੀਡੀਆ ਮੁਹਿੰਮਾਂ ਅਤੇ ਇੰਟਰਨੈਟ ਵਿਗਿਆਪਨਾਂ ਦੁਆਰਾ "ਹਾਈਪਰ-ਟਾਰਗੇਟਡ" ਸੁਨੇਹੇ ਪ੍ਰਾਪਤ ਕਰ ਰਹੇ ਹਨ। ਸਥਾਨਕ ਨਸਲੀ ਰਚਨਾ ਦੇ ਅਧਾਰ ਤੇ ਵੱਖੋ-ਵੱਖਰੀਆਂ ਭਾਸ਼ਾਵਾਂ ਵਿੱਚ ਧਾਰਮਿਕ ਸਮਾਗਮ ਵੀ ਲੋਕਾਂ ਤੱਕ ਪਹੁੰਚ ਕਰਨ ਵਿਚ ਮੱਦਦ ਕਰ ਰਹੇ ਸਨ।

ਰਚਨਾਤਮਕਤਾ ਅਤੇ ਲਚਕਤਾ ਸਥਾਨਕ ਸੰਗਠਨਾਂ ਦੁਆਰਾ ਵਰਤੀ ਗਈ ਰਣਨੀਤੀ ਦੇ ਅਹਿਮ ਹਿੱਸੇ ਹਨ। ਪੇਸਕੇਡੇਰੋ ਵਿਚ ਪੁੰਟੇ ਡੇ ਲਾ ਕੋਸਟਾ ਸਰ ਦੀ ਕਾਰਜਕਾਰੀ ਨਿਰਦੇਸ਼ਕ ਰੀਟਾ ਮੈਂਸਰਾ ਨੇ ਕਿਹਾ ਕਿ 2010 ਦੀ ਮਰਦਮਸ਼ੁਮਾਰੀ ਵਿੱਚ ਉਸਦੇ ਭਾਈਚਾਰੇ ਦੀ ਗਿਣਤੀ ਅਸਲ ਨਾਲੋਂ ਬਹੁਤ ਹੀ ਗੰਭੀਰ ਦਰਜੇ ਘੱਟ ਸੀ, ਅਤੇ ਉਸਨੇ ਇਹ ਵੀ ਦੱਸਿਆ ਕੇ ਸਾਰਿਆਂ ਤੱਕ ਪਹੁੰਚਣ ਵਿੱਚ ਇੱਕੋ ਵਿਊਂਤ ਕਾਰਗਰ ਨਹੀਂ ਹੁੰਦੀ।

ਮੈਂਸਰਾ ਨੇ ਕਿਹਾ, '2010 ਦੀ ਮਰਦਮਸ਼ੁਮਾਰੀ ਵਿਚ ਸਾਡੇ ਭਾਈਚਾਰੇ ਵਿਚ 2,019 ਨਿਵਾਸੀਆਂ ਦੀ ਗਿਣਤੀ ਕੀਤੀ ਗਈ ਸੀ, ਪਰ ਸਾਨੂੰ ਪਤਾ ਸੀ ਕਿ ਅਸੀਂ ਘੱਟੋ-ਘੱਟ 1,600 ਵਿਅਕਤੀਆਂ ਨਾਲ ਮਿਲਣੀ ਕੀਤੀ ਹੈ, ਇਸ ਲਈ ਸਾਡਾ ਅਨੁਮਾਨ ਹੈ ਕਿ ਸਾਡੇ ਕੋਲ 5,000 ਤੋਂ 6,000 ਦੇ ਵਿਚਕਾਰ ਵਸਨੀਕ ਸਨ, ਜਿਨਾਂ ਵਿਚੋਂ ਜ਼ਿਆਦਾਤਰ ਛੱਡੇ ਗਏ ਸਨ। ਉਸਦਾ ਅਨੁਮਾਨ ਹੈ ਕਿ 2010 ਵਿਚ ਸਿਰਫ 33% ਭਾਈਚਾਰੇ ਦੀ ਗਿਣਤੀ ਕੀਤੀ ਗਈ ਸੀ।

ਇਸ ਸਾਲ ਹੁਣ ਤੱਕ, ਪੇਸਕੇਡੇਰੋ ਦੀ ਪ੍ਰਤੀਕ੍ਰਿਆ ਦਰ 46.1% ਹੈ। ਅਤੇ ਇਸ ਸਤਰ ਤੱਕ ਪਹੁੰਚਣਾ ਬਹੁਤ ਮੁਸ਼ਕਲ ਸੀ,' ਉਹਨਾਂ ਨੇ ਪਿਛਲੀ ਗੱਲ ਨੂੰ ਪੂਰਾ ਕਰਦੇ ਹੋਏ ਕਿਹਾ।

ਮੈਂਸਰਾ ਕਹਿੰਦੀ ਹੈ ਕਿ ਬਹੁਤ ਸਾਰੇ ਪ੍ਰਵਾਸੀ ਵਸਨੀਕਾਂ ਦੇ ਆਪਣੇ ਦੇਸ਼ ਵਿੱਚ (ਮਰਦਮਸ਼ੁਮਾਰੀ ਬਾਰੇ) ਤਜ਼ਰਬੇ ਕਰਕੇ ਭਰੋਸੇਯੋਗਤਾ ਦੇ ਮੁੱਦੇ ਹਨ। ਪਰ ਸੰਗਠਨ ਨੇ ਉਹਨਾਂ ਸਮੂਹਾਂ ਅਤੇ ਪਰਿਵਾਰਾਂ ਨਾਲ ਆਪਣੇ ਸੰਬੰਧਾਂ ਦੀ ਵਰਤੋਂ ਮਰਦਮਸ਼ੁਮਾਰੀ ਵਿਚ ਹਿੱਸਾ ਲੈਣ ਲਈ ਕੀਤੀ ਹੈ।

ਉਸਨੇ ਦੱਸਿਆ, ਅਸੀਂ ਹਰ ਵੀਰਵਾਰ ਤਕਰੀਬਨ 200 ਘਰਾਂ ਨੂੰ ਸਹਾਇਤਾ ਵੰਡਦੇ ਹਾਂ, ਉਨਾਂ ਨੂੰ ਜਨਗਣਨਾ ਦਾ ਜਵਾਬ ਦੇਣ ਲਈ ਫੋਨ ਵਰਤਣ ਦੀ ਅਪੀਲ ਕਰਦੇ ਹਾਂ। ਅਸੀਂ ਇੱਕ ਵਿਅਕਤੀ ਨੂੰ ਲਗਭਗ ਉਨਾਂ 250 ਪਰਿਵਾਰਾਂ ਨੂੰ ਫੋਨ ਕਰਨ ਲਈ ਨਿਯੁਕਤ ਕੀਤਾ ਜੋ ਪਿਛਲੇ ਸਾਲ ਸਾਡੇ ਤੋਂ ਸਕੂਲ ਦੀ ਸਪਲਾਈ ਪ੍ਰਾਪਤ ਕਰ ਚੁੱਕੇ ਸਨ, ਇਸ ਲਈ ਅਸੀਂ ਉਨਾਂ ਨੂੰ ਫੋਨ ਤੇ ਮਰਦਮਸ਼ੁਮਾਰੀ ਦਾ ਜਵਾਬ ਦੇਣ ਵਿੱਚ ਸਹਾਇਤਾ ਕਰ ਸਕਦੇ ਹਾਂ। ਇੱਥੇ ਬਹੁਤ ਸਾਰੇ ਗੈਰ ਰਸਮੀ ਤਰੀਕਿਆਂ ਨਾਲ ਵੀ ਪਹੁੰਚ ਕੀਤੀ ਜਾ ਰਹੀ ਹੈ।

ਇਕ ਭਰੋਸੇਮੰਦ ਸਥਾਨਕ ਸੰਗਠਨ ਨਾਲ ਕੰਮ ਕਰਨ ਲਈ ਪ੍ਰੇਰਿਤ ਭਾਈਚਾਰਾ ਕਿਵੇਂ ਉਮੀਦਾਂ ਨੂੰ ਪਾਰ ਕਰ ਸਕਦਾ ਹੈ ਇਸ ਦੀ ਇਕ ਉਦਾਹਰਣ ਪੈਸੀਫਿਕਾ ਵਿਚ ਵੀ ਹੋਈ, ਇਕ ਅਜਿਹਾ ਸ਼ਹਿਰ ਜਿੱਥੇ ਸਵੈ-ਪ੍ਰਤੀਕ੍ਰਿਆ ਦੀ ਦਰ ਗੁਆਂਚੀ, ਵਧੇਰੇ ਅਮੀਰ ਸੈਨ ਕਾਰਲੋਸ ਨਾਲੋਂ ਉੱਚੀ ਹੈ।




ਪੈਸੀਫਾ ਰੀਸੋਰਸ ਸੈਂਟਰ ਦੀ ਕਾਰਜਕਾਰੀ ਡਾਇਰੈਕਟਰ ਅਨੀਤਾ ਰੀਸ ਨੇ ਕਿਹਾ, ਉਹ ਸਾਡੇ ਉੱਤੇ ਭਰੋਸਾ ਰੱਖਦੇ ਹਨ ਜਿਸ ਦਾ ਸਾਨੂੰ ਫਾਇਦਾ ਹੁੰਦਾ ਹੈ। ਸਾਡੀ ਸੰਸਥਾ 45 ਸਾਲਾਂ ਤੋਂ ਇਸ ਖੇਤਰ ਵਿੱਚ ਕੰਮ ਕਰ ਰਹੀ ਹੈ ਇਹ ਇੱਕ ਭਾਵੁਕ ਭਾਈਚਾਰਾ ਹੈ ਜਿਥੇ ਅਕਸਰ ਹੀ ਕਈ ਮੁੱਦਿਆਂ ਤੇ 'ਪਾੜੇ ਬਣੇ ਰਹਿੰਦੇ ਹਨ, ਪਰ ਮਰਦਮਸ਼ੁਮਾਰੀ ਇਹਨਾਂ ਸਾਰਿਆਂ ਲਈ ਆਮ ਆਧਾਰ ਬਣ ਗਈ ਹੈ। ਇਕ ਸੁਨੇਹਾ ਕੇ ਮਰਦਮਸ਼ੁਮਾਰੀ ਤੁਹਾਡੀ (ਭਾਈਚਾਰੇ ਦੀ) ਆਵਾਜ਼ ਹੈ, ਸਾਡੇ ਲਈ ਕਾਰਗਾਰ ਸਾਬਿਤ ਹੋਇਆ, ਅਤੇ ਇਹ ਭਾਈਚਾਰਾ ਮੁਕਾਬਲੇ ਦੀ ਬਿਰਤੀ ਵੀ ਰੱਖਦਾ ਸੀ - ਉਹ ਸੈਨ ਕਾਰਲੋਸ ਨੂੰ ਹਰਾਉਣਾ ਚਾਹੁੰਦੇ ਸਨ।

ਸੈਨ ਮੈਟੋ ਕਾਉਂਟੀ ਦੀ ਆਉਟ-ਰੀਚ ਕੋਆਰਡੀਨੇਟਰ ਨੀਨਾ ਲੀ ਨੇ ਕਿਹਾ ਕਿ ਏਸ਼ੀਅਨ ਭਾਈਚਾਰੇ ਤੱਕ ਪਹੁੰਚ ਨੂੰ ਬਹੁਤ ਜ਼ਿਆਦਾ ਸੋਧਿਤ ਬਣਾਇਆ ਗਿਆ ਹੈ। ਕਾਉਂਟੀ ਦੀ 30% ਤੋਂ ਵੱਧ ਆਬਾਦੀ ਏਸ਼ੀਆਈ ਹੈ। ਸਪੈਨਿਸ਼ ਤੋਂ ਇਲਾਵਾ ਚੀਨੀ, ਤਾਗਾਲੋਗ ਅਤੇ ਹਿੰਦੀ ਸਭ ਤੋਂ ਜ਼ਿਆਦਾ ਬੋਲੀਆਂ ਜਾਣ ਵਾਲੀਆਂ ਗੈਰ-ਅੰਗਰੇਜ਼ੀ ਭਾਸ਼ਾਵਾਂ ਹਨ।

ਲੀ, ਜੋ ਕੇ ਆਪਣੇ ਭਾਈਚਾਰੇ ਵਿਚਲੇ ਕਿੰਨੇ ਹੋਰਾਂ ਵਾਂਗ ਗੈਰ-ਨਾਗਰਿਕ ਕਾਨੂੰਨੀ ਸਥਾਈ ਨਿਵਾਸੀ ਹਨ ਅਤੇ ਆਪਣੀ ਪਹਿਲੀ ਦਸ-ਸਾਲਾ ਜਨਗਣਨਾ ਦਾ ਅਨੁਭਵ ਕਰ ਰਹੇ ਹਨ, ਨੇ ਕਿਹਾ ਕਿ, ਭਾਸ਼ਾ ਤੋਂ ਇਲਾਵਾ ਇਮੀਗ੍ਰੇਸ਼ਨ ਦਾ ਦਰਜਾ ਭਿੰਨਤਾ ਭਰਪੂਰ ਏਸ਼ੀਅਨ ਆਬਾਦੀ ਤੱਕ ਪਹੁੰਚ ਕਰਨ ਲਈ ਮਹੱਤਵਪੂਰਨ ਰਿਹਾ ਹੈ।

ਲੀ ਨੇ ਕਿਹਾ, ਸਾਡੇ ਭਾਈਚਾਰੇ ਵਿਚ ਬਹੁਤ ਸਾਰੇ ਲੋਕਾਂ ਲਈ ਇਹ ਇਕ ਨਵਾਂ ਸੰਕਲਪ ਹੈ, ਅਤੇ ਉਨਾਂ ਨੂੰ ਇਹ ਭੁਲੇਖਾ ਹੈ ਕਿ ਇਹ ਇਕ ਚੋਣ ਵਾਂਗ ਹੀ ਹੈ ਜਿਥੇ ਤੁਹਾਨੂੰ ਹਿੱਸਾ ਲੈਣ ਲਈ ਨਾਗਰਿਕ ਹੋਣਾ ਪਏਗਾ, ਜਦ ਕਿ ਅਜਿਹਾ ਨਹੀਂ ਹੈ।

ਲੀ ਦਾ ਕਹਿਣਾ ਹੈ ਕਿ ਉਨਾਂ ਦੇ ਪਹੁੰਚ ਕਰਨ ਦੇ ਉਪਰਾਲਿਆਂ ਵਿੱਚ ਏਸ਼ੀਆ ਦੇ ਪ੍ਰਸਿੱਧ ਸੋਸ਼ਲ ਮੀਡੀਆ ਪਲੇਟਫਾਰਮ ਵੀ-ਚੈਟ ਦੀ ਵਰਤੋਂ ਕੀਤੀ ਹੈ ਅਤੇ ਸਥਾਈ ਵਸਨੀਕਾਂ ਅਤੇ ਇੱਥੋਂ ਤੱਕ ਕਿ ਅਸਥਾਈ ਵੀਜ਼ਾ ਧਾਰਕਾਂ ਲਈ ਵੀ ਸੁਨੇਹੇ ਭੇਜੇ ਹਨ।

ਮੈਂ ਇੱਕ ਨਾਗਰਿਕ ਨਹੀਂ ਹਾਂ, ਪਰ ਮੈਂ ਪਾਰਕਾਂ ਅਤੇ ਲਾਇਬ੍ਰੇਰੀਆਂ ਵਿੱਚ ਜਾਂਦੀ ਹਾਂ, ਮੈਂ ਸਰਵਜਨਕ ਟ੍ਰਾਂਸਪੋਰਟ ਦੀ ਵਰਤੋਂ ਕਰਦੀ ਹਾਂ, ਅਤੇ ਮੇਰੀ ਧੀ ਪਬਲਿਕ ਸਕੂਲਾਂ ਵਿੱਚ ਜਾ ਰਹੀ ਹੈ, ਇਹ ਸਾਰੀਆਂ ਉਹ ਸੇਵਾਵਾਂ ਹਨ ਜੋ 2020 ਦੀ ਮਰਦਮਸ਼ੁਮਾਰੀ ਦੁਆਰਾ ਅਗਲੇ 10 ਸਾਲਾਂ ਲਈ ਪ੍ਰਭਾਵਤ ਹੋਣੀਆਂ ਹਨ;' ਉਸਨੇ ਕਿਹਾ। ਅਸੀਂ ਇਹ ਸੁਨਿਸ਼ਚਿਤ ਕਰਦੇ ਹਾਂ ਕਿ ਲੋਕ ਇਹ ਨੁਕਤਿਆਂ ਵਾਰੇ ਜਾਣੂ ਹਨ।

ਬੇ ਏਰੀਆ ਕਮਿਊਨਿਟੀ ਹੈਲਥ ਐਡਵਾਈਜ਼ਰੀ ਕੌਂਸਲ ਦੀ ਕਾਰਜਕਾਰੀ ਡਾਇਰੈਕਟਰ ਲੀਜ਼ਾ ਟੀਲਰ ਨੇ ਕਿਹਾ ਕਿ ਪੂਰਬੀ ਪਾਲੋ ਆਲਟੋ ਵਿੱਚ ਅਫਰੀਕੀ ਅਮਰੀਕੀ, ਲੈਟਿਨੋ ਅਤੇ ਹੋਰ ਲੋਕ ਗਿਣੇ-ਜਾਣ ਦੀ ਸ਼ਕਤੀ ਮੁੜ ਪ੍ਰਾਪਤ ਕਰਨ ਦੇ ਵਿਚਾਰ ਨਾਲ ਰਾਬਤਾ ਬਣਾ ਰਹੇ ਹਨ, ਜਦ ਕੇ ਗਿਣੇ- ਜਾਣਾ/ਮਰਦਮਸ਼ੁਮਾਰੀ ਇਤਿਹਾਸਕ ਤੌਰ ਤੇ ਨਕਾਰਾਤਮਕ ਅਰਥ ਰੱਖਦਾ ਹੈ ਕਿਉਂਕਿ ਪਿਛਲੇ ਸਮੇਂ ਵਿੱਚ ਇਹ ਕੁਝ ਭਾਈਚਾਰਿਆਂ ਨਾਲ ਵਿਤਕਰਾ ਕਰਨ ਲਈ ਵਰਤਿਆ ਜਾਂਦਾ ਸੀ।

ਟੀਲਰ ਨੇ ਕਿਹਾ "ਅਸੀਂ ਹੁਣ ਇਸਦਾ(ਗਿਣੇ-ਜਾਣ /ਮਰਦਮਸ਼ੁਮਾਰੀ ਦਾ) ਸ਼ਕਤੀ ਵਜੋਂ ਦਾਅਵਾ ਕਰਦੇ ਹਾਂ, ਅਸੀਂ ਗਿਣਿਆ ਜਾਣਾ ਚਾਹੁੰਦੇ ਹਾਂ ਕਿਉਂਕਿ ਅਸੀਂ ਇਸ ਦੇਸ਼ ਨੂੰ ਬਣਾਉਣ ਵਿੱਚ ਸਹਾਇਤਾ ਕੀਤੀ।"

ਸੈਨ ਮੈਟੋ ਕਾਉਂਟੀ ਪੈਸੀਫਿਕ ਆਈਸਲੈਂਡਰ ਸੰਪੂਰਨ ਗਿਣਤੀ ਕਮੇਟੀ ਦੇ ਨੇਤਾ, ਤਾਲਾਵੇਏ ਮੋਟਿਓ ਨੇ ਕਿਹਾ ਕਿ ਇਸੇ ਤਰਾਂ ਪੈਸਿਫਿਕ ਆਈਲੈਂਡਰ ਭਾਈਚਾਰੇ ਦੇ ਵਸਨੀਕ ਇਸ ਵਿਚਾਰ ਨਾਲ ਰਾਬਤਾ ਰੱਖਦੇ ਹਨ ਕਿ ਜਨਗਣਨਾ ਨਵੀਂ ਪੀੜੀ ਲਈ ਸਰੋਤਾਂ ਨੂੰ ਯਕੀਨੀ ਬਣਾਉਣ ਦਾ ਇੱਕ ਤਰੀਕਾ ਹੈ।

*"ਅਸੀਂ ਇਸ ਤੱਥ 'ਤੇ ਜ਼ੋਰ ਦਿੱਤਾ ਕਿ ਸਾਡੇ ਪੁਰਖਿਆਂ ਨੇ ਆਪਣੇ ਪਰਿਵਾਰਾਂ ਲਈ ਬਿਹਤਰ ਮੌਕਿਆਂ ਲਈ ਇੱਥੇ ਪਰਵਾਸ ਕੀਤਾ ਸੀ, ਅਤੇ ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਭਵਿੱਖ ਨੂੰ ਜਨਗਣਨਾ ਵਿੱਚ ਭਾਗ ਲੈਣ ਨਾਲ ਬੰਨ ਸਕੀਏ।"*

# ਹਰੀ ਸ਼ਾਲ



- ਰਛਪਾਲ ਕੌਰ ਗਿੱਲ

ਮਾਂ ਨੂੰ ਪਤਾ ਨਹੀਂ ਕਿਉਂ ਰਹਿ ਰਹਿ ਕੇ ਪੁਰਾਣੀਆਂ ਗਲਾਂ ਯਾਦ ਆਉਂਦੀਆਂ, ਉਂਜ ਹਰ ਚੀਜ਼ ਰਖਕੇ ਭੁਲ ਜਾਂਦੀ, ਹਰ ਕਹੀ ਹੋਈ ਗਲ ਭੁਲਾ ਦੇਂਦੀ। ਸੋਚਕੇ ਮਨ ਹੀ ਮਨ ਇਕ ਖਦਸ਼ਾ ਜਿਹਾ ਹੁੰਦਾ ਕਿਤੇ ਮਾਂ ਨੂੰ ਅਲਜ਼ਾਈਮਰ (ਚੇਤਾ ਭੁਲਣ ਦੀ ਬਿਮਾਰੀ) ਤਾਂ ਨਹੀਂ ਹੋਣ ਵਾਲੀ। ਦੂਸਰੇ ਪੱਲ ਹੀ ਸੋਚਦੀ, ਅਜਿਹਾ ਨਹੀਂ ਹੋ ਸਕਦਾ, ਮਾਂ ਨੇ ਆਪਣੇ ਬਚਪਨ ਤੇ ਜਵਾਨੀ ਦੀ ਗਲਾਂ ਤਾਂ ਤੋਤੇ ਵਾਂਗ ਰਟੀਆ ਹੋਈਆ ਤੇ ਭਲਾ ਅਲਜ਼ਾਈਮਰ ਕਿਵੇਂ ਹੋ ਸਕਦਾ, ਖਾਸ ਕਰਕੇ ਜਦੋਂ ਉਹ ਆਪਣੀ ਬਚਪਨ ਦੀ ਸਹੇਲੀ ਅੱਕੀ ਦੀਆਂ ਗਲਾਂ ਕਰਦੀ। ਅੱਕੀ ਦਾ ਨਾਂ ਲੈਂਦਿਆਂ ਸਾਰ ਮਾਂ ਦੇ ਚਿਹਰੇ ਤੇ ਨੂਰ ਜਿਹਾ ਆ ਜਾਂਦਾ ਤੇ ਜਿਉਂ ਜਿਉਂ ਗਲਾਂ ਦਾ ਸਿਲਸਲਾ ਵੱਧਦਾ ਵੱਧਦਾ ਅਖੀਰ ਤੇ ਪੁਜਦਾ, ਮਾਂ ਇਕ ਲੰਬਾ ਸਾਰਾ ਹਾਉਕਾ ਲੈਂਦੀ ਹੋਈ ਕਹਿੰਦੀ, ਖੌਰੇ ਮਰ ਜਾਣੀ ਕਿਥੇ ਜਾ ਵੱਸੀ ਪਤਾ ਨਹੀਂ ਉਹ ਮੈਨੂੰ ਯਾਦ ਵੀ ਕਰਦੀ ਹੋਣੀ ਕਿ ਭੁਲ ਭਲ ਗਈ ਹੋਣੀਤੇ ਨਾਲ ਹੀ ਮਾਂ ਦੀਆਂ ਅੱਖਾਂ ਨੱਮ ਹੋ ਜਾਂਦੀਆਂ। ਉਸ ਤੋਂ ਬਾਦ ਮਾਂ ਅਕਸਰ ਗੰਭੀਰ ਜਿਹੀਆ ਸੋਚਾਂ ਵਿੱਚ ਡੁੱਬ ਜਾਂਦੀ। ਯਾਦ ਤਾਂ ਮਾਂ ਉਸਨੂੰ ਕਈ ਸਾਲਾਂ ਤੋਂ ਕਰਦੀ ਆ ਰਹੀ, ਪਰ ਹੁਣ ਜ਼ਿਆਦਾ ਹੀ ਗੰਭੀਰਤਾ ਨਾਲ ਆਪਣੀ ਵਿਛੜੀ ਹੋਈ ਸਹੇਲੀ ਅੱਕੀ ਬਾਰੇ ਗਲਾਂ ਕਰਦੀ। ਮਾਂ ਦੀਆਂ ਗਲਾਂ ਸੁਣਕੇ ਮੈਨੂੰ ਆਪਣੀ ਸਹੇਲੀ ਬਿਮਲਾ ਨਾਲ ਬਿਤਾਏ ਕਾਲਜ ਦੇ ਦਿਨ ਯਾਦ ਆ ਜਾਂਦੇ। ਵਰਿਆ ਦੀ ਦੂਰੀ ਦੇ ਬਾਦ ਮੇਰੇ ਤੇ ਬਿਮਲਾ ਵਿਚਕਾਰ ਕਦੇ ਕਦਾਈਂ ਚਿਠੀ ਪਤੱਰ ਹੁੰਦਾ ਹੋਣ ਦੇ ਬਾਵਜੂਦ ਹਜ਼ਾਰਾਂ ਮੀਲਾਂ ਦਾ ਸਫ਼ਰ ਜਰੂਰ ਸੀ, ਪਰ ਮਾਂ ਤੇ ਅੱਕੀ ਦੇ ਵਿਚਕਾਰ ਮੀਲਾਂ ਦੇ ਸਫ਼ਰ ਦੇ ਇਲਾਵਾ ਨਾ ਕੋਈ ਪਤਾ ਤੇ ਨਾਂ ਕੋਈ ਸਰਨਾਵਾਂ। ਸਾਰਾ ਕੁਝ ਦਾ ਹੁੰਦਿਆ ਹੋਇਆ ਵੀ ਮਾਂ ਨੂੰ ਅੱਕੀ ਨੂੰ ਮਿਲਣ ਦੀ ਤਾਂਘ ਹਮੇਸ਼ਾ ਰਹਿੰਦੀ। ਹੋ ਸਕਦਾ ਮਾਂ ਇੰਡੀਆਂ ਰਹਿੰਦੀ ਹੋਈ ਵੀ ਉਸਨੂੰ ਯਾਦ ਕਰਦੀ ਹੋਵੇਗੀ, ਪਰ ਉਥੇ ਰਹਿੰਦਿਆਂ ਹੋਇਆਂ ਉਨਾਂ ਵਿਚਕਾਰ ਇੱਕ ਕਡਿੰਆਲੀ ਤਾਰ ਵੀ ਸੀ, ਨਾਲੇ ਮਾਂ ਉਦੋਂ ਆਪਣਾ ਪਰਿਵਾਰ ਪਾਲਣ ਵਿੱਚ ਰੁਝੀ ਹੋਈ ਹੋਵੇਗੀ, ਮੈਂ ਆਪਣੇ ਆਪ ਹੀ ਬਿਨਾਂ ਤਰਕ ਦੇ ਸੋਚ ਛਡਦੀ। ਕੁਝ ਕੁ ਸਾਲ ਪਹਿਲਾਂ ਮਾਂ ਨੇ ਇਕ ਰੇਡੀਓ ਜਾਂ ਟੈਲੀਵਿਜ਼ਨ ਤੇ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਇਕ ਹਵਾਈ ਜਹਾਜ਼ ਦੀਆਂ ਟਿਕਟਾਂ ਵੇਚਣ ਵਾਲੇ ਇਕ ਜੱਥਾ ਲੈ ਕੇ ਪਾਕਿਸਤਾਨ ਜਾ ਰਹੇ ਹਨ । ਮਾਂ ਨੇ ਵੀ ਜੱਥੇ ਨਾਲ ਜਾਣ ਦੀ ਖਾਹਿਸ਼ ਜਾਹਿਰ ਕੀਤੀ। ਅਸਾਂ ਮਾਂ ਤੇ ਪਾਪਾ ਜੀ ਦੋਹਾਂ ਦੀ ਤਿਆਰੀ ਕਰਕੇ, ਉਨਾਂ ਦੇ ਪਾਸਪੋਰਟ ਪਾਕਿਸਤਾਨ ਦੇ ਵੀਜ਼ੇ ਲਗਣ ਲਈ ਭੇਜ ਦਿਤੇ। ਕੁਝ ਹਫ਼ਤਿਆ 'ਚ ਵੀਜੇ ਲਗ ਕੇ ਪਾਸਪੋਰਟ ਵਾਪਸ ਆ ਗਏ। ਮਾਂ ਨੂੰ ਵਿਆਹ ਜਿਨਾਂ ਚਾਅ ਸੀ। ਮਾਂ ਵਾਰ ਵਾਰ ਕਹਿੰਦੀ, ' ਮੈਂ ਬਾਬੇ ਨਾਨਕ ਦੇ ਜਨਮ ਸਥਾਨ ਦੇ ਦਰਸ਼ਨ ਤਾਂ ਕਰਨੇ, ਨਾਲੇ ਆਪਣੀ ਕਈ ਵਰਿਆਂ ਤੋਂ ਵਿਛੜੀ ਸਹੇਲੀ ਨੂੰ ਵੀ ਮਿਲਣਾ। ਸੁਣਕੇ ਸਾਨੂੰ ਹੈਰਾਨੀ ਜਿਹੀ ਹੁੰਦੀ ਕਿ ਨਾ ਪਤਾ, ਨਾ ਥੋਹ ਫਿਰ ਵੀ ਪਤਾ ਨਹੀਂ ਕਿਉਂ ਮਾਂ ਆਸ ਲਾਈ ਬੈਠੀ ਸੀ। ਸੁਣਕੇ ਅਸੀਂ ਕੁਝ ਨਾ ਕਹਿੰਦੇ ਕਿਉਂਕਿ ਅਸੀਂ ਉਸ ਦੀ ਆਸਾਂ ਨੂੰ ਨਿਰਾਸ਼ਾ 'ਚ ਬਦਲਣਾ ਨਹੀਂ ਚਾਹੰਦੇ ਸੀ। ਇਕ ਦਿਨ ਮੈਂ ਕਿਹਾ ਬੀਜੀ ਤੁਹਾਨੂੰ ਏਨਾ ਜਕੀਨ ਕਿਵੇਂ ਕਿ ਤੁਸੀ ਕਿਸੇ ਬਗ਼ਾਨੇ ਮੁਲਕ 'ਚ ਏਨੇ ਲੋਕਾਂ ਚੋਂ ਅੱਕੀ ਨੂੰ ਇੱਕ ਹਫ਼ਤੇ 'ਚ ਲਭ ਲਵੋਂਗੇ ? ਮਾਂ ਅਗੋਂ ਝਲਿਆ ਵਾਂਗ ਕਹਿੰਦੀ, ਇਕ ਵਾਜ ਮਾਰੀ ਤੇ ਉਹ ਭਜੀ ਆਉਂਦੀ ਸੀ ਤੇ ਸਾਰਾ ਦਿਨ ਸਾਡੇ ਘਰੇ ਕੰਮ ਕਰਕੇ ਸੌਣ ਵੇਲੇ ਘਰ ਜਾਂਦੀ ਸੀ, ਨਾਲੇ ਮੈਨੂੰ ਭਲਾ ਪਛਾਨਣੋ ਰਹਿ ਚਲੀ। ਨਾਲੇ ਜਦੋਂ ਉਸਨੂੰ ਪਤਾ ਲਗਾ, ਉਹਨੇ ਆਪੇ ਭਜੀ ਆ ਜਾਣਾ। ਮਾਂ ਇਵੇਂ ਸੋਚ ਰਹੀ ਸੀ ਜਿਵੇਂ ਉਹ ਆਪਣੇ ਹੀ ਘਰੇ ਜਾ ਰਹੀ ਹੋਵੇ ਤੇ ਅੱਕੀ ਅਜੇ ਵੀ ਕਿਤੇ ਉਹਦੇ ਆਂਢ- ਗੁਵਾਂਢ ਹੀ ਵਸਦੀ ਹੋਵੇ।

ਮਾਂ ਨੇ ਸਾਨੂੰ ਬਹੁਤ ਵਾਰੀ ਦਸਿਆ ਸੀ ਕਿ ਅੱਕੀ ਉਸਦੀ ਬਚਪਨ ਦੀ ਸਹੇਲੀ, ਉਨਾਂ ਦੇ ਪਿੰਡ ਦੇ ਮੁਸਲਮਾਨ ਤੇਲੀਆਂ ਦੀ ਤਿੰਨਾਂ ਚੋਹਾਂ ਭਰਾਵਾਂ ਦੀ ਇਕੋ ਇੱਕ ਭੇਣ ਸੀ। ਮਾਂ ਕਹਿੰਦੀ, ' ਪਤਾ ਨਹੀਂ ਉਹਦੇ ਮਾਂ ਪਿਉਂ ਨੇ ਉਹਦਾ ਨਾਂ ਅੱਕੀ ਕਿਉਂ ਰਖਿਆ, ਇਕੋ ਇਕ ਤਾਂ ਮਾਪਿਆਂ ਦੀ ਧੀ ਸੀ। ਸਾਡੇ ਜਟਾਂ ਜ਼ਿਮੀਦਾਰਾਂ ਦੇ ਤਾਂ ਜਦੋਂ ਜ਼ਿਆਦਾ ਕੁੜੀਆਂ ਹੋਣ ਤੇ ਤੀਜੀ ਜਾਂ ਚੌਥੀ ਕੁੜੀ ਦਾ ਨਾਂ ਰੱਬ ਤੇ ਹਿਰਖ਼ ਕਰਕੇ ਅੱਕੀ ਰਖ ਦੇਂਦੇ ਕਿ ਰੱਬਾ ਹੁਣ ਬੱਸ ਕਰ ਹੁਣ ਅੱਕ ਗਏ ਹਾਂ। ਉਹਦਾ ਨਾਂ ਸ਼ਾਇਦ ਤਾਂ ਰਖਿਆ ਹੋਵੇ ਕਿ ਅੱਲਾ ਹੁਣ ਤਾਂ ਫ਼ਰਿਆਦ ਕਰ ਕਰ ਕੇ ਥਕ ਗਏ, ਸਾਨੂੰ ਹੁਣ ਤਾਂ ਕੁੜੀ ਦੀ ਦਾਤ ਦੇ ਛਡ ਕਿਉਂਕਿ ਉਨਾਂ ਨੇ ਤਾਂ ਅਪਣੇ ਮੁੰਡਿਆਂ ਦੇ ਵਿਆਹ ਵਟੇ 'ਚ ਕਰਨੇ ਹੁੰਦੇ ਮਾਂ ਦੀਆਂ ਇਨਾਂ ਗਲਾਂ 'ਚ ਪਤਾ ਨਹੀਂ ਸਚਾਈ ਕਿੰਨੀ ਕੁ ਸੀ, ਪਰ ਅਸੀਂ ਚੁਪ-ਚਾਪ ਸੁਣ ਲੈਂਦੇ। ਮਾਂ ਦਸਦੀ ਅੱਕੀ ਸਾਰਾ ਦਿਨ ਉਨਾਂ ਦੇ ਘਰ ਦਾ ਕੰਮ ਕਰਨ ਦੇ ਨਾਲ ਨਾਲ ਉਨਾਂ ਦੀ ਕਪਾਹ ਵੀ ਖੇਤਾਂ ਚੋਂ ਚੁੱਗ ਕੇ ਲਿਆਉਂਦੀ ਸੀ। ਜਦੋਂ ਅੱਕੀ ਕਪਾਹ ਚੁਗਣ ਜਾਂਦੀ, ਮਾਂ ਵੀ ਉਹਦੇ ਨਾਲ ਜਾਂਦੀ। ਇੱਕ ਦਿਨ ਦੋਵੇਂ ਕਪਾਹ ਚੁਗਣ ਗਈਆ, ਕਪਾਹ ਚੁਗ ਕੇ ਕਮਾਦ ਦੇ ਖੇਤ 'ਚ ਲਕੋ ਕੇ, ਖੇਤਾਂ ਦੇ ਨਾਲ ਲਗਦੇ ਮੁਸਲਮਾਨਾਂ ਦੇ ਪਿੰਡ ਦੋਹੇ ਪਿਟ ਹੁੰਦੇ ਦੇਖਣ, ਘਰ ਦਿਆ ਤੋਂ ਚੋਰੀ ਚਲੀਆ ਗਈਆਂ। ਉਥੇ ਪੀਰ ਦੀ ਦਰਗਾਹ ਤੇ ਉਨਾਂ ਨੂੰ ਮਿਠੇ ਚੌਲ ਮਿਲੇ, ਉਨਾਂ ਕੋਲ ਕੁਝ ਪਾਉਣ ਲਈ ਨਹੀਂ ਸੀ, ਦੋਹਾਂ ਨੇ ਚੌਲ ਆਪਣੀਆਂ ਚੁੰਨੀਆਂ ਦੀਆਂ ਝੋਲੀਆਂ 'ਚ ਪੁਵਾ ਲਏ। ਫਿਰ ਮਾਂ ਨੂੰ ਯਾਦ ਆਇਆ ਕਿ ਉਹਨੇ ਤਾਂ ਮੁਸਲਮਾਨਾਂ ਦੇ ਘਰ ਦੇ ਬਣੇ ਚੌਲ ਖਾਣੇ ਨਹੀ,' ਜਿਵੇਂ ਉਹਦੇ ਘਰਦਿਆਂ ਨੇ ਸਮਝਾਇਆ ਸੀ। ਫਿਰ ਵੀ ਚੋਰੀ ਚੋਰੀ ਕੁਝ ਕੁ ਚੌਲ ਖਾ ਲਏ ਤੇ ਬਾਕੀ ਰਾਹ 'ਚ ਕਿਸੇ ਦੇ ਪਸ਼ੂਆਂ ਦੀ ਖੁਰਲੀ ਵਿੱਚ ਸੁਟ ਆਈਆ। ਘਰ ਲੇਟ ਪਹੁੰਚਣ ਤੇ ਨਾਲੇ ਮਾਂ ਦੀ ਚੁੰਨੀ ਚੌਲਾਂ ਨਾਲ ਲਿਬੜੀ ਦੇਖ ਕੇ ਘਰਦਿਆ ਵਲੋ ਖੂਬ ਝਿੜਕਾਂ ਪਈਆਂ। ਉਸ ਤੋਂ ਬਾਦ ਕੁਝ ਕੁ ਚਿਰ ਮਾਂ ਨੂੰ ਅੱਕੀ ਨਾਲ ਖੇਤਾਂ ਵਲ ਜਾਣ ਤੋਂ ਬੰਦ ਕਰ ਦਿਤਾ। ਫਿਰ ਵੀ ਘਰ ਮਾਂ ਤੇ ਅੱਕੀ ਰੋਜ਼ ਇਕ ਦੂਸਰੀਆਂ ਨੂੰ ਮਿਲਦੀਆ ਕਿਉਂਕਿ ਅੱਕੀ ਘਰ ਕੰਮ ਕਰਨ ਤਾਂ ਰੋਜ਼ ਕਰਨ ਆਉਂਦੀ ਹੀ ਸੀ। ਕੁਝ ਕੁ ਚਿਰ ਬਾਦ ਘਰਦਿਆ ਗਲ ਭੁਲ ਭੁਲਾ ਦਿਤੀ ਫਿਰ ਇਕਠੀਆਂ ਦਾ ਖੇਤਾਂ ਨੂੰ ਜਾਣ ਦਾ ਸਿਲਸਲਾ ਸ਼ੁਰੂ ਹੋ ਗਿਆ।

ਮਾਂ ਕਹਿੰਦੀ ਹੱਸਦਿਆ ਖੇਡਦਿਆ ਪਤਾ ਹੀ ਨਹੀਂ ਲਗਾ ਕਦੋਂ ਅਸੀਂ ਜਵਾਨ ਹੋ ਗਈਆਂ। ਸਾਡੇ ਦੋਹਾਂ ਦੇ ਘਰ ਦੇ ਸਾਡੇ ਵਿਆਹ, ਮੰਗਣੇ ਬਾਰੇ ਗਲਾਂ ਬਾਤਾਂ ਕਰਨ ਲਗ ਪਏ। ਮੇਰਾ ਮੰਗਣਾ ਅਜੇ ਕੁਝ ਮਹੀਨੇ ਪਹਿਲਾ ਹੋਇਆ ਸੀ, ਅੱਕੀ ਦੇ ਘਰ ਦੇ ਉਹਦੇ ਭਰਾ ਵਾਸਤੇ ਕੁੜੀ ਲਭਦੇ ਹੀ ਸੀ ਜਿਥੇ ਅੱਕੀ ਨਾਲ ਵੱਟਾ ਸੱਟਾ ਕਰਨਾ ਸੀ, ਦੋਹਾਂ ਦੇਸ਼ਾਂ ਦੀ ਵੰਡ ਦੀ ਹਨੇਰੀ ਝੁਲ ਪਈ। ਉਹ ਸਮਾਂ ਯਾਦ ਕਰਕੇ ਤਾਂ ਰੂਹ ਕੰਬ ਜਾਂਦੀ ਆ। ਇਕ ਕੁਦਰਤ ਦੀ ਕਰੋਪੀ, ਮੀਂਹ, ਹਨੇਰੀ, ਝਖੜ ਦੂਸਰਾ ਮਨੁੱਖਾ ਦਾ ਕਹਿਰ। ਚਾਰੇ ਪਾਸੇ ਪਾਨੀ ਪਾਨੀ ਤੇ ਲਾਸ਼ਾਂ ਲਾਸ਼ਾਂ, ਚੀਕ ਚਹਾੜਾ। ਲੁੱਟ ਖੋਹ, ਪਤਾ ਨਹੀਂ ਇਕਠੇ ਰਹਿਣ ਵਾਲੇ ਲੋਕ ਦਰਿੰਦੇ ਕਿਵੇਂ ਬਣ ਗਏ ? ਜਟਾਂ ਤੇ ਮਜ਼ਬੀਆਂ ਦੇ ਮੁੰਡਿਆਂ ਦੀ ਮੰਡੀਰ ਟੋਲੇ ਬਣਾ ਕੇ ਨਾਲ ਦੇ ਪਿੰਡਾਂ ਦੇ ਮੁਸਲਮਾਨਾਂ ਦੇ ਘਰਾਂ ਨੂੰ ਲੁਟ ਤੇ ਉਨਾਂ ਨੂੰ ਮਾਰਨ ਵਿੱਚ ਰੁਝੀ ਹੋਈ ਸੀ। ਮੈਂ ਕਦੇ ਆਪਣੇ ਚੁਬਾਰੇ ਚੜ ਕੇ ਆਸੇ ਪਾਸੇ ਲੋਕਾਂ ਦੀਆਂ ਰੋਣ ਕਰਲਾਉਣ ਆਵਾਜ਼ਾਂ ਸੁਣਦੀ, ਕਦੇ ਆਪਣੇ ਪਿਉ ਨੂੰ ਅੱਕੀ ਦੇ ਘਰ ਜਾਣ ਬਾਰੇ ਪੁਛਦੀ। ਉਹ ਅਗਿਉਂ ਕਹਿੰਦਾ ਪੁੱਤ ਚੰਨਨਾ ਰਾਤ ਦਾ ਵੇਲਾ, ਉਤੋਂ ਮਰਨ ਮਰਾਉਣ ਦੀ ਅੱਗ ਵਰਦੀ ਆ, ਅਰਾਮ ਨਾਲ ਬੈਠ, ਕੁਝ ਨਹੀਂ ਹੁੰਦਾ ਤੇਲੀਆਂ ਨੂੰ, ਸਵੇਰੇ ਜਾਵਾਂਗੇ। ਸਾਡੇ ਪਿੰਡ ਵਿੱਚ ਇਕੋ ਇਕ ਮੁਸਲਮਾਨ ਤੇਲੀਆਂ ਦਾ ਘਰ ਸੀ। ਮੇਰੀ ਬੇਚੈਨੀ ਤੇ ਅੱਖਾਂ 'ਚ ਆਏ ਹੰਝੂਆਂ ਨੂੰ ਨਾ ਸਹਾਰਦਾ ਹੋਇਆ, ਮੇਰਾ ਪਿਉ ਜਿਸਨੂੰ ਅਸੀਂ ਚਾਚਾ ਜੀ ਕਹਿ ਕੇ ਬੁਲਾਉਂਦੇ ਸੀ, ਮੈਨੂੰ ਨਾਲ ਲੈ ਕੇ ਤੇਲੀਆਂ ਦੇ ਘਰ ਵਲ ਤੁਰ ਪਿਆ। ਜਦੋਂ ਅਸੀਂ ਉਨਾਂ ਦੇ ਘਰ ਪੁਜੇ ਉਨਾਂ ਦਾ ਹਮੇਸ਼ਾ ਖੁਲਾ ਰਹਿਣ ਵਾਲਾ ਦਰਵਾਜ਼ਾ ਬੰਦ ਸੀ। ਅਸਾਂ ਬਹੁਤ ਦਰਵਾਜ਼ਾ ਖੜਕਾਇਆ, ਸ਼ਾਇਦ ਉਨਾਂ ਇਹ ਸੋਚ ਨਾ ਖੋਲਿਆ ਹੋਵੇ ਕਿ ਕਿਤੇ ਅਸੀਂ ਵੀ ਉਨਾਂ ਨੂੰ ਲੁਟਣ ਜਾਂ ਮਾਰਨ ਨਾ ਆਏ ਹੋਈਏ। ਦਰਵਾਜ਼ਾ ਨਾ ਖੁਲਦਾ ਦੇਖ ਕੇ ਮੇਰੇ ਮਨ ਵਿੱਚ ਕਈ ਤਰਾਂ ਦੇ ਭੈੜੇ ਖਿਆਲ ਆ ਰਹੇ ਸਨ। ਕੁਝ ਚਿਰ ਅਸੀਂ ਚੁੱਪ ਕਰਕੇ ਦਰਵਾਜ਼ੇ ਅਗੇ ਖੜੋ ਗਏ ਤਾਂ ਅੰਦਰੋਂ ਘੁਸੜ-ਮੁਸੜ ਤੇ ਕੁਝ ਖੜਕੇ ਦੀ ਆਵਾਜ਼ ਆਈ। ਸਾਨੂੰ ਜਕੀਨ ਹੋ ਗਿਆ ਕਿ ਉਹ ਅੰਦਰ ਹੀ ਹਨ। ਮੈਂ ਦੋਹਾਂ ਹਥਾਂ ਨਾਲ ਜ਼ੋਰ ਦੀ ਦਰਵਾਜ਼ਾ ਖੜਕੋਂਦੀ ਹੋਈ ਨੇ ਕਿਹਾ, ਕੁੜੇ ਅਕੀਏ ਬੂਹਾ ਖੋਹਲ, ਮੈਂ ਚਰਨੋਂ ਆ ਮੇਰੀ ਆਵਾਜ਼ ਸੁਣ ਕੇ ਅੱਕੀ ਦੇ ਵਡੇ ਭਰਾ ਨੇ ਅਹਿਸਤੇ ਜਿਹੇ ਬੂਹਾ ਖੋਲਕੇ ਸਾਨੂੰ ਅੰਦਰ ਵਾੜ ਲਿਆ। ਤੇਲੀਆ ਦਾ ਸਾਰਾ ਟੱਬਰ ਅੱਕੀ ਦੇ ਚਾਰੇ ਭਰਾ, ਮਾਂ ਪਿਉ, ਦਾਦਾ ਦਾਦੀ ਸਹਿਮੇ ਹੋਏ ਆਪਣਾ ਆਪਣਾ ਸਮਾਨ ਇੱਕ ਨੁਕਰੇ ਪਏ ਛੋਟੇ ਜਿਹੇ ਮਿਟੀ ਦੇ ਦੀਵੇ ਦੀ ਲੋਹ ਵਿੱਚ ਬੰਨ ਰਹੇ ਸੀ। ਮੈਨੂੰ ਦੇਖਦਿਆਂ ਸਾਰ ਅੱਕੀ ਮੇਰੇ ਗਲ ਲਗਕੇ ਰੋਣ ਲਗ ਪਈ। ਮੇਰੇ ਪਿਉ ਨੇ ਅੱਕੀ ਦੇ ਪਿਉ ਨੂੰ ਕਿਹਾ ਦੇਖ ਫਜ਼ਲਦੀਨਾ ਤੁਸਾਂ ਕਿਤੇ ਨਹੀਂ ਜਾਣਾ, ਸਾਡੇ ਹੁੰਦਿਆ ਕੋਈ ਤੁਹਾਡੀ ਵਾਹ ਵੱਲ ਨਹੀਂ ਵੇਖੇਗਾ, ਜੇ ਅਜੇ ਵੀ ਤੈਨੂੰ ਖ਼ਤਰਾ ਲਗਦਾ, ਚਲ ਟੱਬਰ ਲੈ ਕੇ ਸਾਡੇ ਘਰ ਕੁਝ ਦਿਨ ਰਹਿ ਲੈ। ਅੱਕੀ ਮੇਰੇ ਪਿਉ ਨਾਲ ਸਹਿਮਤ ਹੁੰਦੀ ਹੋਈ ਕਹਿਣ ਲਗੀ, ਅੱਬਾ, ਚਾਚਾ ਠੀਕ ਤਾਂ ਕਹਿ ਰਿਹਾ, ਮੈਂ ਨਹੀਂ ਜਾਣਾ ਕਿਤੇ ਬਾਗ਼ਾਨੇ ਮੁਲਕ 'ਚ। ਸੁਣ ਕੇ ਫਜ਼ਲਦੀਨ ਕਹਿਣ ਲਗਾ,' ਚੁਪ ਕਰ ਕੁੜੀਏ, ਮਸਾਂ ਤਾਂ ਆਪਣਾ ਦੇਸ਼ ਬਣਿਆ। ਮੇਰੇ ਚਾਚੇ ਨੂੰ ਸੁਣਕੇ ਗੁਸਾ ਜਿਹਾ ਆ ਗਿਆ, ਉਹ ਬੋਲਿਆ, ਸੁਣ ਉਏ ਫਜ਼ਲਦੀਨਾ, ਜਿਥੇ ਇਨੇ ਚਿਰ ਤੋਂ ਭਰਾਵਾਂ ਦੀ ਤਰਾਂ ਰਹਿੰਦਾ ਆਇਆ, ਉਹ ਮੁਲਕ ਰਾਤੋਂ ਰਾਤ ਬਿਗ਼ਾਨਾ ਹੋ ਗਿਆ, ਬਾਹਰ ਨਫ਼ਰਤ ਦੀ ਅੱਗ ਵਰਦੀ, ਜਵਾਨ ਕੁੜੀ ਨੂੰ ਲੈ ਕੇ ਕਿਥੇ ਧੱਕੇ ਖਾਂਦਾ ਫਿਰੇਗਾ'। ਫਜ਼ਲਦੀਨ ਠਰਮੇਂ ਜਿਹੇ ਨਾਲ ਕਹਿਣ ਲੱਗਾ,ਦੇਖ ਸਰਦਾਰਾਂ ਗਲ ਤਾਂ ਤੇਰੀ ਠੀਕ ਆ, ਪਰ ਆਪਣਾ ਭਾਈਚਾਰਾ, ਆਪਣਾ ਮੁਲਕ ਤਾਂ ਆਪਣਾ ਹੀ ਹੁੰਦਾ, ਸਾਨੂੰ ਜਾਣਾ ਹੀ ਚਾਹੀਦਾ। ਫਜ਼ਲਦੀਨ ਦੀਆਂ ਗਲਾਂ ਦਾ ਕੋਈ ਉਤਰ ਨਾ ਦਿੰਦੇ ਹੋਏ, ਅਸੀਂ ਰਾਤ ਦੇ ਹਨੇਰੇ ਵਿੱਚ ਘਰ ਪਰਤ ਆਏ। ਅੱਕੀ ਦਰਵਾਜ਼ੇ ਤੋ ਬਾਹਰ ਤਕ ਸਾਡੇ ਮਗਰ ਭੱਜੀ ਆਈ, ਮੇਰੇ ਗਲ ਲਗਕੇ ਰੋਣੋ ਨਾ ਹਟੇ। ਰੋਂਦੀ ਨੂੰ ਉਹਦੀ ਅੰਮਾਂ ਬਾਹੋਂ ਫੜ ਕੇ ਅੰਦਰ ਲੈ ਗਈ ਤੇ ਦਰਵਾਜ਼ਾ ਬੰਦ ਕਰ ਲਿਆ। ਦੂਸਰੇ ਦਿਨ ਪਤਾ ਲਗਾ ਕਿ ਤੜਕਸਾਰ ਹੀ ਫਜ਼ਲਦੀਨ ਦਾ ਸਾਰਾ ਟੱਬਰ ਨਾਲਦੇ ਪਿੰਡ ਦੇ ਮੁਸਲਮਾਨਾਂ ਦੇ ਕਾਫ਼ਲੇ ਨਾਲ ਰਲਕੇ ਪਾਕਿਸਤਾਨ ਲਈ ਰਵਾਨਾ ਹੋ ਗਏ। ਅੱਕੀ ਮੇਰੇ ਤੋਂ ਸਦਾ ਲਈ ਵਿਛੜ ਗਈ। ਬੀਜੀ ਜੀ ਤੇ ਪਾਪਾ ਜੀ ਪਾਕਿਸਤਾਨ ਜਾਣ ਲਈ ਪੂਰੀ ਤਿਆਰੀ ਕਰ ਚੁਕੇ ਸਨ, ਅਸੀਂ ਉਨਾਂ ਨੂੰ ਟਰੋਂਟੋ ਦੇ ਏਅਰਪੋਰਟ ਤੇ ਪਾਕਿਸਤਾਨ ਲਈ ਰਵਾਨਾ ਹੋਣ ਲਈ ਛੱਡ ਆਏ। ਉਥੇ ਉਨਾਂ ਦੇ ਜਥੇ ਨਾਲ ਜਾਣ ਵਾਲੇ ਹੋਰ ਵੀ ਬਹੁਤ ਸਾਰੇ ਲੋਕ ਉਨਾਂ ਨੂੰ ਮਿਲ ਪਏ। ਮਾਂ ਦੇ ਚਿਹਰੇ ਤੇ ਖੁਸ਼ੀ ਦੀ ਝਲਕ ਸਾਫ਼ ਨਜ਼ਰ ਆ ਰਹੀ ਸੀ। ਏਅਰਪੋਰਟ ਤੋਂ ਵਾਪਸ ਆਉਂਦਿਆ ਹੋਇਆ, ਮੈਂ ਸੋਚ ਰਹੀ ਸੀ ਕਿ ਵਿਛੜਿਆ ਨੂੰ ਮਿਲਣ ਦੀ ਤਾਂਘ ਦੀ ਆਪਣੀ ਹੀ ਖੁਸ਼ੀ ਹੁੰਦੀ, ਮੈਨੂੰ ਯਾਦ ਆਇਆ ਜਦੋਂ ਮੈਂ ਵੀਹ ਤੋਂ ਵੱਧ ਵਰਿਆਂ ਦੇ ਬਾਦ ਆਪਣੀ ਸਹੇਲੀ ਬਿਮਲਾ ਨੂੰ ਬਿਨਾਂ ਸੂਚਿਤ ਕੀਤੇ, ਉਹਦੇ ਪਿੰਡ ਮਿਲਣ ਗਈ ਸੀ। ਮੈਨੂੰ ਦੇਖ ਕੇ ਉਹ ਪਾਗਲ ਜਿਹੀ ਹੋ ਗਈ ਸੀ ਤੇ ਮੈਨੂੰ ਹੱਥ ਲਾ ਲਾ ਟੋਈ ਜਾਵੇ ਜਿਵੇਂ ਮੈਂ ਅਸਲੀ ਨਾ ਹੋ ਕੇ ਕੋਈ ਭੂਤ ਹੋਵਾਂ, ਨਾਲੇ ਆਖੀ ਜਾਵੇ, ਨੀ ਅੜੀਏ ਤੂੰ ਸੱਚੀ ਆ ਗਈ, ਮੈਂ ਸੋਚਦੀ ਸੀ ਹੁਣ ਤਾਂ ਅਗਲੇ ਜਨਮ ਵਿੱਚ ਹੀ ਮਿਲਾਂਗੀਆਂ। ਖੁਸ਼ੀ 'ਚ ਉਹ ਫੁਲੀ ਨਾ ਸਮਾਵੇ ਤੇ ਅੰਦਰ ਬਾਹਰ ਭੱਜੀ ਫਿਰੇ। ਮੇਰੇ ਨਾਲ ਗਏ, ਮੇਰੇ ਬੱਚੇ ਕਹਿਣ ਲਗੇ, ਮੱਮੀ ਤੁਸੀਂ ਏਨੀ ਵਾਰ ਕੇਨੈਡਾ ਤੋਂ ਇੰਡੀਆਂ ਆਏ ਆ, ਆਪਣੀ ਸਹੇਲੀ ਨੂੰ ਕਿਉਂ ਨਹੀਂ ਮਿਲਣ ਆਏ ? ਮੈਂ ਕਿਹਾ, ਬੱਚਿਉ ਜਿੰਦਗੀ ਤਾਂ ਰੁਝੇਵਿਆ ਨੇ ਖਾ ਲਈ, ਭੱਜ ਨਠ 'ਚ ਵਿਹਲ ਹੀ ਨਹੀਂ ਮਿਲੀ।

ਕੋਈ ਡੇੜ ਕੁ ਹਫ਼ਤੇ ਦੀ ਪਾਕਿਸਤਾਨ ਦੀ ਯਾਤਰਾ ਕਰਕੇ ਬੀਜੀ ਤੇ ਪਾਪਾ ਜੀ ਵਾਪਸ ਕੇਨੈਡਾ ਆ ਗਏ। ਮਾਂ ਦੇ ਚਿਹਰੇ ਤੇ ਇਕ ਖ਼ਾਸ ਤਰਾਂ ਦਾ ਸਕੂਨ ਨਜ਼ਰ ਆ ਰਿਹਾ ਸੀ। ਉਹ ਆਪਣੇ ਸਾਰੇ ਬੱਚਿਆਂ ਲਈ ਕੁਝ ਨਾ ਕੁਝ ਖਰੀਦ ਕੇ ਲਿਆਈ। ਮੇਰੇ, ਮੇਰੀ ਭੇਣ ਤੇ ਦੋਹਾਂ ਭਰਜਾਈਆਂ ਲਈ ਸੂਟ ਖਰੀਦ ਕੇ ਲਿਆਈ। ਮਾਂ ਸੂਟਕੇਸ ਚੋਂ ਸਾਨੂੰ ਕਪੜੇ ਕਢ ਕੇ ਦੇ ਰਹੀ ਸੀ ਨਾਲ ਹੀ ਉਥੋਂ ਦੀਆ ਗਲਾਂ ਸੁਣਾ ਰਹੀ ਸੀ। ਸਾਡੇ ਉਥੇ ਪੁਜਣ ਤੇ ਲੋਕ ਸਾਨੂੰ ਮਿਲਣ ਲਈ ਗਲੀਆਂ, ਬਾਜ਼ਾਰਾਂ 'ਚ ਆਪਣਿਆ ਬਾਹਾਂ ਖਿਲਾਰੀ ਖੜੇ ਸੀ । ਵੰਡ ਸਮੇਂ ਤੱਤ ਭੱੜਤੇ ਉਧਰ ਜਾ ਵੜੇ, ਹੁਣ ਉਦਰੇ ਪਏ ਹਨ। ਲੋਕਾਂ ਤੋਂ ਪੁਛਦੇ ਨਹੀਂ ਸੀ ਥਕਦੇ, ਵੇ ਫਲਾਣਿਆਂ ਤੂੰ ਕਿਹੜੇ ਪਿੰਡ ਤੋਂ ਆ। ਆਪੋ ਆਪਣੇ ਗੁਵਾਚੇ ਹੋਏ ਪਿੰਡਾਂ ਤੇ ਉਥੋਂ ਦੇ ਲੋਕਾਂ ਨੂੰ ਸ਼ੁਦਾਈਆ ਵਾਂਗ ਲਭਦੇ ਫਿਰਦੇ ਸੀ।'

ਮੈਂ ਪੁਛਿਆ, ਬੀਜੀ ਹੋਰ ਗਲਾਂ ਛਡੋ, ਦਸੋ ਕਿ ਤੁਹਾਡੀ ਵਿਛੜੀ ਹੋਈ ਅੱਕੀ ਮਿਲੀ ਕਿ ਨਹੀਂ ? ਮਾਂ ਕੁਝ ਚਿਰ ਤਾਂ ਕੁਝ ਨਾ ਬੋਲੀ, ਉਹਦੀਆਂ ਅਖਾਂ 'ਚ ਪਾਣੀ ਭਰ ਆਇਆ ਤੇ ਭਰੇ ਹੋਏ ਗਲੇ ਨਾਲ ਬੋਲੀ, ਮੈਂ ਉਸ ਚੰਦਰੀ ਨੂੰ ਬਥੇਰਾ ਲਭਿਆ, ਜਿਨੇ ਦਿਨ ਉਥੇ ਰਹੀ, ਮੈਂ ਲੋਕਾਂ ਤੋਂ ਇਲਾਵਾ ਗਲੀਆ ਦੇ ਕਖਾਂ ਤੋਂ ਵੀ ਪੁਛ ਪੁਛ ਥਕ ਗਈ, ਉਹਦਾ ਕੋਈ ਥੋਹ ਪਤਾ ਨਹੀਂ ਮਿਲਿਆ, ਖੌਰੇ ਕਿਥੇ ਮਰ ਖਪ ਗਈ ? ਏਨੇ ਨੂੰ ਮਾਂ ਨੇ ਆਪਣੇ ਸੂਟਕੇਸ ਚੋਂ ਸਾਰੇ ਕਪੜਿਆਂ ਦੇ ਹੇਠੋਂ ਇੱਕ ਹਰੇ ਰੰਗ ਦਾ ਸ਼ੀਸ਼ਿਆਂ ਵਾਲਾ, ਬਹੁਤ ਸੋਹਣਾ ਸ਼ਾਲ ਕਢਿਆ ਤੇ ਮੈਨੂੰ ਫੜਾਉਂਦੀ ਹੋਈ ਬੋਲੀ, ਉਹ ਕਮਬਖ਼ਤ ਤਾਂ ਮਿਲੀ ਨਹੀ, ਪਰ ਉਹਦੀ ਨਿਸ਼ਾਨੀ ਜਰੂਰ ਲੈ ਆਈ ਆ, ਇਹਨੂੰ ਗੁਵਾਈ ਨਾ, ਸਾਂਭ ਕੇ ਰਖੀ।' ਮੈਂ ਹਰੀ ਸ਼ਾਲ ਦੀ ਤਹਿ ਖੋਲ ਕੇ ਮਾਂ ਦੇ ਸਿਰ ਉਪਰ ਦੇ ਦਿਤੀ ਤੇ ਘੁਟ ਕੇ ਗਲਵਕੜੀ ਪਾ ਲਈ, ਮਾਂ ਦਾ ਚਿਹਰਾ ਖੁਸੀਆਂ ਨਾਲ ਖਿੜ ਕੇ ਲਾਲ ਸੂਹਾ ਹੋ ਗਿਆ ਜਿਵੇਂ ਮਾਂ ਨੂੰ ਮੈਂ ਨਾ ਹੋ ਕੇ ਉਹਦੀ ਗੁਵਾਚੀ ਹੋਈ ਅੱਕੀ ਨੇ ਆਪਣੇ ਸਾਹਾ ਵਿੱਚ ਸਮੇਟ ਲਿਆ ਹੋਵੇ। ਮਾਂ ਨੇ ਆਪਣੇ ਸਿਰ ਤੋਂ ਸ਼ਾਲ ਲਾਹ ਕੇ, ਮੇਰੀ ਝੋਲੀ ਵਿੱਚ ਰਖਦੀ ਹੋਈ ਬੋਲੀ, ਮੇਰੇ ਸਾਹਾਂ ਦਾ ਕੀ ਭਰੋਸਾ, ਤੂੰ ਹੀ ਇਹਨੂੰ ਸਾਂਭ ਕੇ ਰਖੀ। ਮੈਨੂੰ ਲਗਾ ਜਿਵੇਂ ਮਾਂ ਕਹਿ ਰਹੀ ਹੋਵੈ, ਮੇਰੀ ਤੇ ਅੱਕੀ ਦੀ ਮੁਹਬੱਤ ਨੂੰ ਸਦੀਆਂ ਤਕ ਸਾਂਭ ਕੇ ਰਖੀ ਜਿਸਨੂੰ ਕੋਈ ਵੀ ਹੱਦਾ ਤੇ ਬੰਦੀਆਂ ਨਾ ਮਿਟਾ ਸਕਣ।

ਮਾਂ ਹੱਸਦੀ ਹੱਸਦੀ ਆਪਣੀ ਤੇ ਅੱਕੀ ਦੀ ਹਰੇ ਸ਼ਾਲ ਨਾਲ ਜੁੜੀ ਹੋਈ ਕਹਾਣੀ ਸੁਣਾਉਣ ਲਗ ਪਈ। ਅੱਕੀ ਨੂੰ ਹਰੇ ਰੰਗ ਨਾਲ ਬੜਾ ਮੋਹ ਸੀ। ਮੋਹ ਹੁੰਦਾ ਵੀ ਕਿਉਂ ਨਾ, ਜ਼ਿਆਦਾ ਸ਼ਮਾ ਤਾਂ ਉਹ ਸਾਡੇ ਖੇਤਾਂ ਵਿੱਚ ਗੁਜ਼ਾਰਦੀ ਸੀ। ਸਰਦੀਆਂ ਦੇ ਦਿਨ ਸਨ। ਮੇਰੀ ਮਾਂ ਨੇ ਮੈਨੂੰ ਹਰੇ ਰੰਗ ਦਾ ਸ਼ਾਲ ਲੈ ਕੇ ਦਿਤਾ। ਜਦੋਂ ਮੈਂ ਆਪਣੀ ਹਵੇਲੀ 'ਚ ਅੱਕੀ ਨੂੰ ਕਣਕ ਦਾ ਪੀਹਣ ਛੱਟਦੀ ਨੂੰ ਚਾਹ ਦੇਣ ਗਈ, ਦੇਖਦਿਆ ਸਾਰ ਉਹਨੇ ਮੇਰਾ ਸ਼ਾਲ ਖੋਹ ਕੇ ਆਪਣੇ ਸਿਰ ਤੇ ਰਖ ਲਿਆ ਤੇ ਆਪਣਾ ਚਿੱਟੇ ਖਦੱਰ ਦਾ ਦੁਪੱਟਾ ਮੇਰੇ ਸਿਰ ਤੇ ਰਖ ਦਿਤਾ। ਤੇ ਕਹਿਣ ਲਗੀ, ' ਚਰਨੋ ਤੈਨੂੰ ਪਤਾ ਨਹੀਂ ਹਰਾ ਰੰਗ ਮੇਰੀ ਜਿੰਦ ਜਾਨ ਆ। ਮੈਨੂੰ ਅੱਕੀ ਨੂੰ ਖੁਸ਼ ਦੇਖਕੇ ਏਨੀ ਖੁਸੀ ਹੋਈ, ਮੈਂ ਘਰ ਜਾਣ ਲੱਗੀ ਆਪਣਾ ਸ਼ਾਲ ਲੈਣਾ ਹੀ ਭੁਲ ਗਈ। ਘਰ ਗਈ ਨੂੰ ਜਦੋਂ ਬੇਬੇ ਪੁਛਣ ਲਗੀ, ਕੁੜੇ ਚਰਨੋ ਆਪਣਾ ਨਵਾਂ ਨਕੋਰ ਸ਼ਾਲ ਕਿਥੇ ਸੁੱਟ ਆਈ ਏ, ਆ ਖਦੱਰ ਦਾ ਚਾਦਰਾ ਸਿਰ ਤੇ ਔੜੀ ਫਿਰਦੀ ਏ ? ਮੈਨੂੰ ਪਤਾ ਨਾ ਲਗੇ, ਮੈਂ ਕੀ ਕਹਾਂ ? ਝੂਠ ਬੋਲਣ ਨੂੰ ਜੀ ਨਾ ਕਰੇ। ਬਚਣ ਲਈ ਕੋਈ ਤਾਂ ਬਹਾਨਾ ਘੜਨਾ ਹੀ ਪੈਣਾ ਸੀ। ਇੱਕ ਦਮ ਜਿਹੜੀ ਗਲ ਸੂਝੀ ਕਹਿ ਦਿਤੀ, ਬੇਬੇ ਖੁਰਲੀ ਲਾਗੇ ਬੈਠੀ ਸੀ, ਵੱਡੀ ਗਾਂ ਦੇ ਵੱਛੇ ਨੇ ਅੱਧੀ ਸ਼ਾਲ ਪਠਿਆ ਦੇ ਭੁਲੇਖੇ ਚੱਬ ਲਈ ਸੀ, ਭਲਾ ਮੈਂ ਸਰਦਾਰਾਂ ਦੀ ਧੀ ਅੱਧੀ ਚੱਬੀ ਹੋਈ ਸ਼ਾਲ ਲੈ ਕੇ ਘਰ ਆਉਂਦੀ ਚੰਗੀ ਲਗਦੀ ਸੀ। ਬੇਬੇ ਨੂੰ ਮੇਰਾ ਬਹਾਨਾ ਝੂਠ ਲੱਗਿਆ, ਉਹ ਬੋਲੀ, ਐ ਖੱਦਰ ਦਾ ਚਾਦਰਾ ਤੈਨੂੰ ਕਿੱਥੋਂ ਲੱਭਾ। ਮੈਂ ਕਿਹਾ ਅੱਕੀ ਕੋਲੋਂ। ਉਹ ਅਗਿਉਂ ਬੋਲੀ,' ਤਾਂ ਫਿਰ ਅੱਕੀ ਨੰਗੇ ਸਿਰ ਹਵੇਲੀ 'ਚ ਕੰਮ ਕਰੀ ਜਾਂਦੀ, ਜਾਹ ਲਿਆ ਕੇ ਦਿਖਾ।

ਮੈਂ ਭੱਜੀ ਭੱਜੀ ਹਵੇਲੀ ਜਾ ਕੇ ਅੱਕੀ ਨੂੰ ਆਪਣੇ ਝੂਠ ਬੋਲਣ ਦੀ ਗਲ ਜਾ ਦਸੀ। ਆਪਣੇ ਝੂਠ ਨੂੰ ਸੱਚ ਬਣਾਉਣ ਲਈ ਅਸਾਂ ਦੋਵੇਂ ਵੱਛੇ ਦੇ ਮੂੰਹ ਵਿੱਚ ਸ਼ਾਲ ਪਾ ਕੇ ਚਬਾਉਣ ਦੀ ਕੋਸ਼ਿਸ਼ ਕਰਾਈਏ, ਉਹ ਚੱਬੇ ਨਾ, ਬਹੁਤੀ ਵਾਰ ਵੱਛੇ ਦੇ ਮੂੰਹ ਵਿੱਚ ਪਾਉਣ ਨਾਲ ਸ਼ਾਲ ਥੋੜਾ ਜਿਹਾ ਖ਼ਰਾਬ ਜ਼ਰੂਰ ਹੋ ਗਿਆ। ਜਦੋਂ ਮੈਂ ਸ਼ਾਲ ਘਰ ਜਾ ਕੇ ਦਿਖਾਇਆ, ਬੇਬੇ ਮੇਰੀ ਗਲ ਦਾ ਸੱਚ ਮੰਨ ਗਈ ਤਾਂ ਜਾ ਕੇ ਉਹ ਸ਼ਾਲ ਸਦਾ ਲਈ ਅੱਕੀ ਕੋਲ ਚਲਾ ਗਿਆ। ਕੁਝ ਕੁ ਦਿਨਾਂ ਬਾਦ ਬੇਬੇ ਨੇ ਮੈਨੂੰ ਇਕ ਹੋਰ ਹਰੇ ਰੰਗ ਦਾ ਸ਼ਾਲ ਲੈ ਦਿਤਾ। ਇਸ ਤਰਾਂ ਸਾਡੇ ਦੋਹਾਂ ਕੋਲ ਇਕੋ ਰੰਗ ਦੇ ਸ਼ਾਲ ਹੋ ਗਏ। ਜਦੋਂ ਮੈਂ ਉਹਦੇ ਦੇਸ਼ ਗਈ ਸੋਚਿਆ ਉਹ ਕਿਤੇ ਤਾਂ ਹਰੀ ਸ਼ਾਲ ਲੈ ਕੇ ਬੈਠੀ ਹੋਵੇਗੀ ਜਾਂ ਫਿਰ ਰੱਬ ਜਾਣੇ ਉਸ ਚੰਦਰੀ ਨਾਲ ਕੀ ਵਾਪਰਿਆ ਹੋਵੇਗਾ ? ਮੈਂ ਵੀ ਉਹਦੀ ਨਿਸ਼ਾਨੀ ਵਜੋਂ ਇਕ ਲੈ ਲੈਂਦੀ ਆ। ਆਪਣੀ ਕਹਾਣੀ ਖ਼ਤਮ ਕਰਦਿਆ ਮਾਂ ਨੇ ਭਾਵਕ ਜਿਹੀ ਹੋ ਕੇ ਸ਼ਾਲ ਮੇਰੇ ਹਵਾਲੇ ਕਰ ਦਿਤਾ।

## ਖ਼ਤ ਦੀ ਖ਼ੁਦਕੁਸ਼ੀ ਅਤੇ ਚਾਰ ਹੋਰ ਕਵਿਤਾਵਾਂ

- ਡਾ. ਗੁਰਬਖ਼ਸ਼ ਸਿੰਘ ਭੰਡਾਲ

1.

### ਖ਼ਤ ਦੀ ਖ਼ੁਦਕੁਸ਼ੀ

ਖ਼ਤ ਦੀ ਖ਼ੁਦਕੁਸ਼ੀ ਦੀ ਖਬਰ
ਚੌਗਿਰਦੇ ਵਿਚ ਧੁਖ ਰਹੀ ਏ ਖ਼ਤ
ਆਪੇ ਨੂੰ ਹਰਫ਼ਾਂ 'ਚ ਉਲਥਾਉਣਾ
ਅੰਤਰੀਵ ਨੂੰ ਸ਼ਬਦ-ਜੂਨੇ ਪਾਉਣਾ
ਅਰਥਾਂ 'ਚ ਸੁਖਦ-ਸੁਨੇਹਾ ਟਿਕਾਉਣਾ
'ਵਾਵਾਂ ਨੂੰ ਇਸਦੀ ਉਂਗਲ ਫੜਾਉਣਾ
ਤੇ ਇਸਨੂੰ ਪੜਦਿਆਂ ਪੜਦਿਆਂ
ਹਰਫ਼ ਹਰਫ਼ ਹੋ ਜਾਣਾ ਖ਼ਤ
ਭਾਵਨਾਵਾਂ ਦੀ ਵਸੀਹ ਫ਼ਸੀਲ
ਮਾਸੂਮ ਚਾਵਾਂ ਦੀ ਕਲਾ-ਨਿਕਾਸ਼ੀ
ਪਿੰਡਾ ਤੜਪਾਉਂਦੇ ਕੋਸੇ ਸਾਹ
ਧੁੱਪ ਦਾ ਹੇਰਵਾ
ਕੰਧਾਂ 'ਤੇ ਉੱਗਦੀਆਂ ਲਕੀਰਾਂ ਦਾ ਰੁਦਨ
ਵੰਗਾਂ ਦਾ ਛਣਕਾਟਾ
ਰਾਤ ਦੀ ਖਾਮੋਸ਼ੀ
ਸੰਧੂਰੀ ਰੁੱਤ 'ਤੇ ਪੱਤਝੜ ਦੀ ਮਾਰ
ਤੇ ਸਮਿਆਂ ਦਾ ਬਿਰਤਾਂਤ
ਪਿੰਡੇ 'ਤੇ ਉਕਰਾਉਂਦੇ ਸਨ
ਕਈ ਵਾਰ ਖ਼ਤ
ਸੁਪਨਿਆਂ ਨੂੰ ਲੱਗੀ ਸੰਨ
ਪੀੜਤ ਮਨ
ਅਤੇ ਲੀਰਾਂ ਹੋਏ ਤਨ ਦਾ
ਮਾਤਮੀ ਸੁਨੇਹਾ ਵੀ ਬਣਦੇ ਸਨ
ਕਰਜ਼ੇ ਨੇ ਗਲ 'ਚ ਪਾਇਆ ਬਾਪ ਦਾ ਸ਼ਮਲਾ
ਧਰੇਕ ਬਣੀ ਭੈਣ ਦਾ ਫ਼ਿਕਰ
ਬੁੱਢੇ ਘਰ ਦੇ ਹਟਕੋਰੇ ਭਰਦੇ ਚਿਰਾਗ
ਮਾਂ ਦੀਆਂ ਉਦਾਸ ਅਸੀਸਾਂ
ਸਿਰ 'ਤੇ ਸੁੰਗੜਦੀ ਛੱਤ
ਵੀ ਤਾਂ ਖ਼ਤ ਹੀ ਬਣਦੇ ਸਨ
ਪਰ ਹੁਣ ਅਸੀਂ ਖ਼ਤ ਨਹੀਂ ਬਣਦੇ ਸਗੋਂ
ਫੇਸਬੁੱਕ 'ਤੇ ਹਰ ਪਲ ਬਦਲਦੀ ਅੱਪਡੇਟ
ਟਵਿੱਟਰ 'ਤੇ ਪੇਤਲੀ ਪ੍ਰੀਕਿਰਿਆ
ਵੱਟਸਐਪ 'ਤੇ ਪਾਏ ਕੁਮੈਂਟ
ਦੋ ਹਰਫ਼ੀ ਈ-ਮੇਲ
ਜਾਂ ਯੈਸ-ਨੋ 'ਚ ਸਿਮਟੀ ਚੈਟਿੰਗ ਬਣ ਗਏ ਹਾਂ
ਖ਼ਤ ਤਾਂ ਅਤੀਤ ਹੋ ਕੇ ਵੀ
ਸ਼ਬਦ-ਸੰਵੇਦਨਾ ਸਾਂਭੀ ਰੱਖਦੇ ਨੇ ਭਲਾ
ਪਲ ਕੁ ਬਾਅਦ
ਡੀਲੀਟਹੋਣਵਾਲਾਕੁਮੈਂਟ/ਅੱਪਡੇਟ/ਚੈਟਿੰਗ
ਚੇਤਿਆਂ 'ਚ ਕਿੰਜ ਵੱਸੇਗਾ
ਤੇ ਹਰਫ਼ਾਂ ਨੂੰ ਕਿੰਜ ਦੁੱਖ ਦੱਸੇਗਾ ਜਦ
ਖ਼ਤ 'ਚ ਸਮੋਈ ਭਾਵਕਤਾ
ਬੀਤੇ ਦਾ ਤਸ਼ਬੀਹੀ ਵਰਨਣ
ਹਰਫ਼ ਦਰ ਹਰਫ਼ ਧੜਕਦਾ ਪਿਆਰ
ਤੇ ਖ਼ਤ ਪੜਨ ਦਾ ਵਿਸਮਾਦ
ਮਰਸੀਆ ਬਣ ਜਾਵੇ ਜਦੋਂ ਤਾਂ ਖ਼ਤ
ਕੁਝ ਅਣਕਿਆਸਿਆ ਕਰ ਹੀ ਜਾਂਦੇ ਨੇ
ਤੇ ਖੁਦਕੁਸ਼ੀ ਕਰ ਹੀ ਜਾਂਦੇ ਨੇ

# ਖ਼ੁਦਕੁਸ਼ੀਆਂ ਦੇ ਰਾਹੇ ਕਿਉ ਪਏ ਫ਼ਿਲਮੀ ਸਟਾਰ ?

**- ਐਸ ਐਸ ਡਿੰਪਲ**

ਖ਼ੁਦਕੁਸ਼ੀ ਜੀਵਨ ਦਾ ਦੁਖਦਾਈ ਅੰਤ ਹੈ। ਗ਼ਰੀਬ, ਬੇਰੁਜ਼ਗਾਰ ਜਾਂ ਬੇਵੱਸ ਇਨਸਾਨਾਂ ਵਲੋਂ ਆਤਮ-ਹੱਤਿਆ ਕਰਨਾ ਆਮ ਵਰਤਾਰਾ ਹੈ, ਭਾਵੇਂ ਕਿ ਜੀਵਨ ਐਨਾ ਸਸਤਾ, ਅਸੰਭਵ ਤੇ ਬੇਲੋੜਾ ਨਹੀਂ, ਜਿੰਨਾ ਘੜੀ ਦੋ ਘੜੀ ਲਾਚਾਰ ਵਿਅਕਤੀ ਨੂੰ ਲਗਦਾ ਹੈ, ਜੋ ਕਿ ਆਪਣੀ ਜੀਵਨ-ਲੀਲਾ ਨੂੰ ਸਮਾਪਤ ਕਰਨ ਵੇਲੇ ਅਤਿ-ਭਾਵੁਕ ਪਲਾਂ ਵਿਚੋਂ ਗੁਜ਼ਰਦਿਆਂ ਮਹਿਸੂਸ ਕਰਦਾ ਹੈ। ਪਿਆਰੀ ਹਿਆਤੀ ਨੂੰ ਠੁਕਰਾ ਕੇ ਮੌਤ ਨੂੰ ਗਲੇ ਲਗਾਉਣ ਵਾਲੇ ਆਸ਼ਕ ਵੀ ਸੰਵੇਦਨਾ ਅਤੇ ਬੇਵਸੀ ਦਾ ਸਿਖ਼ਰ ਹੰਢਾਉਂਦੇ ਹਨ। ਸ਼ਾਇਦ ਉਨਾਂ ਨੂੰ ਅਜਿਹਾ ਜਾਪਦਾ ਹੈ ਕਿ ਅਗਲਾ ਸਮਾਂ ਉਨਾਂ ਦੇ ਜੀਵਨ ਲਈ ਹੋਰ ਮਾੜਾ, ਅਰਥਹੀਣ ਅਤੇ ਭਾਰਾ ਹੋਵੇਗਾ, ਜਿਸ ਕਰਕੇ ਉਨਾਂ ਨੂੰ ਮੌਤ ਦੇ ਆਗੋਸ਼ ਵਿਚ ਜਾਣਾ ਸੌਖਾ ਲਗਦਾ ਹੈ, ਭਾਵੇਂ ਕਿ ਮਰਨਾ ਬਹੁਤ ਹੀ ਔਖਾ ਹੈ। ਇਸ ਗੱਲ ਦਾ ਅਹਿਸਾਸ ਉਸ ਵਿਅਕਤੀ ਨੂੰ ਹੀ ਹੋ ਸਕਦਾ ਹੈ, ਜਿਸ ਨੂੰ ਡਾਕਟਰ ਦੱਸ ਦਿੰਦਾ ਹੈ ਕਿ ਤੇਰੇ ਕੋਲ ਹੁਣ ਜੀਣ ਲਈ ਸਿਰਫ਼ ਗਿਣਤੀ ਦੇ ਦਿਨ ਹਨ ਅਤੇ ਜਾਂ ਜਿਸ ਨੂੰ ਅਦਾਲਤ ਵਲੋਂ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਉਹ ਹਰ ਪਲ ਮੌਤ ਨਾਲ ਦਸਤਪੰਜਾ ਲੈਂਦਾ ਹੈ। ਕੁਝ ਖਾਣ-ਪੀਣ ਨੂੰ, ਕੁਝ ਕਰਨ ਨੂੰ ਜਾਂ ਕੁਝ ਮਾਣਨ ਨੂੰ ਜੀਅ ਨਹੀਂ ਕਰਦਾ ਅਜਿਹੇ ਇਨਸਾਨ ਦਾ, ਭਾਵੇਂ ਉਹ ਕਿੰਨਾ ਵੀ ਬੇਰਹਿਮ ਜਾਂ ਬੁੱਢਾ ਹੋਵੇ।

ਫਿਰ ਕੀ ਕਾਰਨ ਹੈ ਕਿ ਦੌਲਤ ਅਤੇ ਸ਼ੁਹਰਤ ਦਾ ਨਿੱਘ, ਪਿਆਰ ਅਤੇ ਅਹਿਸਾਸ ਮਾਣਨ ਵਾਲੇ ਨੌਜਵਾਨਾਂ ਜਾਂ ਮੁਟਿਆਰਾਂ ਸਟਾਰਡੱਮ ਦੇ ਮੀਨਾਰ ਛੋਹਣ ਉਪਰੰਤ ਵੀ ਖ਼ੁਦਕਸ਼ੀ ਕਰਕੇ ਸਰੋਤਿਆਂ, ਦਰਸ਼ਕਾਂ ਜਾਂ ਪਾਠਕਾਂ ਲਈ ਹੈਰਾਨੀ ਦਾ ਸਬੱਬ ਬਣਦੇ ਹਨ। ਇਹ ਵਰਤਾਰਾ ਸਿਰਫ਼ ਪੰਜਾਬ ਜਾਂ ਭਾਰਤ ਵਿਚ ਨਹੀਂ, ਸਗੋਂ ਸਮੁੱਚੇ ਵਿਸ਼ਵ ਵਿਚ ਹੈ। ਅੱਜ ਬਾਲੀਵੁੱਡ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਆਤਮ-ਹੱਤਿਆ ਦੀ ਖ਼ਬਰ ਨੇ ਸਮੁੱਚੇ ਸਿਨੇ-ਜਗਤ ਨੂੰ ਹੀ ਨਹੀਂ, ਉਸ ਦੇ ਪ੍ਰਸੰਸਕਾਂ ਦੀ ਭੀੜ ਨੂੰ ਵੀ ਭੈਭੀਤ ਕਰ ਕੇ ਰੱਖ ਦਿੱਤਾ ਹੈ। ਇਸ ਤੋਂ ਕੁਝ ਦਿਨ ਪਹਿਲਾਂ ਰਾਜਪੂਤ ਦੀ ਪ੍ਰਬੰਧਕ ਦਿਸ਼ਾ ਅਤੇ ਟੀ.ਵੀ. ਅਦਾਕਾਰ ਮਨਮੀਤ ਗਰੇਵਾਲ ਦੀ ਖ਼ੁਦਕਸ਼ੀ ਦੀ ਦੁਖਦਾਈ ਖ਼ਬਰ ਨਸ਼ਰ ਹੋਈ ਸੀ। 'ਗਜ਼ਨੀ' ਦੀ ਅਦਾਕਾਰਾ ਜ਼ੀਆ ਖਾਨ ਦੀ 2013 ਵਿਚ ਜਾਂ ਪ੍ਰਤੂਸ਼ਿਆ ਬੈਨਰਜੀ ('ਬਾਲਿਕਾ ਵਧੂ' ਫੇਮ) ਦੀ 2016 ਵਿਚ ਆਤਮ-ਹੱਤਿਆ ਬਾਰੇ ਸੁਣ ਕੇ ਵੀ ਸਮੁੱਚਾ ਮਨੋਰੰਜਨ ਭਾਈਚਾਰਾ ਸੁੰਨ ਹੋ ਕੇ ਰਹਿ ਗਿਆ ਸੀ। ਮਾਰਲਿਨ ਮੁਨਰੋ ਜਾਂ ਦਿਵਿਆ ਭਾਰਤੀ ਨੂੰ ਕੌਣ ਭੁੱਲ ਸਕਦਾ ਹੈ ?

ਸਵਾਲ ਇਹ ਉੱਠਦਾ ਹੈ ਕਿ ਸਫ਼ਲਤਾ ਅਤੇ ਸਟਾਰਡੱਮ ਦੀ ਚੋਟੀ 'ਤੇ ਪੁੱਜਣ ਤੋਂ ਬਾਅਦ ਅਦਾਕਾਰ ਮੌਤ ਨੂੰ ਕਿਉਂ ਗਲੇ ਲਗਾਉਂਦੇ ਨੇ ? ਇਹ ਇਕ ਡੂੰਘਾ ਸਵਾਲ ਹੈ, ਜਿਸ ਦੀਆਂ ਜੜਾਂ ਸਾਡੀ ਜੀਵਨ-ਸ਼ੈਲੀ, ਰਾਜਸੀ-ਤੰਤਰ ਅਤੇ ਸਮਾਜਿਕ ਵਿਵਸਥਾ ਨਾਲ ਜੁੜੀਆਂ ਹੋਈਆਂ ਹਨ। ਵਿਅਕਤੀ ਦਾ ਜਨਮ ਅਤੇ ਪਾਲਣ-ਪੋਸ਼ਣ ਜਿਸ ਸਮਾਜ ਵਿਚ ਹੁੰਦਾ ਹੈ, ਉਸ ਦੀ ਸੋਚ ਅਤੇ ਉਮੀਦ ਉਸ ਦੇ ਮੁਤਾਬਿਕ ਹੀ ਬਣਦੀ ਹੈ। ਸਮਾਜ ਦਾ ਹਿੱਸਾ ਹੁੰਦਿਆਂ ਹੋਇਆਂ ਉਹ ਸਮਾਜ ਦੇ ਹਰ ਪੱਖ ਨੂੰ ਗ੍ਰਹਿਣ ਕਰਦਾ ਹੈ। ਇਸ ਸਮਾਜ ਵਿਚ ਪਰਿਵਾਰ, ਰਿਸ਼ਤੇਦਾਰ, ਗਵਾਂਢ ਅਤੇ ਆਸਾ-ਪਾਸਾ ਸ਼ਾਮਿਲ ਹੰਦਾ ਹੈ।



ਸਮਾਜ ਵਿਅਕਤੀ ਨੂੰ ਉਸ ਦੀ ਸਫ਼ਲਤਾ, ਉਸ ਦੀ (ਸਮਾਜ ਨੂੰ) ਲੋੜ ਅਤੇ ਉਸ ਦੇ ਫਾਇਦੇਮੰਦ ਹੋਣ ਦੇ ਹਿਸਾਬ ਦੇ ਵੱਟਿਆਂ ਵਿਚ ਤੋਲਦਾ ਹੈ। ਇਹ ਪੱਖ ਜਿੱਥੇ ਵਿਅਕਤੀ ਨੂੰ ਜੀਵਨ ਵਿਚ ਕੁਝ ਹਾਸਲ ਕਰਨ ਲਈ ਪ੍ਰੇਰਦੇ ਹਨ, ਉੱਥੇ ਉਸ ਤੋਂ ਢੇਰ ਸਾਰੀਆਂ ਉਮੀਦਾਂ ਰੱਖਣ ਨਾਲ ਉਸ 'ਤੇ ਬੇਲੋੜਾ ਅਤੇ ਵਾਧੂ ਬੋਝ ਵੀ ਪਾਉਂਦੇ ਹਨ, ਜਿਸ ਭਾਰ ਨੂੰ ਉਹ ਦੇਰ ਅਤੇ ਦੂਰ ਤੱਕ ਚੁੱਕਣ ਦਾ ਯਤਨ ਕਰਦਾ ਹੈ, ਸਫ਼ਲ ਵੀ ਹੁੰਦਾ ਹੈ, ਅਤੇ ਅਸਫ਼ਲ ਵੀ। ਜਦੋਂ ਕਿਤੇ ਉਸ ਨੂੰ ਇਹ ਬੋਝ ਚੁੱਕਣਾ ਔਖਾ ਜਾਂ ਅਸੰਭਵ ਜਾਪਦਾ ਹੈ, ਤਾਂ ਉਸ ਨੂੰ ਆਪਣੇ ਵਿਅਕਤੀਤਵ ਦਾ ਫ਼ਿਕਰ ਘੱਟ ਅਤੇ ਸਮਾਜਿਕ ਨਜ਼ਰਾਂ ਦਾ ਸਾਹਮਣਾ ਕਰਨ ਦੀ ਚਿੰਤਾ ਵੱਧ ਹੋਣ ਲਗਦੀ ਹੈ। ਅਜਿਹੀ ਹਾਲਤ ਵਿਚ ਸਮਾਜਿਕ ਢਾਂਚਾ, ਵਿਅਕਤੀਗਤ ਲੋੜਾਂ 'ਤੇ ਹਾਵੀ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ, ਅਸਿੱਧੇ ਰੂਪ ਵਿਚ, ਸਮਾਜ ਹੀ ਵਿਅਕਤੀ 'ਤੇ ਹਾਵੀ ਹੋ ਕੇ ਉਸ ਦਾ ਦੁਸ਼ਮਣ ਬਣ ਜਾਂਦਾ ਹੈ। ਪਰ, ਇਹ ਇਸ ਵਰਤਾਰੇ ਦਾ ਸਿਰਫ਼ ਇਕ ਪਹਿਲੂ ਹੈ।

ਕਾਮਯਾਬੀ ਨਾਲ ਵਿਅਕਤੀ ਦੀਆਂ ਲੋੜਾਂ ਵਧਦੀਆਂ ਹਨ, ਉਸ ਅੰਦਰ ਹੋਰ ਸਫ਼ਲਤਾ ਹਾਸਲ ਕਰਨ ਦਾ ਮਾਦਾ, ਸੰਭਾਵਨਾ ਅਤੇ ਜ਼ਰੂਰਤ ਉੱਸਲਵੱਟੇ ਲੈਂਦੀ ਹੈ। ਇਸ ਨੂੰ ਮਨੋਵਿਗਿਆਨ ਦੀ ਭਾਸ਼ਾ ਵਿਚ 'ਪ੍ਰਾਪਤੀ ਪ੍ਰੇਰਨਾ' ਆਖਿਆ ਜਾਂਦਾ ਹੈ। ਸਫ਼ਲਤਾ ਦਾ ਨਸ਼ਾ ਵੀ ਅਜੀਬ ਹੁੰਦਾ ਹੈ, ਪਰ ਇਸ ਸਫ਼ਲਤਾ ਨੂੰ ਕਾਇਮ ਰੱਖਣਾ ਵੀ ਇਕ ਲੋੜ ਬਣ ਜਾਂਦੀ ਹੈ। ਫ਼ਿਲਮਾਂ, ਮਾਡਲਿੰਗ, ਗਾਇਕੀ ਆਦਿ ਅਜਿਹੇ ਜਨਤਕ ਮੰਚ ਹਨ, ਜਿੱਥੇ ਪਹੁੰਚਣਾ ਜਿੰਨਾ ਔਖਾ ਹੈ, ਓਨਾ ਹੀ ਔਖਾ ਆਪਣੇ ਸਟਾਰਡੱਮ ਨੂੰ ਕਾਇਮ ਰੱਖਣਾ ਹੈ। ਪਰ, ਸਟਾਰ ਦੀ ਇੱਛਾ ਹਮੇਸ਼ਾ ਅਗਾਂਹ ਵਧਣ ਦੀ ਹੁੰਦੀ ਹੈ। ਉਸ ਦੀਆਂ ਲੋੜਾਂ, ਉਸ ਦੇ ਖ਼ਰਚੇ, ਉਸ ਦੀ ਸਵੈ-ਇੱਛਾ ਦਾ ਪੱਧਰ ਅਤੇ ਕਮਾਈ ਦਾ ਪੱਧਰ ਸਭ ਕੁਝ ਵਧ ਜਾਂਦਾ ਹੈ, ਪਰ ਹਰ ਉਚਾਣ ਨਾਲ ਨਿਵਾਣ ਵੀ ਜੁੜੀ ਹੁੰਦੀ ਹੈ। ਹਰ ਖ਼ੇਤਰ ਵਿਚ ਨਵਿਆਂ, ਪੁਰਾਣਿਆਂ ਵਿਚ ਸੰਘਰਸ਼ ਚਲਦਾ ਰਹਿੰਦਾ ਹੈ। ਸਮੇਂ ਨਾਲ ਨਵਾਂ ਪੁਰਾਣਾ ਹੁੰਦਾ ਹੈ। ਹੋਰ ਨਵਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਦਾ ਹੈ। ਇਸ ਕਸ਼ਮਕਸ਼ ਵਿਚ ਸੰਘਰਸ਼ ਬਾਅਦ ਮੰਜ਼ਿਲ ਹਾਸਲ ਕਰਨ ਬਾਅਦ ਵੀ ਰੋਜ਼ ਸੰਘਰਸ਼ ਨਾਲ ਮੱਥਾ ਲਾਉਣਾ ਪੈਂਦਾ ਹੈ। ਇਸ ਦੇ ਇਲਾਵਾ ਆਪਣੇ ਜਨਤਕ ਅਕਸ ਨੂੰ ਕਾਇਮ ਰੱਖਣਾ, ਜੋੜ-ਤੋੜ ਕਰਨਾ, ਸਬੰਧ ਬਣਾਉਣੇ ਅਤੇ ਕੰਮ ਹਥਿਆਉਣਾ ਸਿਨੇ-ਜਗਤ ਦੇ ਅਜਿਹੇ ਪਹਿਲੂ ਨੇ, ਜਿਹੜੇ ਕਿਸੇ ਵੀ ਅਦਾਕਾਰ ਜਾਂ ਗਾਇਕ ਨੂੰ ਸਫ਼ਲਤਾ ਦੀ ਟੀਸੀ ਤੱਕ ਪੁੱਜਣ ਅਤੇ ਉੱਥੇ ਕਾਇਮ ਰਹਿਣ ਜਾਂ ਹੋਰ ਬੁਲੰਦੀਆਂ ਹਾਸਲ ਕਰਨ ਲਈ ਉਸ 'ਤੇ ਦਬਾਅ ਪਾਉਂਦੇ ਹਨ। ਇਸ ਦੌੜ ਵਿਚ ਇਕ ਵੀ ਪੇਚ ਢਿੱਲਾ ਰਹਿ ਜਾਣ 'ਤੇ ਨਿਵਾਣ ਵੱਲ ਤਿਲਕਣ ਦਾ ਡਰ ਨਿਰੰਤਰ ਬਣਿਆ ਰਹਿੰਦਾ ਹੈ। ਜਿਵੇਂ ਅੰਗਰੇਜ਼ੀ ਕਹਾਵਤ ਹੈ, 'ਇਕ ਸੰਗਲੀ ਓਨੀ ਹੀ ਮਜ਼ਬੂਤ ਹੋਵੇਗੀ, ਜਿੰਨੀ ਉਸ ਦੀ ਸਭ ਤੋਂ ਕਮਜ਼ੋਰ ਕੜੀ।'

ਸਿਨੇ-ਜਗਤ ਵਿਚ ਅਕਸਰ ਛੋਟੀ ਉਮਰ ਵਿਚ ਸਫ਼ਲਤਾ ਹਾਸਲ ਹੋ ਜਾਂਦੀ ਹੈ। ਇਸ ਦੇ ਨਾਲ ਹੀ ਅਦਾਕਾਰ ਜਾਂ ਸਟਾਰ ਇਕ-ਦੂਜੇ, ਭਾਵ ਵਿਰੋਧੀ ਲਿੰਗ ਦੇ ਅਦਾਕਾਰਾਂ ਦੇ ਸੁਹੱਪਣ ਜਾਂ ਸੁਭਾਅ ਤੋਂ ਇਕਦਮ ਪ੍ਰਭਾਵਿਤ ਹੋ ਕੇ ਇਸ਼ਕ-ਪੀਂਘਾਂ ਵੀ ਝੂਟਣ ਲਗਦੇ ਹਨ। ਸਮਾਜਿਕ ਬੰਧਨਾਂ ਤੋਂ ਆਜ਼ਾਦ ਮਾਹੌਲ ਹੋਣ ਕਰਕੇ ਪਿਆਰ ਛੇਤੀ ਆਰੰਭ ਹੁੰਦਾ, ਫਲਦਾ-ਫੁੱਲਦਾ, ਸਿਰੇ ਚੜਦਾ ਅਤੇ ਫਿਰ ਟੁੱਟਦਾ ਵੀ ਹੈ। ਸੌਖਿਆਂ ਹਾਸਲ ਹੋਇਆ ਪਿਆਰ ਵੀ ਸੌਖਿਆਂ ਹੀ ਫਿੱਕਾ ਪੈ ਜਾਂਦਾ ਹੈ। ਇਸ ਖੇਡ ਵਿਚ ਅਨੇਕ ਖਿਡਾਰੀ ਹੋਣ ਕਰਕੇ 'ਅੱਜ ਹੋਰ, ਕੱਲ ਹੋਰ, ਪਰਸੋਂ ਹੋਰ' ਦਾ ਚਸਕਾ ਪੈ ਜਾਂਦਾ ਹੈ। ਮਿਜ਼ਾਜ ਛੇਤੀ ਬਦਲਦੇ ਹਨ, ਇਸ਼ਕ-ਮਿਜਾਜ਼ੀ ਵੀ ਰੰਗ ਦਿਖਾਉਂਦੀ ਹੈ। ਇਕਰਾਰ ਜਿੰਨੇ ਛੇਤੀ ਅਤੇ ਆਸਾਨੀ ਨਾਲ ਕੀਤੇ ਜਾਂਦੇ ਹਨ, ਉਸੇ ਰਫ਼ਤਾਰ ਨਾਲ ਤੋੜੇ ਜਾਂਦੇ ਹਨ। ਨਿਆਣੀ ਜਾਂ ਜਵਾਨੀ ਦੀ ਉਮਰ ਹੁੰਦੀ ਹੈ। ਸੰਘਰਸ਼ ਆਰੰਭ ਹੁੰਦਾ ਹੈ। ਇਹ ਥੋੜ-ਚਿਰਾ ਹੁੰਦਾ ਹੈ। ਕਿਸੇ ਜੋੜ-ਤੋੜ ਵਿਚ ਫ਼ਿਲਮ ਮਿਲਦੀ ਹੈ, ਸਫ਼ਲਤਾ ਪੈਰ ਚੁੰਮਦੀ ਹੈ। ਅਗਲੀਆਂ ਫ਼ਿਲਮਾਂ ਲੈਣ ਲਈ ਸੰਘਰਸ਼ ਦਾ ਦੌਰ ਆਰੰਭ ਹੁੰਦਾ ਹੈ। ਇਕ ਫ਼ਿਲਮ ਮਿਲਦੀ ਹੈ, ਚਾਰ ਛੁੱਟਦੀਆਂ ਹਨ। ਕਈ ਵਾਰ ਭਵਿੱਖ ਹਨੇਰਾ ਜਾਪਣ ਲਗਦਾ ਹੈ। ਭੀੜ ਵਿਚ ਪਤਾ ਨਹੀਂ ਕਿਹੜਾ ਚਿਹਰਾ ਅੱਜ ਚੱਲੇਗਾ, ਕਿਹੜਾ ਲੋਕ ਠੁਕਰਾ ਦੇਣਗੇ, ਦਾ ਡਰ ਬਣਿਆ ਰਹਿੰਦਾ ਹੈ।

ਸਭ ਕੁਝ ਅਨਿਸਚਿਤ ਹੋਣ ਕਰਕੇ, ਛੋਟੇ-ਮੋਟੇ ਝਟਕੇ ਵੀ ਅਸਹਿ ਹੋ ਜਾਂਦੇ ਹਨ। ਅਮੀਰ ਘਰਾਂ ਵਿਚ ਪਲੇ ਨੌਜਵਾਨ ਅਤੇ ਮੁਟਿਆਰਾਂ ਛੇਤੀ ਹੀ ਸਫ਼ਲ ਹੋਣ ਤੋਂ ਬਾਅਦ ਹੋਰ ਨਸ਼ਿਆ ਜਾਂਦੇ ਹਨ। ਜੀਵਨ ਬਹੁਤ ਸੌਖਾ ਅਤੇ ਪਿਆਰਾ ਜਾਪਦਾ ਹੈ। ਪਰ, ਜਿਉਂ-ਜਿਉਂ ਸਚਾਈ ਦਾ ਸਾਹਮਣਾ ਕਰਦੇ ਹਨ, ਉਨਾਂ ਦਾ ਰਿਸ਼ਤਿਆਂ, ਜੀਵਨ ਅਤੇ ਸਮਾਜ ਦੀ ਕੁੜੱਤਣ ਨਾਲ ਵਾਹ ਪੈਣ ਲਗਦਾ ਹੈ। ਵਿਰਲੇ ਹੀ ਹੁੰਦੇ ਨੇ, ਜੋ ਇਸ ਦਾ ਸਾਹਮਣਾ ਕਰਦੇ ਹਨ। ਬਾਕੀ ਜਾਂ ਤਾਂ ਸਫ਼ਲ ਹੋ ਜਾਂਦੇ ਨੇ, ਜਾਂ ਜੂਆ, ਸ਼ਰਾਬ, ਨਸ਼ਿਆਂ ਆਦਿ ਦਾ ਸਹਾਰਾ ਲੈਣ ਲਗਦੇ ਹਨ। ਨਸ਼ਾ ਵੀ ਕਿਸੇ ਹੱਦ ਤੱਕ ਹੁੰਦਾ ਹੈ ? ਕਈ ਵਾਰ ਦਿਲ ਜਾਂ ਦਿਮਾਗ 'ਤੇ ਭਾਰ-ਬੋਝ ਹੀ ਐਨਾ ਹੋ ਜਾਂਦਾ ਹੈ, ਕਿ ਨਸ਼ੇ ਵੀ ਕੰਮ ਕਰਨਾ ਬੰਦ ਕਰ ਦਿੰਦੇ ਹਨ। ਅਜਿਹੀ ਹਾਲਤ ਵਿਚ ਖ਼ੁਦਕੁਸ਼ੀ ਇਕ ਸੌਖਾ ਛੁਟਕਾਰਾ ਜਾਪਣ ਲਗਦੀ ਹੈ।

ਜੀਵਨ ਵਿਚ ਸਿਰਫ਼ ਪੈਸਾ ਸਭ ਕੁਝ ਨਹੀਂ ਹੁੰਦਾ। ਸਰੀਰਕ ਭੁੱਖ ਜਾਂ ਕਾਮ ਦੀ ਪੂਰਤੀ ਲੋੜਾਂ ਦੀ ਪੂਰਤੀ ਤੱਕ ਜ਼ਿੰਦਗੀ ਸੀਮਤ ਨਹੀਂ। ਮਜ਼ਬੂਤ ਮਾਨਸਿਕਤਾ ਚੰਗੇ ਅਤੇ ਉਸਾਰੂ ਵਿਚਾਰ, ਸਾਹਿਤ ਅਤੇ ਅਨੁਭਵ ਤੋਂ ਹਾਸਲ ਹੁੰਦੀ ਹੈ। ਅਸਫ਼ਲ ਹੋਣ ਦਾ ਅਰਥ ਜ਼ਿੰਦਗੀ ਦਾ ਖ਼ਾਤਮਾ ਨਹੀਂ। ਹਰ ਸਵੇਰ ਨਵੇ ਅਵਸਰ ਲੈ ਕੇ ਤੁਹਾਡਾ ਬੂਹਾ ਖੜਕਾਉਂਦੀ ਹੈ। ਸਮਾਜ ਤੋਂ ਡਰਨ ਦੀ ਥਾਂ, ਆਪਣੀ ਖੁਸ਼ੀ, ਸਕੂਨ ਅਤੇ ਜ਼ਿੰਦਗੀ ਬਾਰੇ ਸੋਚੋ। ਚਾਦਰ ਦੇਖ ਕੇ ਪੈਰ ਪਸਾਰੋ ਅਤੇ ਜੇਕਰ ਅਚਾਨਕ ਦੌਲਤ ਅਤੇ ਸ਼ੁਹਰਤ ਮਿਲਦੇ ਹਨ, ਤਾਂ ਇਨਾਂ ਦਾ ਨਿਵੇਸ਼ ਕਰੋ, ਨਾ ਕਿ ਇਨਾਂ ਨੂੰ ਅੰਨੇਵਾਹ ਵਰਤੋ ਕਿ ਕੱਲ ਨੂੰ ਇਨਾਂ ਦੇ ਖ਼ਤਮ ਹੋਣ, ਜਾਂ ਘਟ ਜਾਣ 'ਤੇ ਤੁਹਾਨੂੰ ਸਭ ਕੁਝ ਖ਼ਤਮ ਹੋ ਗਿਆ ਜਾਪੇ।

# ਭਾਰਤੀ ਪੰਜਾਬੀ ਫ਼ਿਲਮਾਂ ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੀ ਨਕਲ ਕਰਦੀਆਂ ਰਹੀਆਂ

**- ਡਾਕਟਰ ਧਰਮ ਸਿੰਘ**

ਵੰਡ ਤੋਂ ਪਹਿਲਾਂ ਉਂਝ ਵੀ, ਲਾਹੌਰ ਪੰਜਾਬੀ ਫ਼ਿਲਮ ਨਿਰਮਾਣ ਦਾ ਸਭ ਤੋਂ ਵੱਡਾ ਕੇਂਦਰ ਸੀ। ਪੰਜਾਬੀ ਫ਼ਿਲਮਾਂ ਲਾਹੌਰ ਵਿਚ ਹੀ, ਪਹਿਲੇ ਪਹਿਲ ਬਣਨੀਆਂ ਸ਼ੁਰੂ ਹੋਈਆਂ। ਲਾਹੌਰ, ਪਾਕਿਸਤਾਨ ਦੇ ਹਿੱਸੇ ਵਿਚ ਆਉਣ ਕਰਕੇ ਪੰਜਾਬੀ ਫ਼ਿਲਮ ਨਿਰਮਾਣ ਦਾ ਕੰਮ ਅੱਗੇ ਵਧਦਾ ਗਿਆ। ਮੁਨਾਫ਼ੇ ਵਾਲਾ ਕਾਰੋਬਾਰ ਹੋਣ ਕਰਕੇ ਗ਼ੈਰ-ਪੰਜਾਬੀ ਲੋਕ ਵੀ ਇਸ ਨਾਲ ਜੁੜਨ ਲੱਗੇ। ਸਾਰਾ ਪਾਕਿਸਤਾਨ ਹੀ ਪੰਜਾਬੀ ਫ਼ਿਲਮਾਂ ਦਾ ਖੇਤਰ ਬਣ ਜਾਣ ਕਰਕੇ ਇਨਾਂ ਦੇ ਨਿਰਮਾਣ ਨੂੰ ਹੋਰ ਹੁਲਾਰਾ ਮਿਲਿਆ।

ਪਾਕਿਸਤਾਨ ਵਿਚ ਖੇਤੀ ਦਾ ਵਧੇਰੇ ਮਸ਼ੀਨੀਕਰਨ ਨਾ ਹੋਣ ਕਰਕੇ ਤੇ ਜ਼ਮੀਨੀ ਸੁਧਾਰ ਨਾ ਹੋਣ ਕਰਕੇ ਮੱਧਕਾਲ ਦੀ ਰਜਵਾੜਾਸ਼ਾਹੀ ਬਰਕਰਾਰ ਰਹੀ, ਬੇਸ਼ੱਕ ਨਾਂਅ ਨਵੇਂ ਰੱਖ ਲਏ ਗਏ। ਸਿੰਧ ਦਾ ਵਡੇਰਾ, ਪੰਜਾਬ ਦਾ ਚੌਧਰੀ ਅਤੇ ਬਲੋਚਿਸਤਾਨ ਦਾ ਖ਼ਾਨ ਸਾਮੰਤਸ਼ਾਹੀ ਦੀ ਰਹਿੰਦ-ਖੂੰਹਦ ਹੀ ਹੈ। ਅਮੀਰੀ, ਗ਼ਰੀਬੀ ਦਾ ਪਾੜਾ ਵਧਦੇ ਰਹਿਣ ਕਰਕੇ ਏਥੇ ਮੱਧ ਵਰਗ ਬਹੁਤਾ ਪਨਪ ਨਾ ਸਕਿਆ। ਸਨਅਤੀਕਰਨ ਦਾ ਹੱਥ ਵੀ ਏਸ ਪਾੜੇ ਨੂੰ ਵਧਾਉਣ ਦਾ ਕਾਰਨ ਬਣਿਆ। ਪਾਕਿਸਤਾਨ ਵਿਚ ਅੱਜ ਵੀ ਸਾਧਨ ਸੰਪੰਨ ਅਤੇ ਸਾਧਨਹੀਣ ਦੋ ਹੀ ਵਰਗ ਹੀ ਹਨ। ਏਸੇ ਲਈ ਫ਼ਿਲਮਾਂ ਦੀਆਂ ਕਹਾਣੀਆਂ ਵਿਚ ਇਨਾਂ ਦੀ ਝਲਕ ਹੈ।

ਭਾਰਤ ਵਿਚ ਜ਼ਮੀਨੀ ਸੁਧਾਰ, ਸਨਅਤੀਕਰਨ, ਸੇਵਾਵਾਂ, ਵਿੱਦਿਆ ਆਦਿ ਨੇ ਕਾਫ਼ੀ ਅਸਰ ਪਾਇਆ ਅਤੇ ਏਥੇ ਮੱਧ ਵਰਗ ਵੀ ਵਿਕਸਿਤ ਹੋਣਾ ਸ਼ੁਰੂ ਹੋਇਆ, ਪਰ ਮਾਨਸਿਕਤਾ ਤੇ ਸੋਚ ਨਾ ਬਦਲੀ। ਭਾਰਤ ਦੇ ਪੰਜਾਬੀ ਫ਼ਿਲਮ-ਸਾਜ਼ਾਂ ਨੇ ਥੋੜੀ ਬਹੁਤੀ ਤਬਦੀਲੀ ਨਾਲ ਉਹੋ ਪਲਾਟ ਆਪਣੀਆਂ ਫ਼ਿਲਮਾਂ ਲਈ ਚੁਣਨੇ ਆਰੰਭ ਕਰ ਦਿੱਤੇ। ਏਸੇ ਲਈ ਭਾਰਤੀ ਪੰਜਾਬੀ ਫ਼ਿਲਮਾਂ ਵਿਚ ਵੀ ਜਗੀਰਦਾਰ, ਜ਼ੈਲਦਾਰ, ਨੰਬਰਦਾਰ ਤੇ ਸਰਪੰਚ ਆਦਿ ਕਿਰਦਾਰ ਪ੍ਰਮੁੱਖਤਾ ਹਾਸਲ ਕਰ ਗਏ। ਪੰਜਾਬੀ ਫ਼ਿਲਮਾਂ ਅਜਿਹੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕੀਆਂ। ਗੀਤ ਸੰਗੀਤ ਦੇ ਨਾਂ ਉਪਰ ਜੱਟਾਂ ਦੀ ਜੋ ਨੇਕ ਨਾਮੀ ਜਾਂ ਬਦਨਾਮੀ (ਜੋ ਮਰਜ਼ੀ ਕਹਿ ਲਵੋ) ਹੋ ਰਹੀ ਹੈ, ਉਹ ਏਸੇ ਸਾਮੰਤਵਾਦੀ ਸੋਚ ਦਾ ਸਿੱਟਾ ਹੈ। ਗੀਤਾਂ ਦੇ ਫ਼ਿਲਮਾਂਕਣ ਵਿਚ ਮਹਿੰਗੀਆਂ ਗੱਡੀਆਂ, ਭੜਕੀਲੇ ਲਿਬਾਸ ਤੇ ਚਕਾਚੌਂਧ ਪੈਦਾ ਕਰਨ ਵਾਲੀਆਂ ਹੋਰ ਵਸਤਾਂ ਏਸੇ ਲਾਲਸਾ ਦਾ ਨਤੀਜਾ ਹਨ। ਪਾਕਿਸਤਾਨੀ ਫ਼ਿਲਮਾਂ, 'ਜੱਟ ਦਾ ਗੰਡਾਸਾ', 'ਮੌਲਾ ਜੱਟ' ਆਦਿ ਨੇ ਭਾਰਤੀ ਪੰਜਾਬੀ ਫ਼ਿਲਮਾਂ ਵਿਚ ਜੱਟਵਾਦ ਦਾ ਅਜਿਹਾ ਦੌਰ ਚਲਾਇਆ ਕਿ ਇਸ ਦਾ ਪ੍ਰਭਾਵ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸੁਲਤਾਨ ਰਾਹੀ, ਸ਼ਫਕਤ ਚੀਮਾ ਆਦਿ ਖਲਨਾਇਕਾਂ ਨੇ ਉੱਚੀ ਸੁਰ ਵਿਚ ਸੰਵਾਦ ਬੋਲਣ ਦੀ ਅਜਿਹੀ ਪਿਰਤ ਪਾਈ ਕਿ ਭਾਰਤੀ ਪੰਜਾਬੀ ਫ਼ਿਲਮਾਂ ਵੀ ਇਸ ਤੋਂ ਬਚ ਨਾ ਸਕੀਆਂ। ਖ਼ਲਨਾਇਕਾਂ ਦੇ ਹੱਥਾਂ ਵਿਚ ਗੰਡਾਸੇ, ਟਕੂਏ, ਕਿਰਪਾਨਾਂ ਤੇ ਬੰਦੂਕਾਂ ਉਨਾਂ ਦੀ ਦਿੱਖ ਦੇ ਜ਼ਰੂਰੀ ਅੰਗ ਬਣ ਗਏ। ਇਹ ਸਭ ਕੁਝ ਪਾਕਿ ਫ਼ਿਲਮਾਂ ਦੀ ਨਕਲ ਦਾ ਸਿੱਟਾ ਹੈ। ਭਾਰਤੀ ਪ੍ਰਸੰਗ ਵਿਚ ਪਾਕਿਸਤਾਨੀ ਗੀਤ ਸੰਗੀਤ ਦਾ ਪ੍ਰਭਾਵ ਹੋਰ ਵੀ ਗੂੜਾ ਹੈ। ਗੀਤਕਾਰੀ ਦਾ ਜੋ ਮੰਦਾ ਹਾਲ ਭਾਰਤੀ ਹਿੰਦੀ ਫ਼ਿਲਮਾਂ ਵਿਚ ਹੈ, ਉਸ ਤੋਂ ਸਾਰਾ ਸੰਸਾਰ ਜਾਣੂੰ ਹੈ। ਪੋਟਿਆਂ ਉਪਰ ਕੁਝ ਕੁ ਗਿਣੇ ਜਾਣ ਵਾਲੇ ਗੀਤਕਾਰਾਂ ਨੂੰ ਛੱਡ ਕੇ ਬਾਕੀ ਗੀਤਕਾਰੀ 'ਤੂੰ ਮੇਰੀ ਪੈਪਸੀ ਅਤੇ ਮੈਂ ਤੇਰਾ ਕੋਕਾ ਕੋਲਾ' ਵਰਗੀ ਹੀ ਹੈ। ਇਸ ਲਈ ਕੁਝ ਬਿਹਤਰ ਕਰਨ ਅਤੇ ਫ਼ਿਲਮਾਂ ਵਿਚ ਜਜ਼ਬਿਆਂ ਦਾ ਕੁਝ ਰੰਗ ਭਰਨ ਲਈ ਪਾਕਿਸਤਾਨੀ ਫ਼ਿਲਮੀ ਅਤੇ ਗ਼ੈਰ-ਫ਼ਿਲਮੀ ਗੀਤਾਂ ਦੀ ਨਕਲ ਦਾ ਦੌਰ ਸ਼ੁਰੂ ਹੋ ਗਿਆ। 'ਮੇਰਾ ਪੀਆ ਘਰ ਆਇਆ ਓ ਰਾਮ ਜੀ', 'ਅਸਲ ਵਿਚ ਮੇਰਾ ਪੀਆ ਘਰ ਆਇਆ ਲਾਲ ਜੀ' ਦੀ ਹੀ ਭੱਦੀ ਨਕਲ ਸੀ। ਬੁੱਲੇ ਸ਼ਾਹ ਦੀ ਇਹ ਕਾਫੀ ਮੂਲ ਰੂਪ ਵਿਚ ਪਾਕਿਸਤਾਨੀ ਗਾਇਕ ਨੁਸਰਤ ਫ਼ਤਹਿ ਅਲੀ ਖਾਂ ਦੀ ਗਾਈ ਹੋਈ ਹੈ। ਇਕ ਹੋਰ ਪਾਕਿਸਤਾਨੀ ਗਾਇਕ ਗੁਲਾਮ ਅਲੀ ਦੀ ਗ਼ਜ਼ਲ ਬਹੁਤ ਪ੍ਰਸਿੱਧ ਹੋਈ ਸੀ, 'ਰਫ਼ਤਾ ਰਫ਼ਤਾ ਵੋ ਮੇਰੀ ਹਸਤੀ ਕਾ ਸਾਮਾਂ ਹੋ ਗਏ। ਇਸ ਦੀ ਨਕਲਬਾਜ਼ੀ ਫ਼ਿਲਮਾਂ ਵਿਚਲਾ ਗਾਣਾ 'ਧੀਰੇ ਧੀਰੇ ਆਪ ਮੇਰੇ ਦਿਲ ਕੇ ਮਹਿਮਾਂ ਹੋ ਗਏ' ਵਿਚ ਮਿਲਦਾ ਹੈ। ਹਦੀਕਾ ਕਿਆਨੀ ਅੱਜਕਲ ਪਾਕਿਸਤਾਨ ਦੀ ਪ੍ਰਸਿੱਧ ਗਾਇਕਾ ਹੈ ਜਿਸ ਦਾ ਇਕ ਪੰਜਾਬੀ ਗੀਤ 'ਬੂਹੇ ਬਾਰੀਆਂ ਤੇ ਨਾਲੇ ਕੰਧਾਂ ਟੱਪ ਕੇ, ਆਵਾਂਗੀ ਹਵਾ ਬਣ ਕੇ' ਥੋੜਾ ਚਿਰ ਹੋਇਆ ਹਰੇਕ ਦੀ ਜ਼ੁਬਾਨ ਉੱਪਰ ਸੀ। ਇਸ ਧੁਨੀ ਦੀ ਨਕਲ 'ਦਿਲ ਲਗਾ ਲੀਆ ਮੈਨੇ ਤੁਝੇ ਪਿਆਰ ਕਰਕੇ' ਵਿਚ ਮਿਲਦੀ ਹੈ। ਮੁਸੱਰਤ ਨਜ਼ੀਰ ਇਕ ਹੋਰ ਮਸ਼ਹੂਰ ਗਾਇਕਾ ਹੈ ਜਿਸ ਦਾ ਗਾਇਆ ਗੀਤ "ਮੇਰਾ ਲੌਂਗ ਗੁਆਚਾ', ਦੋਵਾਂ ਮੁਲਕਾਂ ਵਿਚ ਬਹੁਤ ਪ੍ਰਸਿੱਧ ਹੋਇਆ। ਏਸੇ ਗਾਇਕਾ ਦਾ ਇਕ ਹੋਰ ਉਰਦੂ ਗੀਤ ਵਿਚਲੇ ਤੋ ਕਟ ਹੀ ਜਾਏਗਾ ਸਫ਼ਰ, ਆਹਿਸਤਾ ਆਹਿਸਤਾ।' ਮਹੇਸ਼ ਭੱਟ ਦੀ ਇਕ ਫ਼ਿਲਮ ਸੀ 'ਸੜਕ'। ਇਸ ਧੁਨੀ ਦੀ ਨਕਲ ਏਸ ਫ਼ਿਲਮ ਦੇ ਇਕ ਗੀਤ 'ਤੁਝੇ ਅਪਨਾ ਬਨਾਨੇ ਕੀ ਕਸਮ ਖਾਈ ਹੈ', ਵਿਚ ਵੇਖੀ ਜਾ ਸਕਦੀ ਹੈ। ਇਕ ਹੋਰ ਫ਼ਿਲਮ ਬਣੀ ਸੀ 'ਰਾਜਾ ਹਿੰਦੁਸਤਾਨੀ'। ਇਸ ਦਾ ਇਕ ਗਾਣਾ 'ਕਿਤਨਾ ਸੋਹਣਾ ਤੁਝੇ ਰੱਬ ਨੇ ਬਨਾਇਆ' ਹੈ। ਇਸ ਉਪਰ ਵੀ ਨੁਸਰਤ ਫਤਹਿ ਅਲੀ ਖ਼ਾਨ ਦੇ ਗਾਏ ਗੀਤ 'ਕਿੰਨਾ ਸੁਹਣਾ ਤੈਨੂੰ ਰੱਬ ਨੇ ਬਣਾਇਆ,ਜੀਅ ਕਰੇ ਵੇਖਦਾ ਰਹਾਂ' ਦਾ ਅਸਰ ਪ੍ਰਤੱਖ ਤੌਰ 'ਤੇ ਵੇਖਿਆ ਜਾ ਸਕਦਾ ਹੈ।

ਕਹਿਣ ਦੀ ਲੋੜ ਨਹੀਂ ਕਿ ਇਹ ਸਾਰਾ ਕੁਝ ਸੁਭਾਵਿਕ ਨਹੀਂ, ਸਗੋਂ ਇਸ ਦਾ ਕੋਈ ਨਾ ਕੋਈ ਪਿਛੋਕੜ ਸਾਹਮਣੇ ਆਉਂਦਾ ਹੈ। ਹਰ ਚੰਗੀ ਅਤੇ ਮਿਆਰੀ ਚੀਜ਼ ਦਾ ਅਸਰ ਹੋਣਾ ਸੁਭਾਵਿਕ ਹੈ।

# ਪੰਜਾਬ ਦੇ ਪੁਨਰ-ਨਿਰਮਾਣ ਦਾ ਏਜੰਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਭਾਗ 5**

*○ ਯੁਥ ਦੇ ਨਵੇਂ ਸੁਪਨੇ ਪੂਰੇ ਨਾ ਹੋਣ ਕਾਰਨ ਪ੍ਰਵਾਸ ਦਾ ਰੁਝਾਨ ਵਧਿਆ ○ ਕੁਦਰਤੀ ਸਰੋਤਾਂ ਦਾ ਖੋਰਾ, ਪ੍ਰਦੂਸ਼ਣ, ਮੌਸਮੀ ਤਬਦੀਲੀ ਤੇ ਵਧ ਰਹੀ ਆਰਥਕ ਨਾਬਰਾਬਰੀ ਦਾ ਸੰਕਟ ਨਵੇਂ ਯੁਗ ਦੀ ਚੁਣੌਤੀ ○ "ਵਿਦਿਅਕ ਸੁਧਾਰਾਂ ਬਿਨਾ ਨਹੀਂ ਬਚੇਗਾ ਪੰਜਾਬ ○ ਕੋਰੋਨਾ ਵਾਇਰਸ ਦੌਰਾਨ ਭੁੱਖਮਰੀ ਦੇ ਦਿਲ ਕੰਬਾ ਦੇਣ ਵਾਲੇ ਦ੍ਰਿਸ਼ਾਂ ਨੇ ਮੌਜੂਦਾ ਅਰਥਕ ਵਿਵਸਥਾ ਦੀਆਂ ਨਵ-ਉਦਾਰਵਾਦੀ ਨੀਤੀਆਂ ਤੇ ਰਾਜਸੱਤਾ ਦੀ ਲਾਪਰਵਾਹੀ ਨੂੰ ਕਟਹਿਰੇ ਵਿਚ ਖੜਾ ਕੀਤਾ*

**- ਅਮਰਜੀਤ ਸਿੰਘ ਗਰੇਵਾਲ**

ਮੈਂ ਕੋਈ ਨਵੀਂ ਗੱਲ ਨਹੀਂ ਕਰ ਰਿਹਾ। ਥੌਮਸ ਪੇਨ ਨੇ ਆਪਣੀ ਪੁਸਤਕ 'ਅਗਰੇਰੀਅਨ ਜਸਟਿਸ' (1795) ਰਾਹੀਂ ਵੱਡੇ ਧਨਾਡਾਂ ਉਪਰ ਵਿਰਾਸਤੀ ਟੈਕਸ ਲਗਾ ਕੇ ਗਰੀਬਾਂ ਦੀ ਰੋਜ਼ੀ ਰੋਟੀ ਦਾ ਪ੍ਰਬੰਧ ਕਰਨ ਦੀ ਗੱਲ ਸ਼ੁਰੂ ਕਰ ਦਿੱਤੀ ਸੀ। ਹਾਰਵਰਡ ਯੂਨੀਵਰਸਟੀ ਦੇ ਪ੍ਰੋਫੈਸਰ ਐਂਥਨੀ ਐਟਕਿਨਸਨ ਨੇ ਆਪਣੀ ਪੁਸਤਕ "ਇਨਈਕੁਐਲਿਟੀ' (2015) ਵਿਚ ਵਿਰਾਸਤੀ ਟੈਕਸ ਰਾਹੀਂ ਯੂਥ ਸੁਸ਼ਕਤੀਕਰਣ ਦੇ ਪ੍ਰੋਗਰਾਮ ਸ਼ੁਰੂ ਕਰਨ ਦੀ ਜੋ ਤਜਵੀਜ਼ ਪੇਸ਼ ਕੀਤੀ ਸੀ, ਉਸੇ ਨੂੰ ਆਧਾਰ ਬਣਾ ਕੇ ਥੌਮਸ ਪਿਕਟੀ ਨੇ ਆਪਣੀ ਪੁਸਤਕ 'ਕੈਪੀਟਲ ਐਂਡ ਆਈਡੀਆਲਿਜੀ' (2020) ਵਿਚ ਟੈਕਸੇਸ਼ਨ ਦੀਆਂ ਨਵੀਆਂ ਪਾਲਸੀਆਂ ਦੀ ਤਜਵੀਜ਼ ਵੀ ਪੇਸ਼ ਕਰ ਦਿੱਤੀ ਹੈ। ਜੇਕਰ ਵਿਰਾਸਤੀ ਟੈਕਸ ਅਤੇ ਬਹੁਤ ਥੋੜੇ ਸਲਾਨਾ ਜਾਇਦਾਦ ਟੈਕਸ ਰਾਹੀਂ ਕੌਮੀ ਆਮਦਨ ਦਾ ਕੇਵਲ ਪੰਜ ਪ੍ਰਤੀਸ਼ਤ ਹਿਸਾ ਹੀ ਇਕੱਠਾ ਕਰ ਲਿਆ ਜਾਵੇ, ਤਾਂ ਵੀ ਹਰ ਨੌਜਵਾਨ ਨੂੰ ਔਸਤਨ ਕੌਮੀ ਜਾਇਦਾਦ ਦਾ 70 ਪ੍ਰਤੀਸਤ ਹਿਸਾ ਮਿਲ ਜਾਵੇਗਾ। ਇਸ ਨਾਲ ਉਹ ਸਹਿਜੇ ਹੀ ਆਪਣਾ ਕੰਮ ਸ਼ੁਰੂ ਕਰ ਸਕਦਾ ਹੈ। ਇਕ ਤਰਾਂ ਨਾਲ ਜਾਇਦਾਦ ਵਿਚ ਸਾਂਝ ਪੈਣ ਵਾਲੀ ਗੱਲ ਹੈ। ਇਸੇ ਲਈ ਥੌਮਸ ਪਿਕਟਿ ਇਨਾਂ ਤਜਵੀਜ਼ਾਂ ਨੂੰ ਸਹਿਯੋਗੀ ਸਮਾਜਵਾਦ (ਪਾਰਟੀਸੀਪੇਟਰੀ ਸੋਸ਼ਲਿਜ਼ਮ) ਦਾ ਨਾਮ ਦਿੰਦੇ ਹਨ। ਮੈਂ ਇਸ ਨੂੰ ਸਮਾਜਕ ਪੂੰਜੀਵਾਦ ਹੀ ਆਖਾਂਗਾ। ਲੱਖ ਇਛਾਈਆਂ ਤੇ ਭਲਾਈਆਂ ਦੇ ਬਾਵਜੂਦ ਮਾਨਵ-ਪੂੰਜੀ ਦੇ ਵਿਕਾਸ ਅਤੇ ਆਪਸੀ ਸਹਿਯੋਗ ਨੂੰ ਅੰਤਿਮ ਰੂਪ ਵਿਚ ਤਾਂ ਪੂੰਜੀ ਦੇ ਵਿਸਤਾਰ ਲਈ ਹੀ ਵਰਤਿਆ ਜਾ ਰਿਹਾ ਹੈ। ਸਮਾਜਕ ਪੂੰਜੀਵਾਦ ਦੀਆਂ ਜ਼ਰੂਰਤਾ ਪੂਰੀਆਂ ਕਰਨ ਲਈ ਵੀ ਕਈ ਹੋਰ ਸ਼ਰਤਾਂ ਹਨ। ਕਿਉਂਕਿ, ਜਿਵੇਂ ਆਪਾਂ ਪਹਿਲਾਂ ਵੀ ਚਰਚਾ ਕਰ ਆਏ ਹਾਂ, ਇਸ ਤਬਦੀਲੀ ਦਾ ਆਧਾਰ ਤਾਂ ਮਾਨਵ-ਪੂੰਜੀ ਦਾ ਸਿਰਜਣਾਤਮਿਕ, ਬੌਧਿਕ, ਮਾਨਸਿਕ, ਭਾਵਾਤਮਿਕ, ਸ਼ਰੀਰਕ, ਸਭਿਆਚਾਰਕ ਅਤੇ ਨੈਤਿਕ ਵਿਕਾਸ ਹੀ ਹੈ, ਇਸ ਲਈ ਜੇਕਰ ਉਪਰੋਕਤ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਆਪਣੇ ਵਿਦਿਅਕ ਢਾਂਚੇ ਅਤੇ ਪ੍ਰਬੰਧਨ ਵਿਚ ਰੈਡੀਕਲ ਸੁਧਾਰ ਨਾ ਕੀਤੇ, ਤਾਂ ਇਹ ਪੈਸਾ ਵੀ ਵਿਅਰਥ ਹੀ ਚਲਾ ਜਾਵੇਗਾ। ਲੋੜੀਂਦੇ ਨਤੀਜੇ ਪੈਦਾ ਨਹੀਂ ਕਰ ਸਕੇਗਾ। ਸਮਾਜਕ ਪੂੰਜੀਵਾਦ ਲਈ ਬੌਧਿਕ ਪੂੰਜੀਵਾਦ ਦਾ ਸਾਥ ਜ਼ਰੂਰੀ ਹੈ। ਦੋਨਾ ਨੂੰ ਅਲੱਗ ਅਲੱਗ ਕਰਕੇ ਤਾਂ ਸ਼ਾਇਦ ਦੇਖਿਆ ਹੀ ਨਹੀਂ ਜਾ ਸਕਦਾ।

ਜਾਇਦਾਦ ਦੀ ਸਾਂਝ ਦੇ ਨਾਲ ਨਾਲ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆ ਦੇ ਪ੍ਰਬੰਧ ਦੀ ਸਾਂਝ ਵੀ ਜ਼ਰੂਰੀ ਹੈ। ਕਿਸੇ ਵੀ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਫੈਸਲੇ ਰਾਹੀਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਉਸ ਫੈਸਲੇ ਵਿਚ ਸ਼ਮੂਲੀਅਤ ਜ਼ਰੂਰੀ ਹੋ ਜਾਂਦੀ ਹੈ। ਪਰਵਾਸੀ ਮਜ਼ਦੂਰਾਂ ਨੂੰ ਬਾਹਰ ਰੱਖ ਕੇ ਭਾਰਤ ਬੰਦੀ ਦੇ ਲਏ ਗਏ ਨੌਕਰਸ਼ਾਹੀ ਫੈਸਲੇ ਨੇ ਮੁਲਕ ਦਾ ਕਿੰਨਾ ਭਾਰੀ ਨੁਕਸਾਨ ਕੀਤਾ ਹੈ, ਅਨੁਮਾਨ ਵੀ ਨਹੀਂ ਲਗਾਇਆ ਜਾ ਸਕਦਾ। ਪਰਾਈਵੇਟ ਸਨਅਤੀ ਅਦਾਰਿਆਂ ਦੇ ਪ੍ਰਬੰਧ ਵਿਚ ਮਜ਼ਦੂਰ ਜਮਾਤ ਦੀ ਸ਼ਮੂਲੀਅਤ ਜਰਮਨ ਅਤੇ ਉਤਰੀ ਯੋਰਪ ਦੇ ਮੁਲਕਾਂ ਦੀ ਪਰੰਪਰਾ ਰਹੀ ਹੈ। ਇਸਨੂੰ ਵਿਭਿੰਨ ਧਿਰਾਂ ਦੀ ਸ਼ਮੂਲੀਅਤ ਅਤੇ ਵਿਕੇਂਦਰੀਕਰਣ ਉਪਰ ਆਧਾਰਿਤ ਸਮਾਜਕ ਪੂੰਜੀਵਾਦ ਦਾ ਮਾਡਲ ਕਿਹਾ ਜਾ ਸਕਦਾ ਹੈ। ਇਸਦੇ ਸਾਹਮਣੇ ਖੜਾ ਹੈ ਕੇਂਦਰੀ ਰਾਜ ਸੱਤਾ ਦੀ ਮਲਕੀਅਤ ਵਾਲਾ ਉਹ ਮਾਡਲ, ਜਿਸਨੂੰ ਸੋਵੀਅਤ ਯੂਨੀਅਨ ਤੇ ਹੋਰਨਾ ਕੌਮਨਿਸਟ ਮੁਲਕਾਂ ਵਿਚ ਸਮਾਜਵਾਦੀ ਪ੍ਰਬੰਧ ਦੇ ਨਾਮ ਹੇਠ ਉਸਾਰਿਆ ਗਿਆ ਸੀ। ਇਸਨੂੰ ਸਟੇਟ ਕੈਪੀਟਲਿਜ਼ਮ ਕਹਿਣਾ ਵਧੇਰੇ ਉਚਿਤ ਰਹੇਗਾ। ਸਾਡੀ ਸਮਝ ਮੁਤਾਬਕ ਮੌਜੂਦਾ ਪ੍ਰਸਥਿਤੀਆਂ ਵਿਚ ਸਮਾਜਕ ਪੂੰਜੀਵਾਦ ਵਾਲੇ ਮਾਡਲ ਦੀਆਂ ਅਗਾਊਂ ਸੰਭਾਵਨਾਵਾਂ ਨੂੰ ਹੀ ਵਾਚਿਆ ਜਾਣਾ ਚਾਹੀਦਾ ਹੈ।

ਜਰਮਨ ਤੇ ਉਤਰੀ ਯੂਰਪ ਦੀਆਂ ਕੰਪਨੀਆਂ ਦੇ ਪ੍ਰਬੰਧ ਵਿਚ 1950 ਵਿਆਂ ਤੋਂ ਹੀ ਮਜ਼ਦੂਰ ਜਮਾਤ ਦੀ ਭਾਈਵਾਲੀ ਚਲਦੀ ਆ ਰਹੀ ਹੈ। ਜਰਮਨ ਕੰਪਨੀਆਂ ਵਿਚ ਅੱਧੇ ਤੇ ਸਵੀਡਨ ਦੀਆਂ ਕੰਪਨੀਆਂ ਵਿਚ ਇਕ ਤਿਹਾਈ ਡਾਇਰੈਕਟਰ ਮਜ਼ਦੂਰ ਜਮਾਤ ਦੁਆਰਾ ਚੁਣ ਕੇ ਭੇਜੇ ਜਾਂਦੇ ਹਨ। ਪਰਬੰਧਕੀ ਮਾਮਲਿਆਂ ਵਿਚ ਇਸ ਸ਼ਮੂਲੀਅਤ ਦਾ ਲਾਭ ਕੇਵਲ ਮਜ਼ਦੂਰ ਜਮਾਤ ਨੂੰ ਹੀ ਨਹੀਂ ਹੋਇਆ। ਸ਼ੇਅਰ ਹੋਲਡਰਾਂ ਦੇ ਵਕਤੀ ਮਨਸੂਬਿਆਂ ਨੂੰ ਉਲੰਘ ਕੇ ਲੰਮੇ ਦਾਅ ਵਾਲੀਆਂ ਨੀਤੀਆਂ ਨੂੰ ਅੱਗੇ ਲਿਆਉਣ ਨਾਲ ਕੰਪਨੀਆਂ ਨੂੰ ਸਾਇਦ ਵਧੇਰੇ ਲਾਭ ਹੋਇਆ ਹੈ। ਮਾਲਕਾਂ ਤੇ ਮਜ਼ਦੂਰਾਂ, ਦੋਨਾ ਲਈ ਮੁਨਾਫੇ ਵਾਲਾ ਸੌਦਾ ਸਾਬਤ ਹੋਇਆ ਹੈ। ਸ਼ਰਮਾਏਦਾਰ ਕੰਪਨੀਆਂ ਦੇ ਪ੍ਰਬੰਧ ਵਿਚ ਮਜ਼ਦੂਰ ਜਮਾਤ ਦੀ ਸ਼ਮੂਲੀਅਤ ਆਪਣੇ ਤੌਰ ਤੇ ਇਕੱਲਿਆਂ ਸਮਾਜਕ ਪੂੰਜੀਵਾਦ ਦੇ ਨਿਰਮਾਣ ਦਾ ਆਧਾਰ ਨਹੀਂ ਬਣ ਸਕਦੀ। ਇਸੇ ਲਈ ਜਰਮਨੀ ਤੇ ਸਵੀਡਨ ਵਰਗੇ ਮੁਲਕਾਂ ਦੀਆਂ ਕੰਪਨੀਆਂ ਵਿਚ ਮਜ਼ਦੂਰ ਜਮਾਤ ਦੀ ਚੰਗੀ ਚੋਖੀ ਸ਼ਮੂਲੀਅਤ ਵੀ ਉਥੇ ਸਮਾਜਕ ਤਬਦੀਲੀ ਦਾ ਅਮਲ ਸ਼ੁਰੂ ਨਹੀਂ ਕਰ ਸਕੀ। ਸਮੁਚੇ ਸਮਾਜ, ਖਾਸ ਕਰਕੇ ਕਿਰਤੀ ਜਮਾਤ ਅੰਦਰ ਜਨਤਕ ਬੋਧ ਤੇ ਸਿਰਜਣ ਸ਼ਕਤੀ ਦਾ ਉਭਾਰ ਜ਼ਰੂਰੀ ਸ਼ਰਤ ਹੈ। ਇਹ ਉਭਾਰ ਸਮਾਜ ਵਿਚ ਜਮਹੂਰੀ ਤੇ ਸਮਾਜਕ ਨਿਆਂ ਦੀਆਂ ਪਰੰਪਰਾਵਾਂ ਦੇ ਨਿਰਮਾਣ ਲਈ ਹੀ ਨਹੀਂ, ਆਰਥਕ ਵਿਕਾਸ ਲਈ ਵੀ ਓਨਾ ਹੀ ਜ਼ਰੂਰੀ ਹੈ। ਇਸੇ ਲਈ ਕਿਹਾ ਸੀ, ਹੁਣ ਦੁਹਰਾ ਰਿਹਾ ਹਾਂ ਕਿ ਸਮਾਜਕ ਪੂੰਜੀਵਾਦ ਤੇ ਬੌਧਿਕ ਪੂੰਜੀਵਾਦ ਇਕੋ ਸਿੱਕੇ ਦੇ ਦੋ ਪਾਸੇ ਹਨ, ਜਿਨਾਂ ਦੀ ਇਕ ਦੂਸਰੇ ਬਿਨਾ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਦੋਨਾ ਦਾ ਮੂਲ ਗਿਆਨ, ਤਕਨਾਲੋਜੀ, ਸਹਿਕਾਰਤਾ, ਸਿਰਜਣਾ ਤੇ ਜਨਤਕ ਬੋਧ ਵਿਚ ਪਈ ਹੈ, ਜੋ ਕੇਵਲ ਵਿਦਿਅਕ ਸੁਧਾਰਾਂ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ।

## ਬੇਚੈਨ ਪੰਜਾਬ

1980-81 ਵਿਚ ਕਿਸਾਨਾਂ ਦੀਆਂ ਆਮਦਨੀਆਂ ਘਟਣੀਆਂ ਸ਼ੁਰੂ ਹੋਈਆਂ, ਤਾਂ ਇਸ ਦੇ ਨਾਲ ਹੀ ਹਰੇ ਇਨਕਲਾਬ ਦਾ ਸੰਕਟ ਆਰੰਭ ਹੋ ਜਾਂਦਾ ਹੈ। ਖੇਤੀ ਸੰਕਟ ਦੇ ਸਮਾਧਾਨ ਲਈ ਖੇਤੀ ਜਿਣਸਾਂ ਦੀ ਸਾਂਭ ਸੰਭਾਲ ਅਤੇ ਪਰੋਸੈਸਿੰਗ ਨਾਲ ਜੁੜੇ ਉਦਯੋਗ ਵਿਚ ਸੰਭਾਵਨਾ ਦੇਖੀ ਗਈ। ਕਿਸਾਨਾ ਦੀ ਆਮਦਨ ਵਧਾਉਣ ਦੇ ਬਹਾਨੇ ਨਾਲ 1988 ਵਿਚ ਪੈਪਸੀ ਕੰਪਨੀ ਦਾ ਪੰਜਾਬ ਵਿਚ ਪ੍ਰਵੇਸ਼ ਹੁੰਦਾ ਹੈ। ਛੇਤੀ ਹੀ 1991 ਵਿਚ ਭਾਰਤ ਸਰਕਾਰ ਵੱਲੋਂ ਵਿਦੇਸ਼ੀ ਕੰਪਨੀਆਂ ਲਈ ਦੁਆਰ ਖੋਲ ਦਿਤੇ ਗਏ। ਖੇਤੀ ਸੈਕਟਰ ਵਿਚ ਕਾਰਪੋਰੇਟ ਦੇ ਦਾਖਲੇ ਨਾਲ ਕਈ ਕਿਸਮ ਦੀਆਂ ਸੰਭਾਵਨਾਵਾਂ ਜਾਗਣ ਲੱਗੀਆਂ। ਖੇਤੀ ਧੰਦੇ ਉਪਰ ਨਿਰਭਰ ਜਨਸੰਖਿਆ ਦਾ ਭਾਰ ਘਟਾਉਣ ਦੀਆਂ ਗੱਲਾਂ ਵੀ ਤੁਰ ਪਈਆਂ। ਪੂੰਜੀ ਦੀ ਥਾ ਤਕਨਾਲੋਜੀ ਪੈਦਾਵਾਰ ਦਾ ਪ੍ਰਮੁਖ ਸਾਧਨ ਬਣ ਗਈ। ਤਕਨੀਕੀ ਸਿੱਖਿਆ ਦਾ ਫੈਲਾਅ ਵਧਿਆ। ਯੂਥ ਵਿਚ ਨਵੇਂ ਨਵੇਂ ਸੁਪਨੇ ਜਾਗਣ ਲੱਗੇ। ਜਦੋਂ ਪੰਜਾਬ ਯੂਥ ਦੀਆਂ ਉਮੀਦਾਂ ਤੇ ਪੂਰਾ ਨਾ ਉਤਰਿਆ, ਤਾਂ ਯੂਥ ਨੇ ਵਿਕਸਤ ਮੁਲਕਾਂ ਨੂੰ ਵਹੀਰਾਂ ਘੱਤ ਲਈਆਂ।

ਕੁਦਰਤੀ ਸਰੋਤਾਂ ਦਾ ਖੋਰਾ, ਪ੍ਰਦੂਸ਼ਣ, ਮੌਸਮੀ ਤਬਦੀਲੀ ਅਤੇ ਵਧ ਰਹੀ ਆਰਥਕ ਨਾਬਰਾਬਰੀ ਦਾ ਸੰਕਟ ਨਵੇਂ ਯੁਗ ਦੀ ਚੁਣੌਤੀ ਹੈ। ਨਿਰਸੰਦੇਹ ਚੁਣੌਤੀ ਵੱਡੀ ਹੈ। ਸੰਭਾਵਨਾਵਾਂ ਵੀ ਵੱਡੀਆਂ ਹੀ ਜਾਗਣਗੀਆਂ। ਸੰਭਾਵਨਾਵਾਂ ਨੂੰ ਸਾਕਾਰ ਕਰਨਾ ਜ਼ਮੀਨ, ਪੂੰਜੀ ਜਾਂ ਤਕਨਾਲੋਜੀ ਦੀ ਨਹੀਂ, ਸਿਰਜਣਾਤਮਿਕ ਯੂਥ ਦੀ ਜ਼ਿੰਮੇਵਾਰੀ ਹੈ। ਉਹ ਹੀ ਆਉਣ ਵਾਲੇ ਯੁਗ ਦਾ ਨਿਰਮਾਣ ਕਰੇਗੀ। ਇਸ ਸਿਰਜਣਾਤਮਿਕ ਯੂਥ ਦਾ ਨਿਰਮਾਣ ਕੌਣ ਕਰੇਗਾ; ਇਹ ਸੁਆਲ ਵਾਰ-ਵਾਰ ਉਠਦਾ ਰਹੇਗਾ। ਅਸੀਂ ਇਸ ਦਾ ਜੁਆਬ ਵੀ ਵਾਰ ਵਾਰ ਦੁਹਰਾਉਂਦੇ ਰਹਾਂਗੇ ਕਿ ਇਹ ਉਸ ਵਿਦਿਅਕ ਢਾਂਚੇ ਦੀ ਜ਼ਿੰਮੇਵਾਰੀ ਹੈ, ਜਿਸ ਬਾਰੇ ਸੋਚ ਵਿਚਾਰ ਕਰਨੀ ਅਸੀਂ ਹਾਲੇ ਸ਼ੁਰੂ ਵੀ ਨਹੀਂ ਕੀਤੀ। ਮੈਂ ਬੜੇ ਸਪਸ਼ਟ ਸ਼ਬਦਾਂ ਵਿਚ ਕਹਿ ਰਿਹਾ ਹਾਂ ਕਿ "ਵਿਦਿਅਕ ਸੁਧਾਰਾਂ ਬਿਨਾ ਨਹੀਂ ਬਚੇਗਾ ਪੰਜਾਬ।"

ਆਰਥਕ ਤਬਦੀਲੀ ਇਕੱਲੀ ਨਹੀਂ ਆਉਂਦੀ। ਸਮਾਜਕ, ਸਭਿਆਚਾਰਕ, ਭੂਗੋਲਿਕ, ਨੈਤਿਕ, ਭਾਸ਼ਾਈ ਅਤੇ ਰਾਜਨੀਤਕ ਤਬਦੀਲੀਆਂ ਨੂੰ ਨਾਲ ਲੈ ਕੇ ਆਉਂਦੀ ਹੈ। ਬੰਦਿਆਂ ਦੇ ਨਾਲ ਨਾਲ ਸ਼ਬਦ ਵੀ ਨਵੇਂ ਨਵੇਂ ਅਰਥ ਗ੍ਰਹਿਣ ਕਰਨ ਲਗਦੇ ਹਨ। ਜੋ ਨਵੇਂ ਅਰਥ ਅਤੇ ਸ਼ਕਤੀ-ਸਬੰਧ ਗ੍ਰਹਿਣ ਨਹੀਂ ਕਰਦੇ, ਉਹ ਸਮਾਜਕ ਬੇਗਾਨਗੀ ਭੋਗਦੇ ਹਨ। ਇਕੋ ਸ਼ਬਦ ਦੇ, ਇਕੋ ਘਰ ਵਿਚ, ਦਾਦੇ, ਪੁਤ ਅਤੇ ਪੋਤੇ ਲਈ ਵੱਖੋ ਵੱਖਰੇ ਅਰਥ ਹੋਣ ਲਗਦੇ ਹਨ। ਸਮਾਜਕ ਦੇ ਨਾਲ ਨਾਲ ਪਰਿਵਾਰਕ ਤ੍ਰੇੜਾਂ ਡੂੰਘੀਆਂ ਹੋਣ ਲਗਦੀਆਂ ਹਨ। ਵਿਅਕਤੀਵਾਦ ਸਿਖਰਾਂ ਛੂਹ ਰਿਹਾ ਹੈ।

ਪ੍ਰਾਸੰਗਿਕਤਾ ਬਣਾਈ ਰੱਖਣ ਲਈ ਸ਼ਬਦਾਂ/ ਜ਼ਿੰਦਗੀ ਦੇ ਨਵੇਂ ਅਰਥਾਂ ਨਾਲ ਜੁੜਨਾ ਪਵੇਗਾ। ਜੇਕਰ ਅਰਥ ਤੇਜ਼ੀ ਨਾਲ ਬਦਲ ਰਹੇ ਹਨ, ਤਾਂ ਸਾਨੂੰ ਵੀ ਤੇਜ਼ੀ ਨਾਲ ਹੀ ਬਦਲਣਾ ਹੋਵੇਗਾ। ਜਿਸ ਤਬਦੀਲੀ ਨੇ ਪੁਤ ਬਲਕਾਰ ਨੂੰ 26 ਸਾਲਾਂ ਬਾਅਦ ਬੇਕਾਰ ਕਰ ਦਿਤਾ ਸੀ, ਪੋਤੇ ਹਰਜੀਤ ਨੂੰ ਬੇਕਾਰ ਕਰਨ ਵਿਚ ਉਸਨੂੰ ਕੇਵਲ 18 ਸਾਲ ਲੱਗੇ। 2008 ਵਿਚ ਨਵ-ਉਦਾਰਵਾਦ ਦੇ ਸੰਕਟ ਅਤੇ ਨੈਟਵਰਕ ਤਕਨਾਲੋਜੀ ਦੇ ਵਿਸਤਾਰ ਨੇ ਕਹਾਣੀ ਫੇਰ ਬਦਲ ਦਿੱਤੀ ਸੀ। ਅਗਲੀਆਂ ਪੁਸ਼ਤਾਂ ਨੂੰ ਬੇਕਾਰ ਹੋਣ ਵਿਚ ਨਿਸ਼ਚੇ ਹੀ 18 ਸਾਲ ਤੋਂ ਘੱਟ ਸਮਾਂ ਲੱਗੇਗਾ। ਦੂਸਰੇ ਪਾਸੇ ਔਸਤ ਉਮਰ ਵਧ ਰਹੀ ਹੈ। ਕੀ ਲੋਕਾਂ ਦੀ ਜ਼ਿੰਦਗੀ ਦਾ ਦੋ ਤਿਹਾਈ ਤੋਂ ਵੀ ਵੱਧ ਹਿਸਾ ਬੇਕਾਰੀ ਵਿਚ ਹੀ ਗੁਜ਼ਰਿਆ ਕਰੇਗਾ।

ਬੁਢੇਪੇ ਦਾ ਸਮਾਂ ਵਧਣਾ ਨਹੀਂ, ਘਟਣਾ ਚਾਹੀਦਾ ਹੈ। ਕੀ ਸਾਡੇ ਮੌਜੂਦਾ ਵਿਦਿਅਕ ਢਾਂਚੇ ਵਿਚ ਏਨੀ ਕਾਬਲੀਅਤ ਅਤੇ ਸਮਰੱਥਾ ਹੈ ਕਿ ਉਹ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਸੱਤਰ ਸੱਤਰ ਸਾਲਾਂ ਤੱਕ ਪ੍ਰਾਸੰਗਿਕ ਬਣਾਈ ਰੱਖੇ। ਸਭ ਕੁਝ ਕ੍ਰਾਂਤੀਕਾਰੀ ਵਿਦਿਅਕ ਸੁਧਾਰਾਂ ਉਪਰ ਨਿਰਭਰ ਕਰਦਾ ਹੈ। ਜਿਣਸਾਂ ਅਤੇ ਸਮਾਜਕ ਰਿਸ਼ਤਿਆਂ ਦਾ ਆਪਸੀ ਅਤੇ ਉਤਪਾਦਨ ਪ੍ਰਣਾਲੀ ਨਾਲ ਸਿਧਾ ਸਬੰਧ ਸਿਖਿਆ ਨੂੰ ਕੇਵਲ ਤਕਨੀਕੀ ਗਿਆਨ ਤੇ ਹੁਨਰ ਪ੍ਰਾਪਤੀਆਂ ਤੱਕ ਹੀ ਸੀਮਤ ਨਹੀਂ ਰਹਿਣ ਦਿੰਦਾ। ਸਮਾਜ-ਸਭਿਆਚਾਰਕ ਕਦਰਾਂ ਕੀਮਤਾਂ ਅਤੇ ਭਾਈਚਾਰਕ ਸਾਂਝਾਂ ਦੇ ਨਿਰਮਾਣ ਨਾਲ ਵੀ ਜੋੜ ਦਿੰਦਾ ਹੈ। ਸਿਖਿਆ ਭਾਵੇਂ ਕਿਸੇ ਵੀ ਵਿਸ਼ੇ ਜਾਂ ਹੁਨਰ ਨਾਲ ਸਬੰਧਤ ਹੋਵੇ, ਇਨਾਂ ਚਾਰ ਪ੍ਰਕਾਰਜਾਂ ਦੀ ਪੂਰਤੀ ਬਿਨਾ ਸਿਰੇ ਨਹੀਂ ਚੜ ਸਕਦੀ। ਨੰਬਰ ਇਕ, ਵਿਸ਼ੇ/ ਹੁਨਰ ਦਾ ਹੁਣ ਤੱਕ ਦਾ ਸੰਪੂਰਨ ਗਿਆਨ ਪ੍ਰਦਾਨ ਕਰਨਾ; ਨੰਬਰ ਦੋ, ਸਬੰਧਤ ਹੁਨਰਾਂ ਦੀਆਂ ਨਵੀਨਤਮ ਤਕਨੀਕਾਂ ਵਿਚ ਟਰੇਨਿੰਗ ਦੇਣੀ; ਨੰਬਰ ਤਿੰਨ, ਸਿਖਿਆਰਥੀਆਂ ਅੰਦਰ ਉਸ ਗਿਆਨ ਅਤੇ ਹੁਨਰਾਂ ਨਾਲ ਜੁੜੇ ਕੰਮ ਕਾਰਾਂ ਦੀ ਨੈਤਿਕਤਾ ਦਾ ਨਿਰਮਾਣ ਕਰਨਾ ਅਤੇ ਨੰਬਰ ਚਾਰ ਵਿਸ਼ੇ/ ਹੁਨਰ ਨਾਲ ਜੁੜੇ ਸਿਖਿਆਰਥੀਆਂ ਅਤੇ ਸਬੰਧਤ ਲੋਕਾਂ ਨੂੰ ਵਿਦਿਅਕ ਭਾਈਚਾਰਿਆਂ ਵਿਚ ਸੰਗਠਿਤ ਕਰਨਾ। ਇਸ ਬਹੁਦਿਸ਼ਾਵੀ ਸਿਖਿਆ ਨੇ ਲਗਾਤਾਰ ਅਪਡੇਟ ਹੀ ਨਹੀਂ ਹੋਣਾ ਹੁੰਦਾ, ਨਵੀਆਂ ਪ੍ਰਸਥਿਤੀਆਂ ਵਿਚ ਢਲਣਾ ਵੀ ਹੁੰਦਾ ਹੈ। ਵਿਭਿੰਨ ਕਿਸਮਾਂ ਦੇ ਸਮਾਜ-ਸਭਿਆਚਾਰਾਂ, ਆਰਥਕ ਰਾਜਨੀਤਕ ਮਹੌਲਾਂ ਤੇ ਕੰਮਾਂ ਕਾਰਾਂ ਵਿਚੋਂ ਆਉਣ ਵਾਲੇ ਸਿਖਿਆਰਥੀਆਂ ਨੂੰ ਉਨਾਂ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਬਹੁਦਿਸ਼ਾਵੀ ਸਿਖਿਆ ਪ੍ਰਦਾਨ ਕਰਨ ਵਾਲਾ ਯੂਟੋਪੀਅਨ ਅਧਿਆਪਕ ਕਿਵੇਂ ਪੈਦਾ ਕਰਨਾ ਹੈ, ਇਹ ਵਰਤਮਾਨ ਸਿਖਿਆ ਪ੍ਰਣਾਲੀ ਦੀ ਪ੍ਰਮੁਖ ਚਨੌਤੀ ਹੈ।

ਪਿੰਡਾਂ ਨੂੰ ਵਾਪਸੀ: ਜਿਹੜੇ ਲੋਕ ਰਿਜ਼ਕ ਦੀ ਭਾਲ ਵਿਚ ਪਿੰਡਾਂ ਨੂੰ ਛੱਡ ਸ਼ਹਿਰਾਂ ਵਿਚ ਆ ਵਸੇ ਸਨ, ਕੋਰੋਨਾ ਵਾਇਰਸ ਦੇ ਸੰਕਟ ਨੇ ਉਨਾਂ ਨੂੰ ਮੁੜ ਪਿੰਡਾਂ ਦਾ ਰਸਤਾ ਦਿਖਾ ਦਿਤਾ ਹੈ।

ਮੰਡੀ ਅਤੇ ਸੱਤਾ ਦੇ ਭਜਾਏ ਹੋਏ ਬੰਦੇ ਨੂੰ ਆਪਣੇ ਪਿੰਡ ਤੋਂ ਵਧੀਆ ਰਾਹਤ ਹੋਰ ਕਿਥੇ ਮਿਲ ਸਕਦੀ ਹੈ। ਪਿੰਡ ਬੰਦੇ ਦੀ ਰੂਹ ਵਿਚ ਵਸਦਾ ਹੈ। ਪਿੰਡ ਤੋਂ ਉਸ ਨੂੰ ਭਾਈਚਾਰਕ ਪਛਾਣ ਮਿਲਦੀ ਹੈ। ਪਿੰਡ ਉਹ ਉਦੋਂ ਹੀ ਛੱਡਦਾ ਹੈ, ਜਦੋਂ ਘਰ ਦੀ ਗਰੀਬੀ ਖਾਣ ਨੂੰ ਆਵੇ। ਪਿੰਡ ਦਾ ਅਰਥ ਹੈ ਆਪਣਿਆਂ ਦਾ ਮੋਹ ਪਿਆਰ, ਭਾਈਚਾਰਕਤਾ, ਸਭਿਆਚਾਰਕ ਪਛਾਣ, ਮੜਕ ਤੇ ਸਰਦਾਰੀ। ਜੇਕਰ ਪਿੰਡ ਵਿਚ ਹੀ ਰੋਜ਼ੀ ਰੋਟੀ ਦਾ ਪ੍ਰਬੰਧ ਹੋ ਜਾਵੇ, ਤਾਂ ਪਿੰਡ ਨੂੰ ਕੋਈ ਨਹੀਂ ਛੱਡੇਗਾ। ਮਹਾਤਮਾਂ ਗਾਂਧੀ ਨੇ ਚਾਹਿਆ ਸੀ ਕਿ ਪਿੰਡਾਂ ਨੂੰ ਸਮਾਜਕ ਨਿਆਂ ਤੇ ਜਮਹੂਰੀਅਤ ਉਪਰ ਆਧਾਰਿਤ ਖੁਦਮੁਖਤਾਰ ਕਿਸਮ ਦੀਆਂ ਆਰਥਕ ਇਕਾਈਆਂ ਵਜੋਂ ਵਿਕਸਤ ਕੀਤਾ ਜਾਵੇ। ਉਨਾਂ ਦਾ ਇਹ ਸੁਪਨਾ ਸਾਕਾਰ ਨਾ ਹੋ ਸਕਿਆ। ਪੰਡਿਤ ਨਹਿਰੂ ਦੀਆਂ ਜ਼ਰੂਰ ਕੋਈ ਮਜਬੂਰੀਆਂ ਰਹੀਆਂ ਹੋਣਗੀਆਂ। ਰਘੂਰਾਮ ਰਾਜਨ ਦੀ ਪੁਸਤਕ 'ਦ ਥਰਡ ਪਿਲਰ' ਇਸੇ ਹਕੀਕਤ ਨੂੰ ਫੋਕਸ ਵਿਚ ਲਿਆਉਂਦੀ ਹੈ ਕਿ ਮੰਡੀ/ ਅਰਥਚਾਰੇ ਅਤੇ ਰਾਜਸੱਤਾ ਨੇ ਸਮਾਜਕ ਭਾਈਚਾਰਿਆਂ (ਪਿੰਡਾਂ) ਨੂੰ ਕਿਵੇਂ ਬਰਬਾਦ ਕੀਤਾ। ਕਰੋੜਾਂ ਦੀ ਗਿਣਤੀ ਵਿਚ ਪਰਵਾਸੀ ਮਜ਼ਦੂਰਾਂ ਦੇ ਸਮੂਹਿਕ ਪਲਾਇਣ ਅਤੇ ਭੁੱਖਮਰੀ ਦੇ ਦਿਲ ਕੰਬਾ ਦੇਣ ਵਾਲੇ ਦਰਦਨਾਕ ਦ੍ਰਿਸ਼ਾਂ ਨੇ ਮੌਜੂਦਾ ਅਰਥਕ ਵਿਵਸਥਾ ਦੀਆਂ ਨਵ-ਉਦਾਰਵਾਦੀ ਨੀਤੀਆਂ ਅਤੇ ਰਾਜਸੱਤਾ ਦੀ ਲਾਪਰਵਾਹੀ ਨੂੰ ਕਟਹਿਰੇ ਵਿਚ ਖੜਾ ਕਰ ਦਿਤਾ ਹੈ। ਕੇਵਲ ਪਿੰਡਾਂ ਨੂੰ ਉਜਾੜ ਕੇ ਖੜੀਆਂ ਕੀਤੀਆਂ ਝੌਂਪੜ ਪੱਟੀਆਂ ਦੇ ਭਵਿਖ ਬਾਰੇ ਹੀ ਨਹੀਂ, ਉਜੜੇ ਪਿੰਡਾਂ ਬਾਰੇ ਵੀ ਨਵੇਂ ਸਿਰੇ ਤੋਂ ਸੋਚ ਵਿਚਾਰ ਕਰਨੀ ਹੋਵੇਗੀ।

(ਚਲਦਾ...)

## ਸ਼ਹੀਦ ਭਾਈ ਤਾਰੂ ਸਿੰਘ ਜੀ

ਜ਼ਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਜੀ ਨੂੰ ਘੋੜਾ ਮੰਡੀ ਨਾਖਾਸ ਚੌਕ, ਦਿੱਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ, ਨਾਮ ਜਪਦੇ ਰਹੇ, ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ। ਭਾਈ ਸਾਹਿਬ ਜੀ ਨੇ ਰੱਬ ਦਾ ਸ਼ੁਕਰੀਆ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ। ਭਾਈ ਸਾਹਿਬ ਜੀ ਨੂੰ ਫਿਰ ਵਾਪਸ ਜੇਲ ਭੇਜਿਆ ਗਿਆ। ਤਸ਼ੱਦਦ ਕੈਦੀਆਂ ਵਾਂਗ ਜਾਰੀ ਰਿਹਾ। ਉਨ੍ਹਾਂ ਦਿਨਾਂ ਵਿਚ ਜ਼ਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿਚ ਸੀ ਕਿ ਉਸ ਦਾ ਸਾਹ ਰੁਕਣ ਲੱਗਾ। ਉਸ ਨੇ ਪਛਤਾਵਾ ਕੀਤਾ ਕਿ ਮੈਂ ਇਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਨ੍ਹਾਂ ਕਰਮਾਂ ਦਾ ਕੰਮ ਹੈ ਜੋ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸ ਨੇ ਆਪਣੇ ਅਹਿਕਾਰ ਭਾਈ ਸਾਹਿਬ ਜੀ ਕੋਲ ਭੇਜੇ ਕਿ ਮੈਨੂੰ ਮੁਆਫ਼ ਕਰ ਦਿਓ। ਭਾਈ ਸਾਹਿਬ ਜੀ ਨੇ ਕਿਹਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪ੍ਰਮਾਤਮਾ ਦੇ ਭਾਣੇ ਵਿਚ ਹੈ। ਉਹ ਪ੍ਰਮਾਤਮਾ ਸਭ ਦਾ ਇਨਸਾਫ਼ ਕਰੇਗਾ। ਜ਼ਕਰੀਆ ਖਾਨ ਦੀ ਬਿਮਾਰੀ ਠੀਕ ਹੋ ਗਈ। ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਜੀ ਨੂੰ ਮਿਲੀ , ਉਨ੍ਹਾਂ 1 ਜੁਲਾਈ, 1745 ਨੂੰ ਸ਼ਹੀਦੀ ਪਾ ਲਈ। ਬਿਨਾਂ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇਕ ਵਿਲੱਖਣ ਸ਼ਹੀਦੀ ਹੈ। ਭਾਈ ਸਾਹਿਬ ਜੀ ਨੇ ਖ਼ਾਲਸਾ ਰੂਪ ਦੀ ਸ਼ਾਨ ਲਈ ਆਪਣੇ ਨਿਜ ਸੁਆਰਥ ਤੋਂ ਉਪਰ ਉਠ ਕੇ ਧਰਮ ਲਈ ਕੁਰਬਾਨੀ ਦਿੱਤੀ। ਸਿੱਖੀ ਦਾ ਮਾਰਗ ਹੈ ਕਿ ਆਪਾ ਵਾਰ ਕੇ ਸੀਸ ਭੇਟ ਕਰਨਾ ਹੈ।

*ਅੰਤਿਕਾ : ਗੁਰੂ ਦੀ ਦੱਸੀ ਸੇਵਾ ਬੜੀ ਔਖੀ ਹੈ। ਆਪਾ ਭਾਵ ਗਵਾ ਕੇ ਸਿਰ ਦੇਣਾ ਪੈਂਦਾ ਹੈ। ਜਦੋਂ ਕੋਈ ਜੀਵ ਗੁਰੂ ਦੇ ਸ਼ਬਦ ਵਿਚ ਜੁੜਦੇ ਹਨ ਤਾਂ ਉਨ੍ਹਾਂ ਨੂੰ ਪ੍ਰਮਾਤਮਾ ਮਿਲ ਪੈਂਦਾ ਹੈ। ਉਨ੍ਹਾਂ ਦੀ ਸੇਵਾ ਕਬੂਲ ਹੋ ਜਾਂਦੀ ਹੈ। ਅੰਗ 27*




# ਪਾਠਕਾਂ ਦਾ ਨਜ਼ਰੀਆ

## ਕੀ ਢੀਂਡਸਾ ਬਾਦਲਾਂ ਨੂੰ ਠਿੱਬੀ ਲਾ ਸਕੇਗਾ ?

ਅਕਾਲੀ ਦਲ ਨੂੰ ਹੋਂਦ ਵਿਚ ਆਇਆਂ ਲਗਪਗ 100 ਸਾਲ ਹੋ ਗਏ ਹਨ। ਉਦੋਂ ਤੋਂ ਹੀ ਪਾਰਟੀ ਵਿਚ ਧੜੇਬੰਦੀ ਲਗਾਤਾਰ ਜਾਰੀ ਹੈ। ਪਾਰਟੀ ਵਿਚ ਉਤਰਾਅ-ਚੜ੍ਹਾਅ ਵੀ ਬਥੇਰੇ ਆਉਂਦੇ ਰਹੇ। ਪਾਰਟੀ ਦੋਫਾੜ ਵੀ ਹੁੰਦੀ ਰਹੀ ਪ੍ਰੰਤੂ ਲੀਡਰਸ਼ਿਪ ਦੀ ਕਾਰਗੁਜ਼ਾਰੀ ਵਿਚ ਇੰਨਾ ਨਿਘਾਰ ਕਦੇ ਵੀ ਨਹੀਂ ਸੀ ਆਇਆ ਜਿੰਨਾ ਇਸ ਵਕਤ ਆਇਆ ਹੋਇਆ ਹੈ।

ਅਕਾਲੀ ਦਲ ਦਾ ਆਧਾਰ ਮੁੱਖ ਤੌਰ 'ਤੇ ਪੰਥਕ ਹੈ ਕਿਉਂਕਿ ਇਹ ਪਾਰਟੀ ਜਦੋਂ ਹੋਂਦ ਵਿਚ ਆਈ ਸੀ ਉਦੋਂ ਇਸ ਦਾ ਮੁੱਖ ਕੰਮ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਤੇ ਪੰਥਕ ਸਿਆਸਤ ਕਰਨਾ ਸੀ। ਇੱਥੋਂ ਤਕ ਕਿ ਪਹਿਲੀ ਚੋਣ ਅਕਾਲੀ ਦਲ ਨੇ ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀ ਸੀ ਕਿਉਂਕਿ ਉਦੋਂ ਅਕਾਲੀ ਦਲ ਸਿਆਸੀ ਪਾਰਟੀ ਦੇ ਤੌਰ 'ਤੇ ਰਜਿਸਟਰ ਹੀ ਨਹੀਂ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਸਿਆਸੀ ਲਾਭ ਲੈਣ ਲਈ ਅਕਾਲੀ ਦਲ ਨੂੰ ਮੋਗਾ ਵਿਖੇ 1998 ਵਿਚ ਕਾਨਫਰੰਸ ਕਰ ਕੇ ਪੰਜਾਬੀ ਪਾਰਟੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਜੇਕਰ ਪਾਰਟੀ ਆਪਣਾ ਅਕਸ ਧਰਮ ਨਿਰਪੱਖ ਬਣਾਉਣਾ ਚਾਹੁੰਦੀ ਹੈ ਤਾਂ ਇਹ ਕੋਈ ਮਾੜੀ ਗੱਲ ਨਹੀਂ। ਇਸ ਸਮੇਂ ਅਕਾਲੀ ਦਲ ਤਾਂ ਆਪਣੇ ਮੁੱਖ ਮੁੱਦਿਆਂ ਤੋਂ ਹੀ ਪਿੱਛੇ ਖਿਸਕ ਗਿਆ ਜਾਪਦਾ ਹੈ। ਸੁਖਦੇਵ ਸਿੰਘ ਢੀਂਡਸਾ ਵੱਲੋਂ ਆਪਣਾ ਨਵਾਂ ਅਕਾਲੀ ਦਲ ਡੈਮੋਕ੍ਰੈਟਿਕ ਬਣਾਉਣ ਨਾਲ ਅਕਾਲੀ ਦਲ ਦੇ ਸਿਆਸੀ ਹਲਕਿਆਂ ਵਿਚ ਇਹ ਕਿਆਸ ਅਰਾਈਆਂ ਸ਼ੁਰੂ ਹੋ ਗਈਆਂ ਹਨ ਕਿ ਕੀ ਢੀਂਡਸਾ ਦਾ ਅਕਾਲੀ ਦਲ ਬਾਦਲ ਦਾ ਤਖ਼ਤਾ ਪਲਟਣ ਵਿਚ ਸਫਲ ਹੋਵੇਗਾ? ਸ਼੍ਰੋਮਣੀ ਅਕਾਲੀ ਦਲ ਜਿਸ 'ਤੇ ਇਸ ਸਮੇਂ ਬਾਦਲ ਪਰਿਵਾਰ ਦਾ ਕਬਜ਼ਾ ਹੈ, ਉਸ ਨਾਲੋਂ ਪਹਿਲਾਂ ਹੀ ਬਹੁਤ ਸਾਰੇ ਸੀਨੀਅਰ ਨੇਤਾ ਵੱਖ ਹੋ ਚੁੱਕੇ ਹਨ ਅਤੇ ਕੁਝ ਸੀਨੀਅਰ ਨੇਤਾਵਾਂ ਨੇ ਹੁਣੇ ਜਿਹੇ ਢੀਂਡਸਾ ਦਾ ਪੱਲਾ ਫੜ ਲਿਆ ਹੈ। ਇਸ ਤੋਂ ਇਕ ਗੱਲ ਤਾਂ ਸਪਸ਼ਟ ਹੈ ਕਿ ਬਾਦਲ ਦਲ ਨੂੰ ਵੱਡਾ ਖੋਰਾ ਲੱਗ ਚੁੱਕਾ ਹੈ। ਇਸ ਖੋਰੇ ਦੇ ਮੁੱਖ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਵਿਖੇ ਪੁਲਿਸ ਦੀ ਗੋਲੀ ਨਾਲ ਦੋ ਵਿਅਕਤੀਆਂ ਦੇ ਮਾਰੇ ਜਾਣਾ, ਬੇਅਦਬੀ ਦੀ ਅਕਾਲੀ ਰਾਜ ਵਿਚ ਸਹੀ ਪੜਤਾਲ ਨਾ ਹੋਣਾ, ਅਕਾਲ ਤਖ਼ਤ ਦੀ ਦੁਰਵਰਤੋਂ ਕਰ ਕੇ ਡੇਰਾ ਸੌਦਾ ਨੂੰ ਮਾਫ਼ੀ ਦਿਵਾਉਣਾ, ਪਰਿਵਾਰਵਾਦ ਦਾ ਪਾਰਟੀ 'ਤੇ ਭਾਰੂ ਪੈਣਾ ਅਤੇ ਸੀਨੀਅਰ ਨੇਤਾਵਾਂ ਨੂੰ ਅਣਡਿੱਠ ਕਰਨਾ ਆਦਿ ਹਨ। ਇਸ ਲਈ ਅਕਾਲੀ ਦਲ ਵਿਚ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਬਣਨ ਤੋਂ ਬਾਅਦ ਘੁਸਰ-ਮੁਸਰ ਹੋ ਰਹੀ ਸੀ। ਸੁਖਦੇਵ ਸਿੰਘ ਢੀਂਡਸਾ ਦਾ ਧੜਾ ਇਹ ਕਹਿ ਰਿਹਾ ਹੈ ਕਿ ਉਨ੍ਹਾਂ ਦਾ ਅਕਾਲੀ ਦਲ ਅਸਲੀ ਹੈ ਅਤੇ ਉਹ ਆਪਣੇ ਅਕਾਲੀ ਦਲ ਦਾ ਨਾਮ ਸ਼੍ਰੋਮਣੀ ਅਕਾਲੀ ਦਲ ਹੀ ਰਜਿਸਟਰ ਕਰਵਾਉਣਗੇ ਪਰ ਜੇਕਰ ਰਜਿਸਟ੍ਰੇਸ਼ਨ ਵਿਚ ਕੋਈ ਦਿੱਕਤ ਆਈ ਤਾਂ ਫਿਰ ਡੈਮੋਕ੍ਰੈਟਿਕ ਸ਼ਬਦ ਜੋੜਿਆ ਜਾਵੇਗਾ। ਜੇ ਢੀਂਡਸਾ ਦਾ ਅਕਾਲੀ ਦਲ ਇਸੇ ਨਾਂ 'ਤੇ ਰਜਿਸਟਰ ਹੋ ਗਿਆ ਤਾਂ ਬਾਦਲ ਦਲ ਲਈ ਖ਼ਤਰੇ ਦੀ ਘੰਟੀ ਵੱਜ ਜਾਵੇਗੀ। ਜੇਕਰ ਢੀਂਡਸਾ ਅਕਾਲੀ ਦਲ ਵਿਚ ਵੱਡੇ ਪੱਧਰ 'ਤੇ ਬਗ਼ਾਵਤ ਕਰਵਾਉਣ ਵਿਚ ਸਫਲ ਹੋ ਗਿਆ ਫਿਰ ਤਾਂ ਬਾਦਲ ਪਰਿਵਾਰ ਦੇ ਕਬਜ਼ੇ ਤੋਂ ਅਕਾਲੀ ਦਲ ਨੂੰ ਮੁਕਤ ਕਰਵਾ ਸਕਦਾ ਹੈ। ਅਜਿਹਾ ਨਾ ਹੋਇਆ ਤਾਂ ਸੁਖਬੀਰ ਸਿੰਘ ਬਾਦਲ ਭਾਵੇਂ ਸਿਆਸੀ ਤੌਰ 'ਤੇ ਢੀਂਡਸਾ ਦਾ ਮੁਕਾਬਲਾ ਨਹੀਂ ਕਰ ਸਕਦਾ ਪਰ ਉਸ ਨੇ ਅਕਾਲੀ ਦਲ ਦੇ ਸੀਨੀਅਰ ਲੀਡਰਾਂ ਦੇ ਪੁੱਤਰਾਂ ਨੂੰ ਅਹੁਦੇ ਨਿਵਾਜ਼ ਕੇ ਆਪਣੇ ਨਾਲ ਜੋੜਿਆ ਹੋਇਆ ਹੈ। ਇਸ ਲਈ ਅਕਾਲੀ ਦਲ ਦੀ ਨੌਜਵਾਨ ਲੀਡਰਸ਼ਿਪ ਦਾ ਸੁਖਬੀਰ ਬਾਦਲ ਦਾ ਸਾਥ ਦੇਣ ਦੀ ਸੰਭਾਵਨਾ ਹੈ। ਅਕਾਲੀ ਦਲ ਦੇ ਜਿਸ ਧੜੇ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਹੋਵੇ ਉਹੀ ਅਕਾਲੀ ਦਲ 'ਤੇ ਕਾਬਜ਼ ਹੁੰਦਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਬਾਦਲ ਪਰਿਵਾਰ ਦੇ ਕਬਜ਼ੇ ਵਿਚ ਹੈ। ਸੁਖਦੇਵ ਸਿੰਘ ਢੀਂਡਸਾ ਲਈ ਆਉਣ ਵਾਲਾ ਡੇਢ ਸਾਲ ਚੁਣੌਤੀਆਂ ਭਰਪੂਰ ਹੋਵੇਗਾ ਕਿਉਂਕਿ ਇੰਨੇ ਥੋੜ੍ਹੇ ਸਮੇਂ ਵਿਚ ਸਿਆਸੀ ਪਾਰਟੀ ਖੜੀ ਕਰ ਕੇ ਸਥਾਪਤ ਕਰਨੀ ਬਹੁਤ ਮੁਸ਼ਕਲ ਕੰਮ ਹੁੰਦਾ ਹੈ। ਜੇ ਢੀਂਡਸਾ ਅਕਾਲੀ ਦਲ ਦੇ ਸਾਰੇ ਧੜਿਆਂ ਨੂੰ ਤੀਜਾ ਫਰੰਟ ਬਣਾ ਕੇ ਸ਼ਾਮਲ ਕਰਨ ਵਿਚ ਸਫਲ ਹੋ ਜਾਵੇ ਤਾਂ ਫਿਰ ਅਜਿਹੀ ਉਮੀਦ ਬੱਝ ਸਕਦੀ ਹੈ ਕਿਉਂਕਿ ਪੰਜਾਬ ਦੇ ਲੋਕ ਤੀਜਾ ਬਦਲ ਚਾਹੁੰਦੇ ਹਨ। ਸੁਖਬੀਰ ਦੇ ਅਕਾਲੀ ਦਲ ਨੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੇ ਸਿਧਾਂਤ ਨੂੰ ਵੀ ਤਿਲਾਂਜਲੀ ਦੇ ਦਿੱਤੀ ਹੈ। ਉਨ੍ਹਾਂ ਦਾ ਅਕਾਲੀ ਦਲ ਭਾਜਪਾ ਦੀ ਸਰਕਾਰ ਵਿਚ ਸ਼ਾਮਲ ਹੋਣ ਕਰ ਕੇ ਉਸ ਦੀ ਕੇਂਦਰ ਸਰਕਾਰ ਦੇ ਹਰ ਗ਼ਲਤ ਫ਼ੈਸਲੇ ਦੀ ਤਾਈਦ ਕਰਦਾ ਹੈ। ਖ਼ਾਸ ਤੌਰ 'ਤੇ ਧਾਰਾ 370, ਨਾਗਰਿਕ ਸੋਧ ਐਕਟ ਅਤੇ ਤਾਜ਼ਾ ਖੇਤੀਬਾੜੀ ਨਾਲ ਸਬੰਧਤ ਤਿੰਨ ਆਰਡੀਨੈਂਸਾਂ ਦੀ ਹਮਾਇਤ ਕਰ ਕੇ ਪੰਜਾਬ ਦੇ ਕਿਸਾਨਾਂ ਦੇ ਮਨਾਂ ਤੋਂ ਲਹਿ ਗਿਆ ਹੈ। ਇਸ ਕਾਰਨ ਢੀਂਡਸਾ ਦੇ ਅਕਾਲੀ ਦਲ ਦੀ ਲੋਕਾਂ ਵੱਲੋਂ ਇਮਦਾਦ ਹੋਣ ਦੀ ਆਸ ਕੀਤੀ ਜਾ ਸਕਦੀ ਹੈ ਕਿਉਂਕਿ ਇਨ੍ਹਾਂ ਤਿੰਨਾਂ ਆਰਡੀਨੈਂਸਾਂ ਨੇ ਅਕਾਲੀ ਦਲ ਦੀਆਂ ਜੜ੍ਹਾਂ ਵਿਚ ਤੇਲ ਦੇਣ ਦਾ ਕੰਮ ਕਰਨਾ ਹੈ। ਲੋਕ ਇਸ ਗੱਲ ਦਾ ਵੀ ਧਿਆਨ ਰੱਖਣਗੇ ਕਿ ਜੇ ਢੀਂਡਸਾ ਦਾ ਅਕਾਲੀ ਦਲ ਭਾਜਪਾ ਦੀ ਹਮਾਇਤ ਲਵੇਗਾ ਤਾਂ ਪੰਜਾਬ ਦੇ ਕਿਸਾਨ ਉਨ੍ਹਾਂ ਨੂੰ ਵੀ ਮੂੰਹ ਨਹੀਂ ਲਾਉਣਗੇ। ਅਗਾਮੀ ਵਿਧਾਨ ਸਭਾ ਚੋਣਾਂ ਵਿਚ ਢੀਂਡਸਾ ਦਾ ਅਕਾਲੀ ਦਲ ਕਿੰਨਾ ਕੁ ਸਫਲ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਹ ਕੰਧ 'ਤੇ ਲਿਖਿਆ ਹੈ ਕਿ ਨਵਾਂ ਅਕਾਲੀ ਦਲ ਬਾਦਲਾਂ ਦੇ ਖੇਮੇ ਵਿਚ ਵੱਡੀ ਸੰਨ ਲਾਵੇਗਾ।

- ਉਜਾਗਰ ਸਿੰਘ (ਸਾਬਕਾ ਜ਼ਿਲਾ ਲੋਕ ਸੰਪਰਕ ਅਧਿਕਾਰੀ।

## ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਕੱਚ-ਸੱਚ

ਪੰਜਾਬ ਦੇ ਅਖ਼ਬਾਰ ਹਰ ਰੋਜ਼ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਨਾਲ ਭਰੇ ਹੁੰਦੇ ਹਨ। ਜ਼ਿਆਦਾਤਰ ਕਾਰਨ ਤਾਂ ਇਹ ਸਾਹਮਣੇ ਆਉਂਦੇ ਹਨ ਕਿ ਕਰਜ਼ਾਈ ਹੋ ਜਾਣ 'ਤੇ ਖ਼ੁਦਕੁਸ਼ੀ ਲਈ ਮਜਬੂਰ ਹੋਣਾ ਪੈਂਦਾ ਹੈ। ਅੱਜਕੱਲ ਲੋਕਾਂ ਦੀ ਰਹਿਣੀ-ਸਹਿਣੀ ਸ਼ਾਹੀ ਹੋ ਚੁੱਕੀ ਹੈ। ਵਿਆਹਾਂ 'ਤੇ ਹੱਦੋਂ ਵੱਧ ਫ਼ਜ਼ੂਲਖ਼ਰਚੀ ਕੀਤੀ ਜਾਂਦੀ ਹੈ। ਹੁਣ ਲਾਕਡਾਊਨ ਵਿਚ ਜੇ ਸਾਦੇ ਵਿਆਹ ਹੋ ਸਕਦੇ ਹਨ ਤਾਂ ਆਮ ਦਿਨਾਂ ਵਿਚ ਕਿਉਂ ਨਹੀਂ। ਅਸੀਂ ਆਪ ਜਾਣਬੁੱਝ ਕੇ ਮਹਿੰਗੇ ਵਿਆਹਾਂ ਦਾ ਫਾਹਾ ਲੈ ਰਹੇ ਹਾਂ। ਲਾਕਡਾਊਨ ਵਿਚ ਅਜਿਹੇ ਵੀ ਲੋਕ ਸਨ ਜਿਨਾਂ ਨੇ ਇਹ ਸੋਚ ਕੇ ਹੀ ਵਿਆਹ ਨਹੀਂ ਕੀਤੇ ਕਿ ਖੁੱਲਾ ਖ਼ਰਚਾ ਨਹੀਂ ਕਰ ਸਕਾਂਗੇ। ਸਾਦੇ ਵਿਆਹ ਕਾਰਨ ਸਾਡੀ ਹੇਠੀ ਹੋਵੇਗੀ। ਪੰਜਾਬ ਵਿਚ ਕਰਜ਼ਾਈ ਹੋਣ ਦਾ ਸਭ ਤੋਂ ਵੱਡਾ ਕਾਰਨ ਵਿਆਹ ਹੀ ਹਨ। ਇਸ ਤੋਂ ਇਲਾਵਾ ਮਹਿੰਗੀਆਂ ਗੱਡੀਆਂ, ਆਲੀਸ਼ਾਨ ਕੋਠੀਆਂ ਦਾ ਸ਼ੌਕ ਹੈ। ਇਹੋ ਜਿਹੇ ਲੋਕ ਅਮੀਰ ਆਪ ਤਾਂ ਮਰਦੇ ਹੀ ਹਨ ਉਨਾਂ ਦੀ ਦੇਖਾ-ਦੇਖੀ ਪਿੰਡ ਵਿਚੋਂ ਪੰਜ-ਸੱਤ ਹੋਰ ਕਰਜ਼ਾਈ ਹੋ ਜਾਂਦੇ ਹਨ। ਜਦ ਕਰਜ਼ਾ ਨਹੀਂ ਲਹਿੰਦਾ ਤਾਂ ਖ਼ੁਦਕੁਸ਼ੀ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਬਚਦਾ। ਘਰੇਲੂ ਕਲੇਸ਼ ਵੀ ਖ਼ੁਦਕੁਸ਼ੀ ਦਾ ਇਕ ਮੁੱਖ ਕਾਰਨ ਹੈ। ਵਿਅਕਤੀ ਹਰ ਰੋਜ਼ ਦੀ ਲੜਾਈ ਤੋਂ ਦੁਖੀ ਹੋ ਕੇ ਗੁੱਸੇ ਵਿਚ ਅਜਿਹਾ ਕਦਮ ਚੁੱਕ ਲੈਂਦਾ ਹੈ। ਸਹਿਣਸ਼ੀਲਤਾ ਘਟਣ ਕਾਰਨ ਅਜਿਹੇ ਕਦਮ ਜਲਦਬਾਜ਼ੀ ਵਿਚ ਉਠਾ ਲਏ ਜਾਂਦੇ ਹਨ। ਘਰੇਲੂ ਕਲੇਸ਼ ਦਾ ਇਕ ਮੁੱਖ ਕਾਰਨ ਆਪਸੀ ਵਿਸ਼ਵਾਸ ਦੀ ਕਮੀ ਹੈ ਜੋ ਹੌਲੀ-ਹੌਲੀ ਸ਼ੱਕ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਦਾ ਅੰਤ ਭਿਆਨਕ ਹੁੰਦਾ ਹੈ। ਇਸ ਤੋਂ ਇਲਾਵਾ ਮਹਿੰਗਾਈ ਨੇ ਵੀ ਆਮ ਆਦਮੀ ਦਾ ਲੱਕ ਤੋੜ ਦਿੱਤਾ ਹੈ। ਹਰ ਵਿਅਕਤੀ ਸ਼ੌਕ ਨਾਲ ਹੀ ਕਰਜ਼ਾਈ ਨਹੀਂ ਹੁੰਦਾ। ਉਸ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਵੀ ਉਸ ਨੂੰ ਕਰਜ਼ਾਈ ਕਰ ਦਿੰਦੀਆਂ ਹਨ। ਮਹਿੰਗੀਆਂ ਪੜਾਈਆਂ, ਮਹਿੰਗੇ ਡਾਕਟਰੀ ਇਲਾਜ, ਘਾਤਕ ਜਾਨਲੇਵਾ ਬਿਮਾਰੀਆਂ ਵੀ ਉਸ ਨੂੰ ਇਹੋ ਜਿਹਾ ਕਦਮ ਉਠਾਉਣ ਲਈ ਮਜਬੂਰ ਕਰ ਦਿੰਦੀਆਂ ਹਨ। ਕਿਸੇ ਕੋਲ ਨਾ ਬੈਠਣਾ, ਕਿਸੇ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਨਾ ਕਰਨੀਆਂ ਹੌਲੀ-ਹੌਲੀ ਵਿਅਕਤੀ ਨੂੰ ਡਿਪ੍ਰੈਸ਼ਨ ਵਿਚ ਲੈ ਜਾਂਦੀਆਂ ਹਨ। ਕਿਸੇ ਕੋਲ ਅੱਜਕੱਲ ਸਮਾਂ ਹੀ ਨਹੀਂ ਹੈ ਕਿ ਉਹ ਕਿਸੇ ਹੋਰ ਦੇ ਦੁੱਖ-ਦਰਦ ਸੁਣੇ ਜਾਂ ਕਿਸੇ ਨੂੰ ਦੱਸੇ। ਇਸ ਤੋਂ ਇਲਾਵਾ ਮਹਿੰਗੀਆਂ ਪੜਾਈਆਂ ਕਰਨ ਤੋਂ ਬਾਅਦ ਨੌਕਰੀਆਂ ਨਾ ਮਿਲਣੀਆਂ, ਸਹੀ ਕੰਮ ਕਰਾਉਣ ਵਾਸਤੇ ਵੀ ਭ੍ਰਿਸ਼ਟਾਚਾਰ ਦੀ ਦਲਦਲ ਵਿਚੋਂ ਲੰਘਣਾ, ਦਾਜ, ਬਲੈਕਮੇਲਿੰਗ, ਕੰਮਕਾਰ ਨਾ ਚੱਲਣੇ, ਇਕਤਰਫਾ ਜਾਂ ਦੋਤਰਫਾ ਪਿਆਰ-ਮਹੁੱਬਤ ਦੇ ਚੱਕਰ ਵੀ ਖ਼ੁਦਕੁਸ਼ੀਆਂ ਦੇ ਆਮ ਕਾਰਨ ਹਨ।

- ਸਰਬਜੀਤ ਧਨੋਆ, ਤਲਵੰਡੀ ਕਲਾਂ (ਲੁਧਿਆਣਾ)

## ਸੰਘ ਪਰਿਵਾਰ ਦੇ 'ਰਾਸ਼ਟਰਵਾਦੀ' ਬਿਰਤਾਂਤ ਵਿਚ ਹੀ ਉਲਝਿਆ ਦੇਸ ਦਾ ਬੁਧੀਜੀਵੀ ਵਰਗ

ਅੱਜ ਸਮੁਚੀ ਮਨੁਖ ਜਾਤੀ ਆਪਣੀ ਹਯਾਤੀ ਦੇ ਸਭ ਤੋਂ ਭਿਆਨਕ ਦੌਰ ਵਿਚੋਂ ਗੁਜਰ ਰਹੀ ਹੈ। ਮਨੁੱਖੀ ਇਤਿਹਾਸ ਦਸਦਾ ਹੈ ਕਿ ਮਨੁਖਤਾ ਅਨੇਕ ਵਾਰ ਬੜੇ ਭਿਅੰਕਰ ਸਮਿਆਂ ਵਿਚੋਂ ਲੰਘੀ ਹੈ। ਜਦੋਂ ਮਨੁੱਖਤਾ ਦੇ ਵਡੇ ਹਿਸਿਆਂ ਨੂੰ ਤਬਾਹੀ ਦਾ ਸੰਤਾਪ ਹੰਢਾਉਣਾ ਪਿਆ ਹੋਵੇ। ਪਰ ਇਹ ਕਦੀ ਨਹੀਂ ਹੋਇਆ ਕਿ ਸਾਰੀ ਮਨੁੱਖਤਾ ਦਾ ਏਨਾ ਵਡਾ ਹਿਸਾ ਇਕੋ ਵੇਲੇ ਮੌਤ ਦੇ ਡਰ, ਭਵਿਖ ਦੀ ਚਿੰਤਾ, ਘੋਰ ਨਿਰਾਸ਼ਾ ਅਤੇ ਉਦਾਸੀ ਦੇ ਆਲਮ ਵਿਚੋਂ ਲੰਘ ਰਿਹਾ ਹੋਵੇ ਅਤੇ ਇਉਂ ਆਪਣੇ ਹੀ ਘਰਾਂ ਵਿਚ ਸੁੰਨ ਹੋ ਕੇ ਬੈਠਾ ਹੋਵੇ। ਦੋ ਸੰਸਾਰ ਸਾਮਰਾਜੀ ਜੰਗਾਂ ਵਿਚ ਬੜੀ ਭਾਰੀ ਤਬਾਹੀ ਹੋਈ। ਪਰ ਜਿਹੜੇ ਵੀ ਮੁਲਕ ਇਹਨਾਂ ਜੰਗਾਂ ਦੇ ਖੇਤਰ ਵਿਚੋਂ ਬਾਹਰ ਸਨ, ਉਹਨਾਂ ਮੁਲਕਾਂ ਦੇ ਲੋਕ ਇਹਨਾਂ ਜੰਗਾਂ ਦੀ ਤਬਾਹੀ ਦਾ ਸੰਤਾਪ ਹੰਢਾਉਣ ਤੋਂ ਬਚੇ ਰਹੇ। ਪਰ ਕੋਰੋਨਾ ਵਾਇਰਸ ਦੀ ਦਹਿਸ਼ਤ ਤੋਂ ਸ਼ਾਇਦ ਹੀ ਕੋਈ ਮੁਲਕ ਬਚਿਆ ਹੋਵੇ। ਅਮਰੀਕੀ ਸਾਮਰਾਜ ਦੇ ਪ੍ਰਭਾਵਸ਼ਾਲੀ ਪਰਚੇ 'ਵਾਲ ਸਟਰੀਟ ਜਰਨਲ' ਨੇ ਆਪਣੇ ਤਾਜਾ ਅੰਕ ਵਿਚ ਇਕ ਲਿਖਤ ਛਾਪੀ ਹੈ ਕਿ ਬੀਤੇ 'ਛੇ ਮਹੀਨੇ ਜਿਨਾਂ ਨੇ ਦੁਨੀਆਂ ਹਿਲਾ ਦਿਤੀ'। ਇਸ ਲਿਖਤ ਥਲੇ ਕਿਸੇ ਨੇ ਟਿਪਣੀ ਕੀਤੀ ਹੈ ਕਿ ਅਜੇ ਤੇ ਕਿਸੇ ਨੂੰ ਪਤਾ ਹੀ ਨਹੀਂ ਕਿ ਇਹ ਸੰਕਟ ਕਿੰਨਾ ਸਮਾ ਹੋਰ ਚਲਣਾ ਹੈ ਅਤੇ ਇਸ ਨੇ ਕਿੰਨੀਆਂ ਕੁ ਹੋਰ ਜਾਨਾਂ ਲੈਣੀਆ ਹਨ। ਇਸ ਲਿਖਤ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਕੋਰੋਨਾ ਵਾਇਰਸ ਤੋਂ ਬਾਅਦ ਦੁਨੀਆਂ ਇਹ ਨਹੀਂ ਰਹੇਗੀ। ਇਹ ਬਿਲਕੁਲ ਬਦਲ ਜਾਏਗੀ। ਇਸ ਸੰਕਟ ਨੇ ਸਮੁਚੇ ਸੰਸਾਰ ਦੇ ਪੂੰਜੀਵਾਦੀ ਸਾਮਰਾਜੀ ਅਰਥਚਾਰੇ ਨੂੰ ਲੀਹੋਂ ਲਾਹ ਦਿਤਾ ਹੈ। ਮਾਲੀ ਅਦਾਰਿਆਂ ਨੂੰ ਦਿਵਾਲੀਆ ਹੋਣ ਕਿਨਾਰੇ ਲੈ ਆਂਦਾ ਹੈ। ਸ਼ੇਅਰ ਮਾਰਕੀਟ ਵਿਚ ਗੜਬੜ ਪੈਦਾ ਕਰ ਦਿਤੀ ਹੈ। ਸਮਾਜੀ, ਪਰਿਵਾਰਕ ਅਤੇ ਨਿਜੀ ਰਿਸ਼ਤਿਆਂ ਵਿਚ ਖਲਬਲੀ ਮਚਾ ਦਿਤੀ ਹੈ। ਅਮਰੀਕਾ ਸਮੇਤ ਸਾਰੇ ਪਛਮੀ ਦੇਸਾਂ ਦੀਆਂ ਮੁਖ ਅਖ਼ਬਾਰਾਂ ਵਿਚ ਪੂੰਜੀਵਾਦੀ ਰਾਜਪ੍ਰਬੰਧ ਦੀ ਥਾਂ ਸਮਾਜਵਾਦੀ ਰਾਜ ਪ੍ਰਬੰਧ ਦੇ ਲੈਣ ਬਾਰੇ ਬੜੀ ਉਚ ਪਧਰੀ ਬਹਿਸ ਚਲ ਰਹੀ ਹੈ। ਰੂਸ ਤੇ ਚੀਨ ਵਿਚ ਹੋਏ ਸਮਾਜਵਾਦੀ ਇਨਕਲਾਬਾਂ ਦੀਆਂ ਕਮੀਆਂ-ਪੇਸ਼ੀਆਂ ਬਾਰੇ ਚਰਚਾ ਚਲ ਰਹੀ ਹੈ। ਆਤਮ ਹਤਿਆਵਾਂ ਦੀ ਵਧੀ ਦਰ ਹਰੇਕ ਸੋਚਵਾਨ ਤੇ ਸੰਵੇਦਨਸ਼ੀਲ ਮਨੁਖ ਨੂੰ ਪ੍ਰੇਸ਼ਾਨ ਕਰ ਰਹੀ ਹੈ। ਸਾਰੀਆਂ ਜਿੰਮੇਵਾਰ ਅਖ਼ਬਾਰਾਂ ਦੀ ਭਵਿੱਖਬਾਣੀ ਅਨੁਸਾਰ ਦੁਨੀਆਂ ਦੇ ਸਭ ਤੋਂ ਅਮੀਰ ਮੁਲਕ ਅਮਰੀਕਾ ਵਿਚ ਖਾਨਾਜੰਗੀ ਵਾਲੀ ਹਾਲਤ ਬਣ ਰਹੀ ਹੈ। ਇਕ ਪਾਸੇ ਮਹਾਂਮਾਰੀ ਨਾਲ ਹਰ ਰੋਜ ਬੰਦੇ ਮਰ ਰਹੇ ਹਨ ਅਤੇ ਦੂਜੇ ਪਾਸੇ 'ਬਲੈਕ ਲਾਈਵਜ ਮੈਟਰ' ਦੇ ਨਾਹਰੇ ਹੇਠ ਕਾਲੇ ਲੋਕਾਂ ਉਤੇ ਕੀਤੇ ਗਏ ਤੇ ਕੀਤੇ ਜਾ ਰਹੇ ਪੁਲਿਸ ਜਬਰ ਵਿਰੁਧ ਲਗਪਗ ਸਾਰੇ ਦੇਸ ਵਿਚ ਰੋਸ ਮੁਜਾਹਰੇ ਹੋ ਰਹੇ ਹਨ। ਇਥੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਭਾਰਤ ਸਮੇਤ ਲਗਪਗ ਬਹੁਤੇ ਦੇਸਾਂ ਦੀ ਇਹੀ ਹਾਲਤ ਬਣਨ ਜਾ ਰਹੀ ਹੈ। ਪਰ ਸਾਡੇ ਦੇਸ ਦਾ ਬੁਧੀਜੀਵੀ ਵਰਗ ਅਜੇ ਤਕ ਸੰਘ ਪਰਿਵਾਰ ਦੇ 'ਰਾਸ਼ਟਰਵਾਦੀ' ਬਿਰਤਾਂਤ ਵਿਚ ਹੀ ਉਲਝਿਆ ਹੋਇਆ ਹੈ।

- ਗੁਰਬਚਨ ਸਿੰਘ

## ਫਿਲਮਾਂ ਤੇ ਗੀਤਾਂ ਦਾ ਯੁਥ ਉਤੇ ਬੁਰਾ ਅਸਰ

ਅੱਜ ਦੇ ਦੌਰ ਦੇ ਗੀਤਾਂ ਅਤੇ ਪੁਰਾਣੇ ਸਮਿਆਂ ਦੇ ਗੀਤਾਂ ਵਿਚ ਬਹੁਤ ਫਰਕ ਹੈ। ਪੁਰਾਣੇ ਸਮੇਂ ਦੇ ਗਾਣੇ ਜ਼ਿਆਦਾਤਰ ਸਮਾਜ ਨੂੰ ਸੇਧ ਦੇਣ ਵਾਲੇ, ਸਮਾਜ ਸੁਧਾਰ ਤੇ ਦੇਸ਼ ਭਗਤੀ ਨਾਲ ਸਬੰਧਿਤ ਹੁੰਦੇ ਸਨ ਅਤੇ ਨੌਜਵਾਨਾਂ ਦੀ ਸੋਚ ਨੂੰ ਚੰਗੇ ਪਾਸੇ ਲਾਉਣ ਵਾਲੇ ਹੁੰਦੇ ਸਨ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਗੀਤਾਂ ਵਿਚ ਵਿਚ ਬਹੁਤ ਵੱਡਾ ਤੇ ਭਿਆਨਕ ਬਦਲਾਅ ਆਇਆ ਹੈ। ਹੁਣ ਗੀਤਾਂ ਵਿਚ ਮਾਰਧਾੜ, ਹਥਿਆਰਾਂ, ਨਸ਼ਿਆਂ ਅਤੇ ਲੱਚਰਤਾ ਨੂੰ ਜ਼ਿਆਦਾ ਉਤਸ਼ਾਹਿਤ ਕੀਤਾ ਜਾਂਦਾ ਹੈ। ਅੱਧਨੰਗੀਆਂ ਮਾਡਲਾਂ ਦਾ ਨੱਚਣਾ ਬਹੁਤ ਸਾਰੇ ਗੀਤਾਂ ਵਿਚ ਆਮ ਦੇਖਣ ਨੂੰ ਮੇਲਦਾ ਹੈ। ਬਹੁਤ ਗੀਤਾਂ ਨੂੰ ਤਾਂ ਪਰਿਵਾਰ ਵਿਚ ਬੈਠ ਕੇ ਸੁਣਾਇਆ ਹੀ ਨਹੀਂ ਜਾ ਸਕਦਾ। ਇਸੇ ਤਰਾਂ ਪਿਛਲੇ ਸਮੇਂ ਵਿਚ ਕਾਫੀ ਪੰਜਾਬੀ ਫ਼ਿਲਮਾਂ ਗੈਂਗਸਟਰਾਂ ਉੱਪਰ ਫਿਲਮਾਈਆਂ ਗਈਆਂ ਹਨ। ਗਾਣੇ ਲਿਖਣ ਵਾਲੇ ਗੀਤਕਾਰਾਂ ਅਤੇ ਗਾਉਣ ਵਾਲੇ ਗਾਇਕਾਂ ਨੂੰ ਇਕ ਗੱਲ ਚੰਗੀ ਤਰਾਂ ਸਮਝ ਲੈਣੀ ਚਾਹੀਦੀ ਹੈ ਕਿ ਨੌਜਵਾਨੀ ਜ਼ਿਆਦਾਤਰ ਗੀਤਾਂ ਅਤੇ ਫਿਲਮਾਂ ਦੇ ਹਿਸਾਬ ਨਾਲ ਹੀ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਦੀ ਹੈ। ਉਹ ਜ਼ਿਆਦਾਤਰ ਗਾਇਕਾਂ ਅਤੇ ਫਿਲਮੀ ਐਕਟਰਾਂ ਨੂੰ ਆਪਣੇ ਰੋਲ ਮਾਡਲ ਮੰਨਣ ਲੱਗ ਜਾਂਦੀ ਹੈ। ਇਸ ਲਈ ਜੇ ਫਿਲਮਾਂ ਵਿਚ ਅਤੇ ਗੀਤਾਂ ਵਿਚ ਮਾਰਧਾੜ, ਨਸ਼ਾ, ਅਸਲਾ ਅਤੇ ਲੱਚਰਤਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਨੌਜਵਾਨ ਮੱਲੋਮੱਲੀ ਉਸ ਪਾਸੇ ਨੂੰ ਖਿੱਚੇ ਜਾਣਗੇ, ਜੋ ਕਿ ਸਮਾਜ ਲਈ ਬਹੁਤ ਹੀ ਘਾਤਕ ਹੈ। ਜੇ ਤੁਸੀਂ ਸਮਾਜ ਨੂੰ ਚੰਗੀ ਸੇਧ ਵਾਲੇ ਗੀਤ ਅਤੇ ਫਿਲਮਾਂ ਬਣਾਓ ਗਾਓ ਤਾਂ ਕੁਦਰਤੀ ਹੈ ਕਿ ਨੌਜਵਾਨੀ ਉਧਰ ਨੂੰ ਹੀ ਚੱਲੀ ਜਾਵੇਗੀ। ਇਸ ਲਈ ਇਹ ਹੁਣ ਤੁਹਾਡੇ ਹੱਥ ਹੈ ਕਿ ਤੁਸੀਂ ਸਮਾਜ ਨੂੰ ਪੰਜਾਬ ਦੀ ਜਵਾਨੀ ਨੂੰ ਕਿੱਧਰ ਲੈ ਕੇ ਜਾਣਾ ਚਾਹੁੰਦੇ ਹੋ। ਸਰਕਾਰ ਨੂੰ ਵੀ ਇਸ ਪਾਸੇ ਖ਼ਾਸ ਧਿਆਨ ਦੇਣ ਦੀ ਲੋੜ ਹੈ। ਗੀਤਾਂ ਦਾ ਮਿਆਰ ਉਚਾ ਚੁੱਕਣ ਲਈ ਸਰਕਾਰ ਨੂੰ ਇਕ ਸੈਂਸਰ ਬੋਰਡ ਦਾ ਗਠਨ ਕਰਨਾ ਚਾਹੀਦਾ ਹੈ, ਤਾਂ ਕਿ ਲੋਕ ਸਾਫ ਸੁਥਰੇ ਅਤੇ ਅਗਾਂਹ ਵਧੂ ਸੋਚ ਵਾਲੇ ਗੀਤ ਹੀ ਸੁਣ ਸਕਣ।

ਕੁਲਵਿੰਦਰ ਸਿੰਘ ਮਹਿਲ ਕਲਾਂ

## ਈਰਾਨ ਨੇ ਅਤਿ-ਅਹਿਮ...

ਇਹ ਰੇਲ ਯੋਜਨਾ ਚਾਬਹਾਰ ਬੰਦਰਗਾਹ ਤੋਂ ਜਹੇਦਾਨ ਵਿਚਕਾਰ ਬਣਾਈ ਜਾਣੀ ਹੈ। ਪਿਛਲੇ ਹਫ਼ਤੇ ਈਰਾਨ ਦੇ ਟ੍ਰਾਂਸਪੋਰਟ ਅਤੇ ਸ਼ਹਿਰੀ ਵਿ ਕਾਸ ਮੰਤਰੀ ਮੁਹੰਮਦ ਇਸਲਾਮੀ ਨੇ 628 ਕਿਲੋਮੀਟਰ ਲੰਬੀ ਰੇਲ ਪਟੜੀ ਬਣਾਉਣ ਦਾ ਉਦਘਾਟਨ ਕੀਤਾ ਸੀ। ਇਸ ਰੇਲ ਲਾਈਨ ਨੂੰ ਅਫ਼ਗਾਨਿਸਤਾਨ ਦੀ ਜਰਾਂਜ ਸਰਹੱਦ ਤੱਕ ਵਧਾਇਆ ਜਾਣਾ ਹੈ। ਇੱਕ ਰਿਪੋਰਟ ਮੁਤਾਬਕ ਇਸ ਪੂਰੀ ਯੋਜਨਾ ਨੂੰ ਮਾਰਚ 2022 ਤੱਕ ਪੂਰਾ ਕੀਤਾ ਜਾਵੇਗਾ। ਈਰਾਨ ਦੇ ਰੇਲ ਮੰਤਰਾਲੇ ਨੇ ਕਿਹਾ ਹੈ ਕਿ ਉਹ ਬਿਨਾ ਭਾਰਤ ਦੀ ਮਦਦ ਦੇ ਹੀ ਇਸ ਯੋਜਨਾ 'ਤੇ ਅੱਗੇ ਵਧੇਗਾ। ਇਸ ਦੇ ਲਈ ਉਹ ਈਰਾਨ ਦੇ ਨੈਸ਼ਨਲ ਡਿਵੈਲਪਮੈਂਟ ਫੰਡ 40 ਕਰੋੜ ਡਾਲਰ ਦੀ ਧਨਰਾਸ਼ੀ ਦੀ ਵਰਤੋਂ ਕਰੇਗਾ। ਇਸ ਤੋਂ ਪਹਿਲਾਂ ਭਾਰਤ ਦੀ ਸਰਕਾਰੀ ਰੇਲ ਕੰਪਨੀ ਇਰਕਾਨ ਇਸ ਯੋਜਨਾ 'ਤੇ ਕੰਮ ਕਰਨ ਦੀ ਤਿਆਰੀ ਕਰ ਰਹੀ ਸੀ।

ਈਰਾਨ ਦੇ ਇਸ ਫੈਸਲੇ 'ਤੇ ਟਿੱਪਣੀ ਕਰਦਿਆਂ ਕਾਂਗਰਸ ਨੇ ਇਸ ਲਈ ਭਾਜਪਾ ਸਰਕਾਰ ਦੀ ਕੂਟਨੀਤੀ ਨੂੰ ਜ਼ਿੰਮੇਵਾਰ ਦੱਸਿਆ ਹੈ। ਕਾਂਗਰਸ ਦਾ ਕਹਿਣਾ ਹੈ ਕਿ ਮੋਦੀ ਸਿਰਫ ਰੌਲਾ ਪਾਉਂਦੇ ਹਨ ਤੇ ਕੰਮ ਕੋਈ ਨਹੀਂ ਕਰਦੇ ਜਦਕਿ ਚੀਨ ਨੇ ਚੁੱਪ-ਚਾਪ ਕੰਮ ਕਰ ਲਿਆ।

## ਜੇਕਰ ਅਸੀਂ ਅੱਧੇ ਟੈਸਟ...

**ਪੀੜਤਾਂ ਦੀ ਗਿਣਤੀ 40 ਲੱਖ ਨੇੜੇ ਪੁੱਜੀ**

ਅਮਰੀਕਾ ਵਿਚ ਕੋਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ 1,39,143 ਹੋ ਗਈ ਹੈ ਜਦ ਕਿ ਪੀੜਤ ਮਰੀਜ਼ਾਂ ਦੀ ਗਿਣਤੀ 35,45,077 ਹੋ ਗਈ ਹੈ। 16,00,195 ਮਰੀਜ਼ ਠੀਕ ਹੋਏ ਹਨ। ਇਸ ਤਰਾਂ ਮਰੀਜ਼ਾਂ ਦੇ ਸਿਹਤਮੰਦ ਹੋਣ ਦੀ ਦਰ 92% ਹੋ ਗਈ ਹੈ। ਸਿਹਤ ਮਾਹਿਰਾਂ ਨੇ ਆਸ ਪ੍ਰਗਟਾਈ ਹੈ ਕਿ ਅਗਲੇ ਦਿਨਾਂ ਦੌਰਾਨ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਿਚ ਹੋਰ ਸੁਧਾਰ ਹੋ ਸਕਦਾ ਹੈ ਤੇ ਭਾਰੀ ਗਿਣਤੀ ਵਿਚ ਮਰੀਜ਼ਾਂ ਨੂੰ ਹਸਪਤਾਲਾਂ ਵਿਚੋਂ ਛੁੱਟੀ ਮਿਲ ਸਕਦੀ ਹੈ।

## ਸਿੱਖੀ ਵਿਚ ਸ਼ਹਾਦਤ

ਸਿੱਖੀ ਵਿਚ ਸ਼ਹੀਦੀ ਦਰਜਾ ਪ੍ਰਾਪਤ ਕਰਨ ਸਬੰਧੀ ਇਕ ਹੋਰ ਵਚਿੱਤਰ ਗੱਲ ਇਹ ਹੈ ਕਿ ਏਸ ਦੀ ਸੰਭਾਵਨਾ ਨੇ ਗਹਿਰ ਗੰਭੀਰ ਬਜ਼ੁਰਗਾਂ ਤੋਂ ਲੈ ਕੇ ਮਨਚਲੇ ਨੌਜਵਾਨਾਂ, ਬੱਚਿਆਂ ਅਤੇ ਸਿੰਘਣੀਆਂ ਤੱਕ ਨੂੰ ਇਉਂ ਆਪਣੇ ਵੱਲ ਖਿੱਚਿਆ, ਜਿਵੇਂ ਮਿਕਨਾਤੀਸ ਲੋਹੇ ਨੂੰ ਖਿੱਚਦਾ ਹੈ। ਸ਼ਹੀਦੀ ਦਾ ਉੱਤਮ ਦਰਜਾ ਪ੍ਰਾਤਪ ਕਰਨ ਲਈ ਜਿੱਥੇ ਭਾਈ ਗਰਜਾ ਸਿੰਘ ਵਰਗੇ ਅਨਪੜ ਅਤੇ ਅਲੜ ਨੌਜਵਾਨ ਉਤਾਵਲੇ ਰਹੇ, ਉਥੇ ਸ੍ਰੀ ਦਸ਼ਮੇਸ਼ ਦੇ ਮੁਬਾਰਕ ਹੱਥਾਂ ਤੋਂ ਅੰਮ੍ਰਿਤ ਛਕਣ ਵਾਲੇ ਗੁਰੂ ਗ੍ਰੰਥ ਸਾਹਿਬ ਦਾ ਅਰਬੀ ਅਤੇ ਫਾਰਸੀ ਵਿਚ ਉਲੱਥਾ ਕਰਨ ਵਾਲੇ ਮਹਾਂ ਵਿਦਵਾਨ, ਸ਼ਾਂਤ ਸੁਭਾ, ਬਾਬਾ ਦੀਪ ਸਿੰਘ ਜੀ ਵੀ ਇਕ ਹੱਥ ਖੰਡਾ ਲੈ, ਦੂਜੇ 'ਤੇ ਸੀਸ ਰੱਖ ਕੇ ਜਾ ਜੂਝੇ। ਜਿਸ ਕੋਲੋਂ ਜਿਵੇਂ ਵੀ ਸੇਵਾ ਬਣ ਆਈ, ਕੀਤੀ। ਪ੍ਰੰਤੂ ਜਦੋਂ ਮਾਹੀ ਦੀ ਸੱਦ ਕੰਨੀ ਪਈ, ਵਿੱਚੇ ਕਲਮ ਛੱਡ ਕੇ, ਬਲਦਾਂ ਨੂੰ ਪੰਜਾਲੀਆਂ ਵਿਚ ਛੱਡ ਕੇ, ਮਹਿਲਾਂ ਦੇ ਸੁਖ ਤਿਆਗ ਕੇ ਜ਼ਾਲਮ ਦੀ ਤੇਗ ਨੂੰ ਜਾ ਗਲ਼ ਲਾਇਆ। ਪੰਜਵੇਂ ਪਾਤਿਸ਼ਾਹ ਹਜ਼ੂਰ ਤੋਂ ਲੈ ਕੇ ਭਾਈ ਅਮਰਜੀਤ ਸਿੰਘ ਤੱਕ ਸਭ ਸ਼ਹੀਦਾਂ ਮੁਰੀਦਾਂ ਦੇ ਮਨਾਂ ਵਿਚ ਸ਼ਹੀਦੀਆਂ ਪਾਉਣ ਦਾ ਚਾਅ ਪ੍ਰਤੱਖ ਦਿੱਸ ਆਉਂਦਾ ਹੈ।

ਸ਼ਹੀਦਾਂ ਨੂੰ ਪਾਏ ਪਰਚਿਆਂ ਤੋਂ ਪਤਾ ਲਗਦਾ ਹੈ ਕਿ ਜੇ ਉਹ ਚਾਹੁੰਦੇ ਤਾਂ ਸਦਾ ਆਪਣੀ ਜਾਨ ਬਚਾ ਸਕਦੇ ਹਨ। ਉਨਾਂ ਨੂੰ ਚੋਣ ਦਾ ਮੌਕਾ ਦਿੱਤਾ ਜਾਂਦਾ ਸੀ ਅਤੇ ਉਹ ਹਮੇਸ਼ਾ ਆਪਣੇ ਧਰਮ, ਆਪਣੀ ਅਣਖ, ਆਪਣੇ ਦਾਈਏ ਅਤੇ ਸ੍ਵੈਮਾਣ ਨੂੰ ਚੁਣਦੇ ਸਨ, ਫੋਕੀ ਸ਼ੋਹਰਤ, ਗੈਰਾਂ ਦਾ ਧਰਮ ਅਤੇ ਸਰਕਾਰੀ ਰੁਤਬੇ ਸੰਗਤ ਦੇ ਚਰਨਾਂ ਦੀ ਧੂੜ ਉੱਤੋਂ ਵਗਾਹ ਕੇ ਮਾਰਦੇ ਸਨ। ਉਨਾਂ ਦੀ ਕਥਨੀ ਅਤੇ ਕਰਨੀ ਵਿਚ ਫਰਕ ਨਹੀਂ ਸੀ ਹੁੰਦਾ ਅਤੇ ਉਹ ਕਿਸੇ ਸਮੇਂ ਮੁਤਾਬਕ ਪ੍ਰਵਾਣਿਤ ਬਾਣੀ ਨੂੰ ਜ਼ੁਬਾਨ ਉੱਤੇ ਲਿਆਉਣ ਦੇ ਵਿਚਾਰ ਨੂੰ ਮੁੱਢੋਂ ਹੀ ਜ਼ਹਿਰ ਜਾਣ ਕੇ ਨੇੜੇ ਨਹੀਂ ਸਨ ਫਟਕੜ ਦਿੰਦੇ। ਇਨਾਂ ਵਿਚਾਰਾਂ ਦੀ ਪੁਸ਼ਟੀ ਲਾਹੌਰ ਦੇ ਰਹਿਣ ਵਾਲੇ ਭਾਈ ਸੁਬੇਗ ਸਿੰਘ ਜੰਬਰ ਦੀ ਨਿਰਾਲੀ ਕਥਾ ਤੋਂ ਭਲੀ ਪ੍ਰਕਾਰ ਹੋ ਜਾਂਦੀ ਹੈ। ਇਨਾਂ ਦੇ ਵਡਿੱਕੇ ਤੀਜੀ ਪਾਤਿਸ਼ਾਹੀ ਵੇਲੇ ਸਿੱਖ ਬਣੇ ਸਨ। ਭਾਈ ਸੁਬੇਗ ਸਿੰਘ ਆਪਣੇ ਪਿਉ ਦਾਦੇ ਵਾਂਗ ਸਰਕਾਰੀ ਨੌਕਰ ਸਨ। ਇਨਾਂ ਦਾ ਇਕਲੌਤਾ ਲੜਕਾ ਸ਼ਾਹਬਾਜ਼ ਸਿੰਘ ਵੀ ਸਰਕਾਰੀ ਨੌਕਰੀ ਲਈ ਅਰਬੀ, ਫਾਰਸੀ ਦਾ ਇਲਮ ਗ੍ਰਹਿਣ ਕਰ ਰਿਹਾ ਸੀ। ਇਨਾਂ ਨੇ ਮੁਹੰਮਦ ਅਸਲਮ ਖਾਂ, ਦਲੇਰ ਜੰਗ ਅਤੇ ਖਾਨ ਬਹਾਦਰ ਜਕਰੀਆ ਖਾਂ ਵਰਗੇ ਜ਼ਾਲਮ ਅਤੇ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਸੂਬੇਦਾਰਾਂ ਅਧੀਨ ਵੀ ਉੱਚੇ ਅਹੁਦਿਆਂ ਉੱਤੇ ਪੂਰੀ ਵਫ਼ਾਦਾਰੀ ਨਾਲ ਨੌਕਰੀ ਕੀਤੀ, ਪ੍ਰੰਤੂ ਆਪਣੀ ਆਤਮਾ ਨੂੰ ਆਂਚ ਨਾ ਆਉਣ ਦਿੱਤੀ। ਕਈ ਪ੍ਰਮੁੱਖ ਸਿੱਖਾਂ ਦੀਆਂ ਸ਼ਹੀਦੀਆਂ ਆਪ ਦੇ ਲਾਹੌਰ ਦਾ ਕੋਤਵਾਲ ਹੁੰਦਿਆਂ ਹੋਈਆਂ ਸਨ। ਸੰਨ. 1733 ਈਸਵੀ ਵਿਚ ਜਦੋਂ ਆਪ ਸੂਬੇ ਵਲੋਂ ਨਵਾਬੀ ਦੀ ਖਿਲਤ ਲੈ ਕੇ ਅਕਾਲ ਤਖਤ ਉੱਤੇ ਪੇਸ਼ ਹੋਏ ਸਨ ਤਾਂ ਤੁਰਕ ਦਾ ਨੌਕਰ ਹੋਣ ਕਾਰਨ ਰਸਮੀ ਤਨਖਾਹ ਲਾਉਣ ਤੋਂਬਾਅਦ ਖ਼ਾਲਸੇ ਦੇ ਸਮੂਹ ਨੇ ਆਪਣਾ ਅੰਗ ਸਮਝ ਕੇ ਸਤਿਕਾਰਿਆ ਸੀ, ਏਸ ਲਈ ਕਿ ਉਨਾਂ ਦੀ ਆਤਮਾ ਗੰਗਾ ਜਲ ਵਾਂਗ ਪਵਿੱਤਰ ਸੀ ਅਤੇ ਗੁਰੂ ਉੱਤੇ ਉਨਾਂ ਦਾ ਨਿਸ਼ਚਾ ਦ੍ਰਿੜ ਸੀ। ਜਦੋਂ ਪਰਚਾ ਪਿਆ ਤਾਂ ਆਪ ਨੇ ਖ਼ਾਲਸੇ ਦੀ ਧਾਰਮਿਕ ਅਤੇ ਰਾਜਸੀ ਅਕੀਦਿਆਂ ਉੱਤੇ ਡਟ ਕੇ ਪਹਿਰਾ ਦਿੱਤਾ। ਜਦੋਂ ਆਪ ਨੂੰ ਸੁਝਾਅ ਦਿੱਤਾ ਗਿਆ ਕਿ ਕੇਵਲ ਕੁਲ ਰੱਖਣ ਖਾਤਰ ਆਪਣੇ ਬੱਚੇ ਨੂੰ ਸਿੱਖੀ ਤਿਆਗਣ ਦੀ ਇਜ਼ਾਜਤ ਦੇਣ ਤਾਂ ਆਪ ਨੇ ਬੜੇ ਹੌਂਸਲੇ ਨਾਲ ਕਿਹਾ,' ਹਮ ਕਾਰਣ ਗੁਰ ਕੁਲਹ ਗਵਾਈ। ਹਮ ਕੁਲ ਰਾਖੇ ਕਵਨ ਵਡਿਆਈ।' ਆਪਣੇ ਆਪ ਨੂੰ ਅਤੇ ਆਪਣੇ ਇਕਲੌਤੇ ਪੁੱਤਰ ਨੂੰ ਚਰਖੜੀ ਤੇ ਬੇਰਹਿਮ ਰੱਤ ਪੀਣੇ ਦੰਦਿਆਂ ਸਾਹਮਣੇ ਖੜੇ ਵੇਖ ਕੇ ਆਪ ਨੇ ਅਰਦਾਸ ਕੀਤੀ ਸੀ :

**ਧੰਨਯ ਘੜੀ ਸ ਧੰਨਯ ਚਰਖੜੀ, ਧੰਨਯ ਨਿਆਉਂ ਤੁਮਾਰਾ।**

**ਧਰਮ ਹੇਤ ਜੋ ਚੜੇ ਚਰਖੜੀ, ਧੰਨਯ ਵਜੂਦ ਹਮਾਰਾ।**

ਦੋਨੋਂ ਸਿੰਘ ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ, ਅਡੋਲ ਰਹਿ ਕੇ, ਸਿੱਖੀ ਨੂੰ ਸੰਪੂਰਨ ਕਰ ਗਏ। ਦੋਨੋਂ ਸੂਰਬੀਰ ਉਹ ਅਕਹਿ ਕਹਾਣੀ ਕਹਿ ਗਏ, ਜਿਸ ਨੂੰ ਲਫ਼ਜ਼ਾਂ ਵਿਚ ਨਹੀਂ ਕਿਹਾ ਜਾ ਸਕਦਾ। ਇਨਾਂ ਦੀ ਲਾ-ਮਿਸਾਲ ਸ਼ਹੀਦੀ ਦਾ ਮੁਕਾਬਲਾ ਕਿਸੇ ਹੱਦ ਤੱਕ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਮਾਸੂਮ ਬੇਟੇ ਅਜੈ ਸਿੰਘ ਦੀ ਸ਼ਹੀਦੀ ਨਾਲ ਹੀ ਕੀਤਾ ਜਾ ਸਕਦਾ ਹੈ।

ਇਨਾਂ ਬਿਦੇਹ ਸਿੰਘਾਂ ਦੀ ਸ਼ਹੀਦੀ ਵੇਖਦੇ ਹੋਏ ਭੱਟ ਦੇ ਵੀ ਦੰਦ ਜੁੜ ਗਏ ਅਤੇ ਉਹ ਕੇਵਲ ਏਨਾ ਹੀ ਕਹਿ ਸਕਿਆ, 'ਹੇਠਾਂ ਧਰਤੀ ਉੱਤੇ ਅੰਬਰ, ਵਿਚ ਫਿਰੇ ਸੁਬੇਗ ਸਿੰਘ ਜੰਬਰ।'

ਸ਼ਹਾਦਤ ਸੰਬੰਧੀ ਸਿੱਖੀ ਦੇ ਸਿਧਾਂਤ ਨੂੰ ਵਿਸਥਾਰ ਵਿਚ ਸਮਝਣ ਲਈ ਅਸਾਨੂੰ ਨੀਲੇ ਕੱਪੜਿਆਂ ਵਾਲੇ ਭੁਝੰਗੀ ਗੁਰਬਖਸ਼ ਸਿੰਘ ਨਿਹੰਗ ਦੀ ਕਥਾ ਚਿਤਾਰਨ ਦੀ ਲੋੜ ਹੈ। ਇਹ ਖੇਮਕਰਨ ਨੇੜੇ ਲੀਲ ਪਿੰਡ ਵਿਚ ਪੈਦਾ ਹੋਏ ਸਨ ਅਤੇ ਇਲਾਂ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ। ਪੰਥ ਪ੍ਰਕਾਸ਼ ਦੇ ਕਰਤਾ ਅਨੁਸਾਰ ਜ਼ਮਾਨਾ ਉਨਾਂ ਨੂੰ 'ਹਠੀ ਜਤੀ ਔ ਤਪੀ, ਦਾਤਾ ਪੂਰਾ ਸੂਰਾ' ਕਰਕੇ ਜਾਣਦਾ ਸੀ। ਉਨਾਂ ਦੀ ਮੁਰਦਾ ਰੂਹਾਂ ਵਿਚ ਜਾਨ ਪਾਉਣ ਵਾਲੀ ਸ਼ਹੀਦੀ 1 ਦਸੰਬਰ 1764 ਈਸਵੀ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹੱਲੇ ਦੌਰਾਨ ਹੋਈ ਸੀ।

ਅਬਦਾਲੀ, ਜਵਾਹਰ ਮੱਲ ਜਾਟ ਦੇ ਖਿਲਾਫ਼, ਨਜੀਬ ਖਾਂ ਦੀ ਮਦਦ ਵਾਸਤੇ ਆਇਆ ਹੋਇਆ ਸੀ। ਇਕ ਦਿਨ ਰਹਰਾਸਿ ਵੇਲੇ ਗੁਰੂ ਚਰਨਾਂ ਵਿਚ ਜੁੜੇ ਸਿੰਘਾਂ ਨੂੰ ਖ਼ਬਰ ਮਿਲੀ ਕਿ ਅਬਦਾਲੀ ਉਨਾਂ ਉੱਤੇ ਹਮਲਾ ਕਰਨ ਲਈ ਲਾਹੌਰੋਂ ਚੱਲ ਚੁੱਕਾ ਹੈ। ਡਟ ਕੇ ਰੜੇ ਮੈਦਾਨ ਵਿਚ ਮੁਕਾਬਲਾ ਕਰਨਾ ਮੁੱਠੀ ਭਰ ਸਿੰਘਾਂ ਵਾਸਤੇ ਕਿਸੇ ਪੱਖੋਂ ਵੀ ਯੁੱਧ ਨੀਤੀ ਨਹੀਂ ਸੀ। ਏਸ ਲਈ ਫੈਸਲਾ ਕੀਤਾ ਗਿਆ ਕਿ ਖ਼ਾਲਸਾ ਹਰਨ ਹੋ ਜਾਵੇ ਅਤੇ ਆਸੇ ਪਾਸੇ ਹੋ ਕੇ ਮੁਸੀਬਤ ਨੂੰ ਟਾਲ ਦੇਵੇ। ਗੁਰਮਤਾ ਪ੍ਰਵਾਨ ਹੋਣ ਤੋਂ ਬਾਅਦ ਭਾਈ ਗੁਰਬਖਸ਼ ਸਿੰਘ ਨਿਹੰਗ ਉਠ ਖੜੇ ਹੋਏ ਅਤੇ ਬੇਨਤੀ ਕੀਤੀ ਕਿ ਉਨਾਂ ਦੇ ਮਨ ਵਿਚ ਗੁਰੂ ਦੇ ਦੁਆਰ ਸ਼ਹੀਦ ਹੋਣ ਦੀ ਤੀਬਰ ਇੱਛਾ ਹੈ। ਏਸ ਲਈ ਪੰਥ ਗੁਰਮਤਾ ਉਨਾਂ ਸਿੰਘਾਂ ਉੱਤੇ ਲਾਗੂ ਨਾ ਕਰੇ, ਜੋ ਇਹ ਇੱਛਾ ਰੱਖਦੇ ਹਨ। ਪ੍ਰਵਾਨਗੀ ਮਿਲਣ 'ਤੇ ਉਨਾਂ ਨੇ ਇਉਂ ਵੰਗਾਰ ਪਾਈ :

**ਹੈ ਕੋਈ ਸਿੰਘ ਇਸ ਪੰਥ ਮਝਾਰ।**<br>
**ਲਾਇ ਸੀਸ ਕਰੇ ਦਰਗਾਹ ਪੁਕਾਰ।**<br>
**ਸੋ ਪੁਕਾਰ ਉਸ ਮੰਨੇ ਕਰਤਾਰ।**<br>
**ਹਠੀਆਂ ਤਪੀਆਂ ਜਪੀਆਂ ਜੋਇ।**<br>
**ਰਹਿਤਵਾਨ ਸਚਿਆਰ ਵੀ ਹੋਇ॥**<br>
**ਪਰਸਵਾਰਥ ਹਿੱਤ ਦੇਹਿ ਸੁ ਲਾਵੈ।**<br>
**ਵਾਂਗ ਤਾਰੂ ਸਿੰਘ ਤੁਰਕਨ ਗਲਾਵੈ।**

ਉਨਾਂ ਦੀ ਪੁਕਾਰ ਹਰ ਸਿੰਘ ਦੇ ਦਿਲ ਨੂੰ ਟੁੰਬ ਗਈ, ਪ੍ਰੰਤੂ ਅੰਤ ਵਿਚ ਕੇਵਲ ਤੀਹਾਂ ਨੂੰ ਹੀ ਗੁਰਮਤੇ ਦੀ ਛੋਟ ਦਿੱਤੀ ਗਈ। ਇਹ ਸਿੰਘ ਬੜੇ ਚਾਅ ਨਾਲ ਸ਼ਹੀਦੀ ਦੀ ਤਿਆਰੀ ਵਿਚ ਰੁਝ ਗਏ। ਸ਼ਹੀਦੀ ਵਾਲੇ ਦਿਨ ਇਨਾਂ ਨੇ ਇਸ਼ਨਾਨ ਕਰਕੇ ਨੀਲੇ, ਸਫੈਦ ਅਰ ਕੇਸਰੀ ਬਾਣੇ ਬਜਾਏ। ਉਹ ਸਰੀਰਾਂ ਉੱਤੇ ਅਤਰ, ਅੰਬੀਰ ਆਦਿ ਲਾ ਕੇ ਫੁੱਲਾਂ ਦੇ ਸਿਹਰੇ ਸਜਾ ਕੇ ਸ਼ਹੀਦ ਹੋਣ ਲਈ ਇਉਂ ਤਿਆਰ ਹੋਏ, ਜਿਵੇਂ ਕੋਈ ਲਾੜਾ ਸ਼ਗਨਾਂ ਦੇ ਗਾਨੈ ਬੰਨ ਕੇ ਲਾੜੀ ਵਰਨ ਲਈ ਜਾਂਦਾ ਹੈ। ਤੀਹ ਹਜ਼ਾਰ ਫੌਜ ਸਮੇਤ ਕੂਚ ਕਰਦੇ ਹੋਏ ਅਹਿਮਦ ਸ਼ਾਹ ਨੇ ਬੱਤੀ ਮੀਲ ਦੇ ਫਾਸਲੇ ਨੂੰ ਤਿੰਨ ਦਿਨਾਂ ਵਿਚ ਤੈਅ ਕੀਤਾ ਅਤੇ ਚੌਥੇ ਦਿਨ ਅੰਮ੍ਰਿਤਸਰ ਦੀ ਪਾਕ ਹਦੂਦ ਵਿਚ ਦਾਖ਼ਲ ਹੋਇਆ ਅਤੇ ਉਹ ਦਰਬਾਰ ਸਾਹਿਬ ਵੱਲ ਵਧਿਆ, ਜਿੱਥੇ ਕਿ ਉਸ ਦੀਆਂ ਅੱਖਾਂ ਦੇ ਸਾਹਮਣੇ ਹੀ ਉਸ ਦਾ ਆਪਣਾ ਨੜੋਆ ਤੀਹ ਸਿੰਘਾਂ ਦੇ ਚਰਨਾਂ ਦੀ ਖਾਕ ਵਿਚ ਰੁਲਣਾ ਸੀ। ਜੰਗਨਾਮਾ ਲਿਖਣ ਵਾਲਾ ਕਾਜ਼ੀ ਨੂਰ ਮੁਹੰਮਦ, ਜੋ ਏਸ ਮੁਹਿਮ ਵਿਚ ਅਬਦਾਲੀ ਦਾ ਹਮਰਕਾਬ ਸੀ, ਲਿਖਦਾ ਹੈ ਕਿ ਇਨਾਂ ਤੀਹ ਬੱਬਰ ਸ਼ੇਰਾਂ ਦੇ ਚਮਕਦੇ ਚਿਹਰਿਆਂ ਉੱਤੇ 'ਨਾ ਕਤਲੇਆਮ ਦਾ ਡਰ ਸੀ, ਨਾ ਮੌਤ ਦਾ ਭੈ।' ਇਉਂ ਇਨਾਂ ਤੀਹ ਸਨਮੁਖ ਸਿੰਘਾਂ ਨੇ ਜੁਗੋ ਜੁਗ ਅਟੱਲ ਸ੍ਰੀ ਅਕਾਲ ਤਖਤ ਅਤੇ ਭਗਤੀ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਦੇ ਸਾਂਝੇ ਅਹਾਤੇ ਵਿਚ ਮੌਤ ਨੂੰ ਠੱਠਾ ਕਰਦਿਆਂ ਸੂਰਮਗਤੀ ਪ੍ਰਾਪਤ ਕੀਤੀ। ਸ਼ਹੀਦੀ ਪ੍ਰਾਪਤ ਕਰਨ ਨਾਲ ਇਨਾਂ ਲਈ ਗੁਰੂ ਦਰਬਾਰ ਦੇ ਬੂਹੇ ਖੁਲ ਗਏ ਅਤੇ ਉਹ ਪੁਕਾਰ ਕਰਨ ਦੀ ਇਜਾਜ਼ਤ ਮਿਲ ਗਈ, ਜਿਸ ਦੀ ਤਮੰਨਾ ਲੈ ਕੇ ਇਨਾਂ ਨੇ ਸੀਸ ਲਾਇਆ ਸੀ। ਉਨਾਂ ਦੀ ਪੁਕਾਰ ਇਹ ਸੀ :

**ਪੰਜਾਬ ਦੌਲਤ ਯਾਹੀ ਤੇ ਸਿਖ ਖਾਹਿ। ਦਖਣੀ ਪਛਮੀ ਕਿਮ ਲੈ ਜਾਹਿ।**

**ਬਚਨ ਸਿੰਘ ਸੁਨ ਗੁਰ ਖੁਸ਼ ਭਏ। 'ਤਥਾ ਅਸਤ' ਸਤਿਗੁਰ ਬਚ ਕਹੈ॥**

ਗੁਰਬਖਸ਼ ਸਿੰਘ ਸ਼ਹੀਦ ਅਤੇ ਉਨਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਤੋਂ ਜ਼ਾਹਿਰ ਹੈ ਕਿ ਸ਼ਹੀਦੀ ਉਹੋ ਹੀ ਲੋਚ ਸਕਦਾ ਹੈ ਜੋ ਪੂਰਨ ਰਹਿਤਵਾਨ, ਨਿਰਵੈਰ, ਸਚਿਆਰ ਅਤੇ ਪਰਉਪਕਾਰੀ ਹੋਵੇ। ਸ਼ਹੀਦੀ ਵਾਸਤੇ ਮਨ ਵਿਚ ਚਾਅ ਅਤੇ ਖੇੜਾ ਜ਼ਰੂਰੀ ਹੈ, ਜਿਵੇਂ ਇਨਾਂ ਦੇ ਮਨਾਂ ਵਿਚ ਗੁਰੂ ਦਰਬਾਰ ਦੇ ਦਰਸ਼ਨਾਂ ਦਾ ਅਤੇ ਗੁਰੂ ਦੇ ਸਾਹਮਣੇ ਪੁਕਾਰ ਕਰਨ ਦਾ ਚਾਅ ਸੀ। ਸ਼ਹੀਦ ਉਹ ਹੈ ਜੋ ਮੋਰ ਵਾਂਗ ਪੈਲ ਪਾਉਂਦਾ ਤੇਗ ਦੇ ਜੌਹਰ ਵਿਖਾਵੇ। 'ਜਿਸ ਧੱਜ ਸੇ ਕੋਈ ਮਕਤਲ ਮੇਂ ਗਯਾ, ਵੁਹ ਸ਼ਾਨ ਸਲਾਮਤ ਰਹਿਤੀ ਹੈ। ਯਹ ਜਾਨ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ।' ਹਰ ਸ਼ਹੀਦੀ ਖ਼ਾਲਸੇ ਦੀ ਬਾਦਸ਼ਾਹੀ ਦੀ ਸਥਾਪਨਾ ਵਾਸਤੇ ਦਿੱਤੀ ਜਾਂਦੀ ਰਹੀ। ਰਾਜਸੀ ਸ਼ਕਤੀਆਂ ਸਿਰਜਣ ਵਾਲੇ ਗੁਰੂ ਪਰਮੇਸ਼ਰ ਦੇ ਦਰਬਾਰ ਵਿਚ ਸ਼ਹੀਦ ਦਾ ਮੌਜੂਦ ਹੋਣਾ ਹੀ ਪੱਕੀ ਗਵਾਹੀ ਹੈ ਕਿ ਸੰਸਾਰ ਦੇ ਸਬੰਧਤ ਖਿੱਤੇ ਵਿਚ ਰਾਜਸੀ ਨਿਜ਼ਾਮ ਭਰਿਸ਼ਟਿਆ ਜਾ ਚੁੱਕਾ ਹੈ ਅਤੇ ਸ਼ਹੀਦਾਂ ਵਰਗੀ ਪਵਿੱਤਰ ਆਤਮਾ ਵਾਲੇ ਇਨਸਾਨਾਂ ਦਾ ਜਿਊਣਾ ਮੁਹਾਲ ਹੋ ਚੁੱਕਿਆ ਹੈ ਅਤੇ ਧਰਮ ਕਰਮ ਅਸਲੋਂ ਸੰਭਵ ਨਹੀਂ। ਆਪਣੀ ਉੱਮਤ ਨੂੰ ਧਰਮ ਦੇ ਰਾਹ ਚੱਲਦਿਆਂ ਖੇੜੇ ਖੁਸ਼ੀਆਂ ਦਾ ਜੀਵਨ ਬਤੀਤ ਕਰਦੇ ਦੇਖਣ ਦਾ ਚਾਹਵਾਨ ਪਰਮਾਤਮਾ, ਸੰਸਾਰ ਸਿਰਜਣ ਦੇ ਆਸ਼ੇ ਦਾ ਵਿਰੋਧ ਅਤੇ ਮਨੁੱਖੀ ਜੀਵਨ ਦੇ ਮਨੋਰਥ ਦਾ ਅੰਤ ਹੁੰਦਾ ਵੇਖ ਕੇ, ਤੁਰੰਤ ਨਕਾਰਾ ਰਾਜਸੀ ਸ਼ਕਤੀ ਨੂੰ ਸੱਤਾਹੀਣ ਕਰ ਕੇ, ਨਵੇਂ ਨਿਜ਼ਾਮ ਦੀਆਂ ਜੜਾਂ ਪੱਕੀਆਂ ਕਰ ਦੇਂਦਾ ਹੈ। ਇੰਨ ਬਿੰਨ ਇਹੋ ਸਿਧਾਂਤ ਸਾਨੂੰ ਉਸ ਗੁਰਮਤੇ ਵਿਚ ਮਿਲਦਾ ਹੈ ਜੋ ਭਾਈ ਬੰਤਾ ਸਿੰਘ ਅਤੇ ਭਾਈ ਗਰਜਾ ਸਿੰਘ ਨੇ ਕੀਤਾ ਸੀ। 'ਅਬ ਈਹਾਂ ਕਿਛੁ ਦੰਗਾ ਮਚਾਈਏ, ਤੁਰਕਨ ਸਿਰ ਦੇ ਝੂਠੇ ਕਰਾਈਏ। ਫਿਰ ਖ਼ਾਲਸੇ ਦੀ ਚਰਚਾ ਹੋਇ, ਪਾਤਸ਼ਾਹੀ ਦਾਵਾ ਚਾਹੇ ਜੋਇ।' ਸ਼ਹੀਦੀ ਤੋਂ ਉਪਰੰਤ ਸ਼ਹੀਦ ਦੇ ਧਰਮ ਭਰਾਵਾਂ, ਸਹਿਯੋਗੀਆਂ, ਹਮਦਰਦਾਂ, ਪੈਰੋਕਾਰਾਂ ਦਾ ਫਰਜ਼ ਬਣਦਾ ਹੈ ਕਿ ਜੜਾਂ ਤੋਂ ਪੁੱਟੀ ਜਾ ਚੁੱਕੀ ਖੋਖਲੀ ਸ਼ਕਤੀ ਦਾ ਖੁਰਾ ਖੁਜ ਮਿਟਾ ਦੇਣ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਹਜ਼ੂਰ ਦਸਵੇਂ ਪਾਤਿਸ਼ਾਹ ਨੇ ਕਾਹੀ ਦੇ ਬੂਟੇ ਨੂੰ ਤੀਰ ਨਾਲ ਜੜੋਂ ਉਖੇੜ ਕੇ ਇਹੋ ਸਿਧਾਂਤ ਪ੍ਰਗਟ ਕੀਤਾ ਸੀ। ਏਸੇ ਲਈ ਸੱਚੇ ਪਾਤਿਸ਼ਾਹ ਹਜ਼ੂਰ ਨੇ ਮੁਗਲ ਰਾਜ ਦੀਆਂ ਸਫਾਂ ਵਲੇਟਣ ਦਾ ਕਾਰਜ ਸਿੰਘਾਂ ਨੂੰ ਨਾਂਦੇੜ ਵਿਚ ਸੌਂਪਿਆ ਸੀ। ਬੰਦਾ ਸਿੰਘ ਬਹਾਦਰ ਦੇ ਸ਼ੰਕੇ ਦੀ ਨਵਿਰਤੀ ਕਰਦਿਆਂ ਆਪ ਨੇ ਫੁਰਮਾਇਆ ਸੀ ਕਿ ਮੁਗਲਾਂ ਦੀ 'ਚੀਰੀ' ਹੁਣ ਦਰਗਾਹ ਵਿਚ ਪਾਟ ਚੁੱਕੀ ਹੈ-'ਜਿੰਨ, ਕੀ ਚੀਰੀ ਦਰਗਹ ਪਾਟੀ ਤਿਨਾ ਮਰਣਾ ਭਾਈ।''

ਇਸ ਵਿਚ ਰੰਚਕ ਮਾਤਰ ਸ਼ੱਕ ਨਹੀਂ ਕਿ ਸਿੱਖੀ ਵਿਚ ਸ਼ਹਾਦਤ ਪ੍ਰਾਪਤ ਕਰਨ ਦਾ ਮੁਢਲਾ ਅਤੇ ਇਕੋ ਇਕ ਮੰਤਵ ਖ਼ਾਲਸੇ ਦੀ ਰਾਜਸੀ ਸ਼ਕਤੀ ਸਥਾਪਤ ਕਰਨਾ ਹੁੰਦਾ ਹੈ ਤਾਂ ਕਿ ਜਾਤ ਪਾਤ, ਧਰਮ ਕਰਮ, ਰੰਗ ਰੂਪ ਆਦਿ ਦੇ ਭਰਮ ਭੇਦ ਨੂੰ ਭੁਲਾ ਕੇ ਸਾਰੇ ਮਨੁੱਖ ਸਰਬ ਸਾਂਝੇ ਰਾਜ ਵਿਚ ਸੁਖੀ ਰਹਿ ਸਕਣ ਅਤੇ ਆਪਣੇ ਅਕੀਦਿਆਂ ਅਨੁਸਾਰ ਪ੍ਰਮਾਤਮਾ ਦੀ ਪੂਜਾ ਬੇਖੌਫ਼ ਕਰ ਸਕਣ। ਕਿਸੇ ਨੂੰ ਅਜਾਈਂ ਮੌਤ ਮਰਨ ਦਾ ਡਰ ਨਾ ਰਹੇ ਅਤੇ ਸਭ ਇਸਤਰੀ, ਪੁਰਸ਼ ਨਿਡਰ ਹੋ ਵਿਚਰਨ, ਐਸੇ ਰਾਜ ਵਿਚ, ਜੋ ਮੁਕੰਮਲ ਤੌਰ 'ਤੇ ਧਰਮ ਨਿਰਪੱਖ ਹੋਵੇ, ਪ੍ਰੰਤੂ ਟੀਸੀ ਤੋਂ ਲੈ ਕੇ ਜੜਾਂ ਤੱਕ ਧਰਮ ਵਿਚ ਟੰਗਿਆ ਹੋਵੇ।

ਭਾਈ ਮਨੀ ਸਿੰਘ ਵਰਗੇ ਬਜ਼ੁਰਗ ਸੰਤ ਨੂੰ ਮੁਗਲ ਰਾਜ ਦੀਆਂ ਜੜਾਂ ਗਾਲਣ ਵਾਸਤੇ ਸ਼ਹੀਦੀ ਦੇਣੀ ਪਈ, ਕਿਉਂਕਿ ਅਨਿਆਂ ਉੱਤੇ ਆਧਾਰਤ ਜ਼ਾਲਮ ਨਿਜ਼ਾਮ ਵਿਚ ਅਣਖ ਦਾ ਜੀਵਨ, ਜਿਸ ਦਾ ਸਾਰਾ ਮਨੁੱਖ ਮਾਤਰ ਅਧਿਕਾਰੀ ਹੈ, ਉੱਕਾ ਸੰਭਵ ਨਹੀਂ ਸੀ। ਉਹ ਅਤੇ ਉਨਾਂ ਵਰਗੇ ਅਨੇਕ ਸਿੰਘ ਸਿਰ ਦੇ ਕੇ ਸਾਬਤ ਕਰ ਗਏ ਕਿ ਉਹ ਮੁਗਲ ਰਾਜ, ਜਿਸ ਵਿਚ ਹਠੀਆਂ, ਜਪੀਆਂ, ਤਪੀਆਂ, ਪਰਉਪਕਾਰੀ ਸੰਤਾਂ ਦੀਆਂ ਖੋਪਰੀਆਂ ਉਤਾਰੀਆਂ ਜਾਂਦੀਆਂ ਹਨ, ਬਦਲਣ ਦੇ ਕਾਬਲ ਹੈ। ਏਵੇਂ ਉਨਾਂ ਦੇ ਲਹੂ ਦੀ ਲਲਕਾਰ ਨੂੰ ਪੰਥ ਨੇ ਸਮਝਿਆ ਅਤੇ ਸ਼ਹੀਦੀਆਂ ਤੋਂ ਪ੍ਰਭਾਵਿਤ ਹੋ ਕੇ ਅਜਿਹਾ ਖੰਡਾ ਖੜਕਾਇਆ ਕਿ ਤਾਜਾਂ ਦਾ ਮੀਂਹ ਖ਼ਾਲਸੇ ਦੇ ਘੋੜਿਆਂ ਦੀਆਂ ਕਾਠੀਆਂ ਦੇ ਹੰਨਿਆਂ ਉੱਤੇ ਵਰਨ ਲੱਗਾ। ਅੰਗਰੇਜ਼ ਰਾਜ ਵਿਚ ਗੁਲਾਮੀ ਦੇ ਪਿੰਜਰੇ ਦੀ ਘੁਟਨ ਸਭ ਤੋਂ ਪਹਿਲਾਂ ਕੂਕੇ ਸਿੰਘਾਂ ਨੇ ਮਹਿਸੂਸ ਕੀਤੀ। ਤੋਪਾਂ ਦੇ ਮੂੰਹਾਂ ਸਾਹਮਣੇ ਖੜੋ ਕੇ ਉਨਾਂ ਦਾ ਐਲਾਨ ਸੀ, 'ਅਸੀਂ ਏਥੋਂ ਦੇ ਸ਼ਹਿਨਸ਼ਾਹ ਹਾਂ, ਸਾਡਾ ਹੁਕਮ ਏਥੇ ਚੱਲੇਗਾ। ਰਾਜ ਅਸਾਡਾ ਤੇ ਕੁਰਸੀ ਅਸਾਡੀ।' ਗੁਲਾਮੀ ਨੂੰ ਅਸਹਿ ਵੇਖ ਕੇ ਸਵੈਮਾਣ ਦੇ ਜੀਵਨ ਨੂੰ ਅਸੰਭਵ ਜਾਣ ਕੇ ਰਾਜ ਪਲਾਟ ਲਿਆਉਣ ਲਈ ਸ਼ਹੀਦੀਆਂ ਦੇਣ ਵਾਲੇ ਸੈਂਕੜੇ ਸਿੰਘਾਂ ਦਾ ਅੰਸ਼ਕ ਰੂਪ ਵਿਚ ਜਿਕਰ ਅਸੀਂ ਨਿੱਤ ਆਪਣੀ ਅਰਦਾਸ ਵਿਚ ਕਰਦੇ ਹਾਂ। ਇਨਾਂ ਸਿੰਘਾਂ ਨੇ ਗੋਲੀਆਂ ਖਾ ਕੇ, ਡਾਂਗਾਂ ਖਾ ਕੇ, ਗੱਡੀਆਂ ਅੱਗੇ ਸਿਰ ਦੇ ਕੇ ਇਹ ਸਾਬਤ ਕੀਤਾ ਕਿ ਜ਼ਾਲਮ ਅੰਗਰੇਜ਼ਾਂ ਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ। ਸਿੰਘਾਂ ਨੇ ਸਿਰ ਦੇ ਕੇ ਉਸ ਰਾਜ ਦੀ ਹਿੰਦੁਸਤਾਨ ਵਿਚੋਂ ਸਫ਼ ਵਲੇਟੀ ਜਿਸ ਉੱਤੇ ਸੂਰਜ ਕਦੇ ਨਹੀਂ ਸੀ ਡੁੱਬਦਾ।

ਸਰਹਿੰਦ ਦੀਆਂ ਨੀਹਾਂ ਵਿਚੋਂ ਉਗਮਿਆਂ, ਉਬਲਦੀਆਂ ਦੇਗਾਂ ਵਿਚ ਕੜਿਆ, ਡਾਂਗਾਂ ਦੀਆਂ ਸੇਮਾਂ ਦੀ ਛਾਵੇਂ ਪਲਿਆ ਸ਼ਹਾਦਤ ਸਬੰਧੀ ਸਿੱਖੀ ਦਾ ਇਹ ਅਸੂਲ ਸਦਾ ਧਰੂ ਤਾਰੇ ਵਾਂਗ ਚਮਕਦਾ ਰਿਹਾ। ਰੰਬੀਆਂ ਏਸ ਨੂੰ ਕੱਟ ਨਾ ਸਕੀਆਂ, ਚਰਖੀਆਂ ਦੇ ਦੰਦੇ ਏਸ ਕੋਲ ਆਉਂਦਿਆਂ ਹੀ ਖੁੰਡੇ ਹੋ ਗਏ। ਪਰ ਜਾਪਦਾ ਇਉਂ ਹੈ ਕਿ ਗਾਂਧੀ ਦੇ ਚਰਖੇ ਦੀ ਘੂਕਰ ਨੇ ਏਸ ਨੂੰ ਤਰੰਗੇ ਦਾ ਕਫ਼ਨ ਪਾ ਕੇ ਸਕਦਾ ਦੀ ਨੀਂਦ ਸੁਆ ਦਿੱਤਾ ਹੈ। ਵੱਡੇ ਸਾਹਿਬਜ਼ਾਦਿਆਂ ਦੇ ਪਾਕ ਖ਼ੂਨ ਨਾਲ ਚਮਕੌਰ ਦੀ ਗੜੀ ਦੀਆਂ ਕੰਧਾਂ ਉੱਤੇ ਉਕਰਿਆ ਇਹ ਅਸੂਲ ਅੱਜ ਕੌਮੀ ਯਾਦਦਾਸ਼ਤ ਦੀਆਂ ਹਨੇਰੀਆਂ ਗੁਫ਼ਾਵਾਂ ਵਿਚ ਉਸਲਵੱਟਾ ਲੈ ਰਿਹਾ ਹੈ।ਨਿੱਤ ਸੁਣਦੇ ਹਾਂ ਪੂਰਾਂ ਦੇ ਪੂਰ ਰਹਿਤਵਾਨ ਸੰਤਾਂ ਸਿੰਘਾਂ ਬਾਰੇ, ਜੋ ਮੁਕਾਬਲਿਆਂ ਵਿਚ ਸ਼ਹੀਦ ਹੋ ਚੁੱਕੇ ਹਨ। ਪ੍ਰੰਤੂ ਜਾਪਦਾ ਹੈ ਕਿ ਜੱਸਾ ਸਿੰਘ, ਕਪੂਰ ਸਿੰਘ ਅਤੇ ਮਹਾਂ ਸਿੰਘ ਦਾ ਖ਼ੂਨ ਕੌਮ ਦੀਆਂ ਰਗਾਂ ਵਿਚੋਂ ਸੁੱਕ ਚੁੱਕਾ ਹੈ, ਕਿਉਂਕਿ ਕਦੇ ਨਾਅਰਾ ਨਹੀਂ ਲਗਦਾ ਕਿ 'ਰੱਤ ਪੀਣੀ ਸਰਕਾਰ ਨਹੀਂ ਰਹਿਣੀ' ਅਤੇ 'ਰਾਜ ਕਰਨ ਦਾ ਕੇਵਲ ਖ਼ਾਲਸਾ ਹੀ ਅਧਿਕਾਰੀ ਹੈ'। ਕੋਈ ਨਹੀਂ ਕਹਿੰਦਾ ਕਿ ਜਿਨਾਂ ਨੂੰ ਖ਼ਾਲਸੇ ਨੇ ਬੇਓੜਕ ਕੁਰਬਾਨੀਆਂ ਦੇ ਕੇ ਤਖਤ ਉੱਤੇ ਬਿਠਾਇਆ ਸੀ, ਉਹ ਹੁਣ ਸਿੰਘਾਂ ਦੀ ਰੱਤ ਦੇ ਬੇਅੰਤ ਪਿਆਰੇ ਹਨ ਤਾਂ ਹੁਣ ਇਹ ਨਿਜ਼ਾਮ ਬਦਲਣਾ ਪੈਣਾ ਹੈ। ਗਾਂਧੀ ਦਾ ਤਾਂ 'ਫਰਜ਼' ਬਣਦਾ ਸਹੀ ਸੀ ਕਿ ਉਹ ਸਾਡੇ ਸਾਰੇ ਅਸੂਲਾਂ ਨੂੰ ਖੱਦਰ ਦੀਆਂ ਖਾਦਰਾਂ ਵਿਚ ਬੰਨ ਬੰਨ ਕੇ ਅਤੀਤ ਕਾਲ ਦੇ ਬੇਅੰਤ ਸਾਗਰਾਂ ਵਿਚ ਰੇੜ ਦਿੰਦਾ, ਪ੍ਰੰਤੂ ਕੀ ਤਲਵਾਰਾਂ ਦੀ ਛਾਵੇਂ ਪਲੇ, ਗੁਰੂ ਹਜ਼ੂਰ ਨੌਵੇਂ ਪਾਤਿਸ਼ਾਹ ਦੀ ਦੇਹਲੀ 'ਤੇ ਸਿਜਦਾ ਕਰਨ ਵਾਲੇ ਸਾਡੇ ਆਪਣੇ ਆਗੂਆਂ ਦਾ ਵੀ ਇਹ ਕਿਰਦਾਰ ਹੋਣਾ ਚਾਹੀਦਾ ਹੈ ਕਿ ਉਹ ਸਾਡੇ ਹੱਥ ਪੈਰ ਬੰਨ ਕੇ, ਕੁਰਬਾਨੀ ਦੇ ਬੱਕਰੇ ਬਣਾ ਬਣਾ ਕੇ, ਕਦੇ ਨਹਿਰੂ ਤੇ ਕਦੇ ਉਸ ਦੀ ਧੀ ਅੱਗੇ ਸੁੱਟਦੇ ਰਹਿਣ ਅਤੇ ਸਾਨੂੰ ਮੁਕੰਮਲ ਰਾਜਸੀ ਸੱਤਾ ਲੈਣ ਦੇ ਰਾਹ ਤੋਂ ਸਿਰ ਪਰ ਹੋ ਕੇ ਵਰਜਦੇ ਰਹਿਣ ਅਤੇ ਸੂਬੇਦਾਰੀਆਂ ਨੂੰ ਰਾਜ ਭਾਗ ਆਖ ਆਖ ਕੇ ਸਾਨੂੰ ਪਰਚਾਉਂਦੇ ਰਹਿਣ ?

**ਹਮ ਰਾਖਤ ਪਾਤਸ਼ਾਹੀ ਦਾਵਾ।**<br>
**ਜਾਂ ਇਤ ਕੋ ਜਾਂ ਅਗਲੇ ਪਾਵਾ।**<br>
**ਜੋ ਸਤਿਗੁਰ ਸਿਖਨ ਕਹੀ ਬਾਤ,**<br>
**ਹੋਗੁ ਸੋਈ ਨਹਿ ਖਾਲੀ ਜਾਤ।**<br>
**ਧਰੂ ਵਿਧਰਤ ਔ ਧਵਲ ਡੁਲਾਇ।**<br>
**ਸਤਿਗੁਰ ਬਚਨ ਨਾ ਖਾਲੀ ਜਾਇ।**<br>
**ਹਮ ਪਾਤਸ਼ਾਹੀ ਸਤਿਗੁਰ ਦਈ ਹੰਨੇ ਹੰਨੇ ਲਾਇ।**<br>
**ਜਹਿ ਜਹਿ ਬਹੈਂ ਜਮੀਨ ਮਲ ਤਹਿ ਤਹਿ ਤਖਤ ਬਨਾਇ॥**

ਸਾਹਿਬ ਨੌਵੇਂ ਪਾਤਿਸ਼ਾਹ ਹਜ਼ੂਰ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਹਜ਼ੂਰ ਦਸਵੇਂ ਪਾਤਿਸ਼ਾਹ ਨੇ ਦਿੱਲੀ ਦੇ ਸ਼ਹਿਨਸ਼ਾਹ ਨੂੰ ਲਿਖਿਆ ਸੀ, 'ਮੈਂ ਤੇਰੇ ਘੋੜਿਆਂ ਦੇ ਖੁਰਾਂ ਹੇਠ ਅਜਿਹੀ ਅੱਗ ਬਾਲਾਂਗਾ ਕਿ ਤੂੰ ਪੰਜਾਬ ਦੇ ਪਾਣੀਆਂ ਦਾ ਘੁੱਟ ਨਹੀਂ ਪੀ ਸਕੇਂਗਾ।'

ਚੁਨਾਂ ਆਤਸ਼ ਜ਼ੇਰੇ ਨਲਤ ਨਿਹ ਜਿ ਪੰਜਾਬ ਆਬਤ ਨਾ ਖੁਰਦਨ ਦਿਹਮ।

ਐ ਦਿੱਲੀ ਦੀ ਮਦਮਤੀ ਸਰਕਾਰ! ਸੁਣ, ਸਾਡੇ ਬਜ਼ੁਰਗਾਂ ਦੀ ਲਲਕਾਰ! ਅੱਜ ਭਾਈ ਫੌਜਾ ਸਿੰਘ ਤੋਂ ਲੈ ਕੇ ਭਾਈ ਕੁਲਵੰਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੇ ਖ਼ੂਨ ਦੀ ਲਲਕਾਰ ਹੈ ਅਤੇ ਕੱਲ ਨੂੰ ਹਰ ਨੌਜਵਾਨ ਦੇ ਦਿਲ ਦੀ ਇਹੋ ਆਵਾਜ਼ ਹੋਵੇਗੀ। ਸਾਡੇ ਕੁਰਸੀਆਂ ਦੇ ਭੁੱਖੇ ਲੀਡਰ ਵਿਚ ਪੈ ਕੇ ਤੈਨੂੰ ਬਚਾਅ ਨਹੀਂ ਸਕਣਗੇ। ਰੱਬੀ ਕਹਿਰ ਤੋਂ ਡਰ, ਸਿੰਘਾਂ ਦਾ ਲਹੂ ਪੀਣਾ ਬੰਦ ਕਰ ਅਤੇ ਧੋਖਿਆਂ, ਫਰੇਬਾਂ ਨਾਲ ਖੋਹਿਆ ਸਾਡਾ ਰਾਜਸੀ ਸੱਤਾ ਦਾ ਬਣਦਾ ਹੱਕ ਤੁਰੰਤ ਸਾਨੂੰ ਵਾਪਸ ਮੋੜ ਦੇ। ਇਹ ਲਲਕਾਰ ਇਸ ਲਈ ਹੈ ਕਿਉਂਕਿ ਸਿੰਘਾਂ ਨੂੰ ਭਰੋਸਾ ਹੈ ਗੁਰੂ ਦੇ ਬਚਨਾਂ ਵਿਚ ਕਿ :

**ਤਖਤ ਦਿੱਲੀ ਪਰ ਬਹੇਗੀ ਆਪ ਗੁਰਾਂ ਦੀ ਫਉਜ।**<br>
**ਚਵਰ ਝੁਲੇਂਗੇ ਸੀਸ ਪਰ ਬੜੀ ਕਰੇਂਗੇ ਮਉਜ।**

## ਸੀ.ਬੀ.ਆਈ ਦੀ ਬੇਅਦਬੀ...

ਉਹਨਾਂ ਮੌਜੂਦਾ ਮੋਦੀ ਸਰਕਾਰ ਉਤੇ ਦੋਸ਼ ਲਾਉਦਿਆਂ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ ਹੱਥ ਪੈਂਦਿਆਂ ਦੇਖ ਦਿੱਲੀ ਦੇ ਹੁਕਮਰਾਨਾਂ ਨੇ ਕੇਂਦਰ ਤੇ ਪੰਜਾਬ ਸਰਕਾਰਾਂ ਵਿੱਚ ਉਸ ਬਲਾਤਕਾਰੀ ਸਾਧ ਅਤੇ ਉਸ ਦੇ ਰਾਜਨੀਤਿਕ ਆਕਾਵਾਂ ਨੂੰ ਬਚਾਉਣ ਲਈ ਸੀ.ਬੀ.ਆਈ ਨੂੰ ਅੱਗੇ ਕਰਕੇ ਜਾਂਚ ਦੀ ਰਫਤਾਰ ਨੂੰ ਮੱਧਮ ਕਰਨ ਦੀ ਚਾਲ ਚੱਲੀ ਹੈ।

ਉਹਨਾਂ ਬਾਦਲ ਪਰਿਵਾਰ ਜਿਸਨੇ ਅਕਾਲੀ-ਭਾਜਪਾ ਸਰਕਾਰ ਦੌਰਾਨ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਵੋਟਾਂ ਲੈਣ ਖਾਤਿਰ ਗੁਰੂਡੰਮ ਦਾ ਪ੍ਰਪੰਚ ਚਲਾ ਰਹੇ ਸਿਰਸਾ ਡੇਰਾ ਨੂੰ ਸਿੱਖੀ ਸਿਧਾਤਾਂ ਅਤੇ ਗੁਰੁ ਸਾਹਿਬ ਦੇ ਅਦਬ-ਸਤਿਕਾਰ ਨਾਲ ਖਿਲਵਾੜ ਕਰਨ ਦੀ ਖੁੱਲ ਦੇ ਰੱਖੀ ਸੀ ਉਤੇ ਟਿਪਣੀ ਕਰਦਿਆਂ ਕਿਹਾ ਕਿ ਅਜਿਹੇ ਸਿਆਸਤਦਾਨ ਨਾ ਤਾਂ ਮੁਆਫੀ ਦੇ ਹੱਕਦਾਰ ਹਨ ਅਤੇ ਨਾ ਹੀ ਸਿੱਖ ਅਖਵਾਉਣ ਦੇ। ਜਥੇਬੰਦੀਆਂ ਦੇ ਆਗੂਆਂ ਨੇ ਸਪਸ਼ਟ ਕੀਤਾ ਕਿ ਮੁਜ਼ਾਹਰੇ ਮੌਕੇ ਕੋਰੋਨਾ ਮਹਾਂਮਾਰੀ ਦੇ ਚਲਦਿਆਂ ਸਰਕਾਰ ਵਲੋਂ ਜਾਰੀ ਨਿਯਮਾਂ ਦੀ ਪਾਲਣਾ ਕਰਦਿਆਂ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਸੀਮਤ ਹੋਵੇਗੀ ਅਤੇ ਜਿਸਮਨੀ ਦੂਰੀਆਂ ਦਾ ਧਿਆਨ ਰੱਖਿਆ ਜਾਵੇਗਾ।

## ਝੂਠੇ ਪੁਲਿਸ ਮੁਕਾਬਲਿਆਂ ਨੂੰ.

ਆਮ ਤੌਰ 'ਤੇ ਅਜਿਹਾ ਹੁੰਦਾ ਨਹੀਂ। ਇਸ ਮਾਮਲੇ ਵਿੱਚ ਜਿਹੜੀ ਐਫਆਈਆਰ ਦਰਜ ਕੀਤੀ ਜਾਵੇਗੀ, ਉਸ ਵਿੱਚ ਵਿਕਾਸ ਦੂਬੇ ਮੁਲਜ਼ਮ ਅਤੇ ਆਈਪੀਸੀ ਦੀ ਧਾਰਾ 302 ਦੀ ਥਾਂ 307 ਲਗਾਈ ਜਾਵੇਗੀ। ਸਿੱਧੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ, ਆਈਪੀਸੀ ਦੀ ਧਾਰਾ 302 ਕਿਸੇ ਦੀ ਮੌਤ ਤੋਂ ਬਾਅਦ ਲਗਾਈ ਜਾਂਦੀ ਹੈ ਪਰ ਆਈਪੀਸੀ ਦੀ ਧਾਰਾ 307 ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਵਰਗੇ ਖ਼ਤਰਨਾਕ ਅਪਰਾਧ ਵਿੱਚ ਲਗਾਇਆ ਜਾਂਦਾ ਹੈ। ਅਜਿਹੇ ਐਨਕਾਊਂਟਰ ਸਹੀ ਨਹੀਂ ਹਨ, ਇਹ ਸਾਬਤ ਕਰਨ ਦੀ ਸਾਰੀ ਜ਼ਿੰਮੇਵਾਰੀ, ਮਾਰੇ ਗਏ ਵਿਅਕਤੀ ਦੇ ਪਰਿਵਾਰ 'ਤੇ ਪੈਂਦੀ ਹੈ ਅਤੇ ਇਸ ਲਈ ਕੋਈ ਵੀ ਇਸ ਕੇਸ ਨੂੰ ਅੱਗੇ ਨਹੀਂ ਵਧਾਉਂਦਾ ਹੈ। ਇਸ਼ਰਤ ਜਹਾਂ ਕੇਸ ਵਿਚ ਉਨਾਂ ਦੀ ਮਾਂ ਨੇ ਅਜਿਹੀ ਕੋਸ਼ਿਸ਼ ਕੀਤੀ ਸੀ। ਗੁਜਰਾਤ ਹਾਈ ਕੋਰਟ ਗਈ। ਵਿਸ਼ੇਸ਼ ਟੀਮ ਬਣਾਈ, ਅਦਾਲਤ ਨੇ ਮਾਨੀਟਰ ਕੀਤਾ। ਫਿਰ ਕੇਸ ਸੀਬੀਆਈ ਦੇ ਹਵਾਲੇ ਕਰ ਦਿੱਤਾ ਗਿਆ। ਸੀਬੀਆਈ ਨੇ ਸਾਰੇ ਪੁਲਿਸ ਕਰਮਚਾਰੀਆਂ ਖਿਲਾਫ ਚਾਰਜਸ਼ੀਟ ਦਾਇਰ ਕੀਤੀ। ਅਸੀਂ ਸਾਰੇ ਅੱਗੇ ਦੀ ਕਹਾਣੀ ਜਾਣਦੇ ਹਾਂ।

ਪੁਲਿਸ ਵਾਲੇ ਅਕਸਰ ਇਹ ਦਾਅਵਾ ਕਰਦੇ ਹੋਏ ਇਨਾਂ ਮੁਕਾਬਲਿਆਂ ਨੂੰ ਜਾਇਜ਼ ਠਹਿਰਾਉਂਦੇ ਹਨ ਕਿ ਕੁਝ ਖਤਰਨਾਕ ਅਪਰਾਧੀ ਹਨ ਜਿਨਾਂ ਵਿਰੁੱਧ ਕੋਈ ਵੀ ਗਵਾਹੀ ਦੇਣ ਦੀ ਹਿੰਮਤ ਨਹੀਂ ਕਰਦਾ, ਅਤੇ ਇਸ ਲਈ ਝੂਠੇ 'ਮੁਕਾਬਲੇ' ਉਨਾਂ ਨਾਲ ਨਜਿੱਠਣ ਦਾ ਇਕੋ ਇਕ ਤਰੀਕਾ ਹੈ.ਹਾਲਾਂਕਿ, ਅਸਲੀਅਤ ਇਹ ਹੈ ਕਿ ਇਹ ਇਕ ਖ਼ਤਰਨਾਕ ਵਿਚਾਰ ਹੈ ਅਤੇ ਇਸ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ ਤੇ ਕਿਸੇ ਬੇਗੁਨਾਹ ਨੂੰ ਵੀ ਪੁਲੀਸ ਮੁਕਾਬਲੇ ਵਿਚ ਮਾਰਿਆ ਜਾ ਸਕਦਾ ਹੈ ਜਿਵੇਂ ਪੰਜਾਬ ਵਿਚ ਤੇ ਕਸ਼ਮੀਰ ਵਿਚ ਹੋਇਆ। ਪੁਲਿਸ ਵਾਲੇ ਜੋ ਸੋਚਦੇ ਹਨ ਕਿ ਉਹ 'ਐਨਕਾਉਂਟਰ' ਦੇ ਨਾਂ 'ਤੇ ਲੋਕਾਂ ਨੂੰ ਮਾਰ ਸਕਦੇ ਹਨ ਅਤੇ ਇਸ ਤੋਂ ਭੱਜ ਜਾਂਦੇ ਹਨ, ਉਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਫਾਂਸੀ ਉਨਾਂ ਦੀ ਵੀ ਉਡੀਕ ਕਰ ਰਹੀ ਹੈ।''

**ਜਸਟਿਸ ਮਾਰਕੰਡੇ ਕਾਟਜੂ,**<br>
**ਸਾਬਕਾ ਜੱਜ ਸੁਪਰੀਮ ਕੋਰਟ**

## ਸ੍ਰੀ ਹਰਿਕ੍ਰਿਸ਼ਨ ਧਿਆਈਐ...

ਰਾਮ ਰਾਇ ਦੀਆਂ ਸ਼ਿਕਾਇਤਾਂ ਦੇ ਅਸਰ ਕਾਰਣ ਅਤੇ ਕੁੱਝ ਆਪਣੇ ਮਨ ਦੇ ਤੌਖਲੇ ਨੂੰ ਮਿਟਾਉਣ ਖਾਤਿਰ ਉਸ ਵਕਤ ਦੇ ਹਾਕਮ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖਾਸ ਅਫਸਰ ਮਿਰਜ਼ਾ ਜੈ ਸਿੰਘ ਦੀ ਡਿਊਟੀ ਲਗਾਈ ਜੋ ਗੁਰੂ ਘਰ ਪ੍ਰਤੀ ਕੁੱਝ ਸਤਿਕਾਰਤ ਭਾਵਨਾ ਰੱਖਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਵਕਤ ਦੇ ਕੁੱਝ ਮੁੱਖੀ ਸਿੱਖਾਂ ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਅਤੇ ਕੁੱਝ ਹੋਰ ਸਲਾਹਕਾਰਾਂ ਨਾਲ ਸਲਾਹ ਕੀਤੀ ਤਾਂ ਉਨਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਇਸ ਹਾਮੀ ਵਜੋਂ ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਤਾਂ ਹੋ ਗਏ ਪਰ ਉਨਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫੈਸਲਾ ਵੀ ਸੁਣਾ ਦਿੱਤਾ। ਸੰਗਤਾਂ ਨੇ ਗੁਰੂ ਸਾਹਿਬ ਦੇ ਫੈਸਲੇ ਤੇ ਆਪਣੀ ਮੋਹਰ ਲਗਾ ਦਿੱਤੀ।

ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਅਤੇ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਭਾਈ ਗੁਰਬਖਸ਼ ਸਿੰਘ, ਭਾਈ ਮਨੀ ਸਿੰਘ, ਪੰਜਾਬਾ ਮਸੰਦ, ਭਾਈ ਦਿਆਲਾ ਜੀ, ਮੁਨਸ਼ੀ ਸੰਗਤੀਆਂ, ਦੀਵਾਨ ਸਤੀ ਰਾਮ ਅਤੇ ਹੋਰ ਸੰਗਤਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਜਿਥੇ ਸੰਗਤਾਂ ਨੂੰ ਖੁੱਲੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ, ਉਥੇ ਗੁਰੂ ਨਾਨਕ ਦੇ ਘਰ ਦਾ (ਸਾਂਝੀਵਾਲਤਾ) ਸੰਦੇਸ਼ ਵੀ ਦੇਈ ਜਾ ਰਹੇ ਸਨ।

ਦਿੱਲੀ ਦਾ ਸਫਰ ਤਹਿ ਕਰਦਿਆਂ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰੇ ਪਹੁੰਚੇ ਤਾਂ ਇਥੋਂ ਦਾ ਇਕ ਹੰਕਾਰੀ ਪੰਡਤ ਸੰਗਤਾਂ ਨੂੰ ਕਹਿਣ ਲੱਗਾ ਕਿ "ਤੁਹਾਡੇ ਗੁਰੂ ਜੀ ਆਪਣੇ ਆਪ ਨੂੰ ਹਰਿਕ੍ਰਿਸ਼ਨ ਕਹਾਉਂਦੇ ਹਨ। ਦੁਆਪਰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣੇ ਸਮੇਂ ਵਿਚ ਗੀਤਾ ਲਿਖੀ ਸੀ ਜੇਕਰ ਤੁਹਾਡੇ ਗੁਰੂ ਸੱਚਮੁਚ ਹੀ ਪਹੁੰਚੇ ਹੋਏ ਹਨ ਤਾਂ ਇਕ ਗੀਤਾ ਦੇ ਅਰਥ ਕਰਕੇ ਦਿਖਾ ਦੇਣ।" ਇਹ ਗੱਲ ਜਦੋਂ ਗੁਰੂ ਸਾਹਿਬ ਕੋਲ ਆਈ ਤਾਂ ਉਨਾਂ ਨੇ ਪੰਡਿਤ ਨੂੰ ਕਿਹਾ ਕਿ "ਭਾਈ ! ਮੇਰੇ ਅਰਥ ਕਰਨ ਨਾਲ ਹੋ ਸਕਦਾ ਹੈ ਕਿ ਤੇਰੀ ਤਸੱਲੀ ਨਾ ਹੋਵੇ ਤੂੰ ਜੇਕਰ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ ਦਾ ਨਜ਼ਾਰਾ ਤੱਕਣਾ ਹੈ ਤਾਂ ਇਸ ਕਸਬੇ ਦੇ ਕਿਸੇ ਵਿਅਕਤੀ ਨੂੰ ਜਿਸ ਨੂੰ ਤੂੰ ਸਭ ਤੋਂ ਵੱਧ ਮੂਰਖ ਸਮਝਦਾ ਹੈ, ਲੈ ਕੇ ਮੇਰੇ ਕੋਲ ਆ ਜਾ, ਉਹ ਵਿਅਕਤੀ ਹੀ ਤੇਰੇ ਸ਼ੰਕਿਆਂ ਨੂੰ ਨਵਿਰਤ ਕਰ ਦੇਵੇਗਾ।

ਪੰਡਿਤ ਇਕ ਛੱਜੂਨਾਮਕ ਝੀਊਰ ਨੂੰ ਗੁਰੂ ਸਾਹਿਬ ਕੋਲ ਲੈ ਆਇਆ। ਇਹ ਝੀਊਰ ਜਮਾਂਦਰੂ ਗੂੰਗਾ ਸੀ। ਬਾਬੇ ਨਾਨਕ ਦੀ ਰਹਿਮਤ ਸਦਕਾ ਛੱਜੂ ਇਕ ਸੁਲਝੇ ਹੋਏ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰਨ ਲੱਗ ਪਿਆ। ਇਸ ਵਰਤਾਰੇ ਨਾਲ ਜਿਥੇ ਪੰਡਿਤ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਉਥੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦੇ ਮਾਣ-ਸਤਿਕਾਰ ਵਿੱਚ ਵੀ ਚੋਖਾ ਵਾਧਾ ਹੋ ਗਿਆ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀਆਂ ਸੰਗਤਾਂ ਨੇ ਉਨਾਂ ਦਾ ਭਰਪੂਰ ਸਵਾਗਤ ਕੀਤਾ। ਉਸ ਨੇ ਗੁਰੂ ਸਾਹਿਬ ਦਾ ਪੜਾਅ ਵੀ ਆਪਣੇ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਨਾਨਕ ਜੋਤ ਨੂੰ ਪਰਖਣ ਦੀ ਠਾਣ ਲਈ। ਉਸ (ਰਾਣੀ) ਨੇ ਅਮੀਰ ਘਰਾਣਿਆਂ ਦੀਆਂ ਕੁੱਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਅਤੇ ਕਹਿਣ ਲੱਗੀ ਕਿ, "ਜੇਕਰ ਗੁਰੂ ਅੰਤਰਜ਼ਾਮੀ ਹੋਵੇਗਾ ਤਾਂ ਉਹ ਸਿਰਫ ਮੇਰੀ ਹੀ ਗੋਦ ਵਿੱਚ ਬੈਠੇਗਾ।" ਗੁਰੂ ਸਾਹਿਬ ਬਾਕੀ ਦੀਆਂ ਸਾਰੀਆਂ ਔਰਤਾਂ ਕੋਲੋਂ ਲੰਘ ਕੇ ਰਾਣੀ ਦੀ ਗੋਦ ਵਿੱਚ ਜਾ ਬੈਠੇ। ਰਾਣੀ ਨੇ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਸ਼ਰਧਾ ਦੇ ਹੰਝੂ ਵਹਿਣ ਲੱਗ ਪਏ।

ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵਾਂਗ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਕਿਸਮ ਦਾ ਬਾਦਸ਼ਾਹ ਹੈ ਅਤੇ ਗੁਰੂ ਨਾਨਕ ਦਾ ਘਰ ਕੇਵਲ ਤੇ ਕੇਵਲ ਧਰਮੀ ਬੰਦਿਆਂ ਦੀ ਹੀ ਤਰਫਦਾਰੀ ਕਰਦਾ ਹੈ। ਇਸ ਲਈ ਸਾਡਾ ਅਤੇ ਬਾਦਸ਼ਾਹ ਦਾ ਮਿਲਾਪ ਉਚਿਤ ਨਹੀਂ ਹੈ। ਇਥੋਂ ਤੱਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਾਉਣ ਹਿੱਤ ਕਈ ਬੇਸ਼ਕੀਮਤੀ ਤੋਹਫੇ ਵੀ ਭੇਜੇ ਪਰ ਸਾਧ ਬਚਨ ਅਟੱਲ ਹੀ ਰਹੇ। ਗੁਰੂ ਜੀ ਨੇ ਫਾਰਸੀ ਲਿਪੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਝ ਕੀ ਵਾਰ ਦਾ ਇਹ ਸਲੋਕ ਵੀ ਔਰੰਗਜ਼ੇਬ ਨੂੰ ਭੇਜਿਆ :-

'ਕਿਆ ਖਾਧੈ ਕਿਆ ਪੈਧੇ ਹੋਇ ਜਾ ਮਨਿ ਨਾਹੀ ਸਚਾ ਸੋਇ॥

ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ॥

ਕਿਆ ਕਪੜੁ, ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥

ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿੱਲੀ ਪਹੁੰਚੇ ਤਦ ਉਸ ਸਮੇਂ ਉਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬੀਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ ਕੇ ਵਰਤੋਂ ਕੀਤੀ। ਉਨਾਂ ਦੀ ਆਪਣੀ ਆਯੂ ਵੀ ਅਜੇ 8 ਕੁ ਸਾਲ ਦੀ ਹੀ ਸੀ। ਇਸ ਆਯੂ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ। ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਸਿੱਟੇ ਵਜੋਂ ਆਪ ਜੀ ਦੀ ਸਿਹਤ ਨੂੰ ਵੀ ਚੇਚਕ ਦੀ ਨਾਮੁਰਾਦ ਬੀਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ। ਤੇਜ਼ਬੁਖਾਰ ਹੋਣ ਕਰਕੇ ਆਪ ਜੀ ਨੂੰ ਆਪਣਾ ਅੰਤਲਾ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ।

ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਜਮਨਾ ਨਦੀ ਕਿਨਾਰੇ ਇਕ ਖੁੱਲੀ ਥਾਂ ਤੇ ਡੇਰਾ ਜਾ ਲਾਇਆ। ਇਧਰ ਜਦੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਪਣੇ ਗੁਰੂ ਸਾਹਿਬ ਦੇ ਬੀਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀਆਂ।

ਸੰਗਤਾਂ ਨੂੰ ਸੰਬੋਧਨ ਕਰਕੇ ਆਪ ਜੀ ਨੇ ਕਿਹਾ ਕਿ ਸਰੀਰਾਂ ਦੇ ਮਿਲਾਪ ਥੋੜ-ਚਿਰੇ ਹੁੰਦੇ ਹਨ, ਪਰ ਗੁਰ ਉਪਦੇਸ਼ ਸਦੀਵੀ ਹੁੰਦਾ ਹੈ। ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰ ਉਪਦੇਸ਼ ਨੂੰ ਅਪਨਾਉਣ ਅਤੇ ਕਮਾਉਣ ਦੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਵਾਂ ਵਾਰਿਸ (ਗੁਰੂ) ਬਾਬੇ ਬਕਾਲੇ ਵਿਚ ਰਹਿੰਦਾ ਹੈ। ਅਖੀਰ 30 ਮਾਰਚ 1664 ਈ (ਸੰਮਤ 1721) ਨੂੰ ਗੁਰੂ ਜੀ ਜਮਨਾ ਦੇ ਕੰਢੇ ਜੋਤੀ ਜੋਤ ਸਮਾ ਗਏ।

## ਵਿਦਿਅਕ ਅਦਾਰਿਆਂ ਤੇ...

ਦਸਵੀਂ ਜਮਾਤ ਦੇ ਸਮਾਜਿਕ ਸਾਇੰਸ ਵਿਸ਼ੇ ਵਿੱਚੋਂ 'ਲੋਕਤੰਤਰ ਤੇ ਵਿਭਿੰਨਤਾ', 'ਧਰਮ ਤੇ ਜਾਤ', 'ਸੰਘਰਸ਼ ਤੇ ਅੰਦੋਲਨ', 'ਜੰਗਲ ਤੇ ਜੰਗਲੀ ਜਾਨਵਰ' ਆਦਿ ਚੈਪਟਰ ਹਟਾ ਦਿੱਤੇ ਗਏ ਹਨ। ਇਸੇ ਤਰਾਂ ਗਿਆਰਵੀਂ ਜਮਾਤ ਦੀ ਕਿਤਾਬ ਵਿੱਚੋਂ ਕਿਸਾਨ, ਜ਼ਿਮੀਦਾਰ ਤੇ ਰਾਜ, ਬਟਵਾਰੇ ਤੇ ਦੇਸ਼ ਵਿੱਚ ਕਿਸਾਨਾਂ ਦੇ ਵਿਦਰੋਹਾਂ ਬਾਰੇ ਲੇਖ 'ਦੀ ਬੰਬੇ ਡੈੱਕਨ 'ਤੇ 'ਦੀ ਡੈੱਕਨ ਰਾਈਟਸ ਕਮਿਸ਼ਨ' ਨੂੰ ਵੀ ਹਟਾ ਦਿੱਤਾ ਗਿਆ ਹੈ। ਜੇਕਰ ਧਿਆਨ ਨਾਲ ਵਾਚਿਆ ਜਾਵੇ ਤਾਂ ਜਿਹੜੇ ਚੈਪਟਰ ਹਟਾਏ ਗਏ ਹਨ, ਉਹ ਭਾਰਤ ਦੇ ਲੋਕਤੰਤਰੀ ਪ੍ਰਬੰਧ ਦਾ ਆਧਾਰ ਹਨ। ਸੱਚ ਇਹ ਵੀ ਹੈ ਕਿ ਇਹ ਚੈਪਟਰ ਆਰ ਐੱਸ ਐੱਸ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੇ ਤੇ ਸਮੇਂ-ਸਮੇਂ ਉੱਤੇ ਸੰਘ ਦੇ ਵਿਚਾਰਕ ਤੇ ਪ੍ਰਮੁਖ ਨੇਤਾ ਇਨਾਂ ਦਾ ਲਗਾਤਾਰ ਵਿਰੋਧ ਕਰਦੇ ਰਹੇ ਹਨ। ਨੌਂਵੀ, ਦਸਵੀਂ ਤੇ ਗਿਆਰਵੀਂ ਦੇ ਵਿਦਿਆਰਥੀ, ਜਿਨਾਂ ਨੂੰ ਧਰਮ-ਨਿਰਪੱਖਤਾ, ਗੁਆਂਢੀ ਦੇਸ਼ਾਂ ਨਾਲ ਭਾਰਤ ਦੇ ਸੰਬੰਧਾਂ ਅਤੇ ਅਜ਼ਾਦੀ ਦੀ ਲੜਾਈ ਦੌਰਾਨ ਹੋਏ ਵੱਖ-ਵੱਖ ਅੰਦੋਲਨਾਂ ਬਾਰੇ ਨਹੀਂ ਪੜਾਇਆ ਜਾਵੇਗਾ। ਇਸ ਤੋਂ ਜ਼ਾਹਿਰ ਹੈ ਕਿ ਆਰ ਐਸ ਐਸ ਆਪਣੀ ਮਨੂਵਾਦੀ ਵਿਚਾਰਧਾਰਾ ਲਾਗੂ ਕਰਨਾ ਚਾਹੁੰਦੀ ਹੈ ਤਾਂ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਸਥਾਪਤ ਕੀਤਾ ਜਾਵੇ ਤੇ ਸੰਵਿਧਾਨ ਵਿਚ ਅਦਲਾ ਬਦਲੀ ਕਰਕੇ ਜਮਹੂਰੀਅਤ ਨੂੰ ਖਤਮ ਕਰ ਦਿੱਤਾ ਜਾਵੇ। ਸੰਘ ਪਰਿਵਾਰ ਬਿਲਕੁਲ ਹਿਟਲਰ ਦੇ ਚੇਲੇ 'ਗੋਇਬਲਜ਼' ਦੀ ਉਸ ਥਿਊਰੀ 'ਤੇ ਚੱਲ ਰਿਹਾ ਹੈ, ਜਿਸ ਆਧਾਰ 'ਤੇ ਹਿਟਲਰ ਨੇ ਐਲਾਨ ਕੀਤਾ ਸੀ ਕਿ ਜਰਮਨ ਜਰਮਨੀਆਂ ਦੇ ਲਈ ਤੇ ਭਾਰਤ ਦੇ ਹਿੰਦੂ ਰਾਸ਼ਟਰਵਾਦੀ ਇਹੀ ਐਲਾਨ ਕਰ ਰਹੇ ਹਨ ਕਿ ਭਾਰਤ ਹਿੰਦੂਆਂ ਦਾ ਰਾਸ਼ਟਰ ਹੈ।

### ਸੰਘ ਦੇ ਚੇਲਿਆਂ ਦੀਆਂ ਨਿਯੁਕਤੀਆਂ

ਮੋਦੀ ਸਰਕਾਰ ਨੇ ਹਾਲ ਹੀ ਵਿਚ ਵਿਦਿਅਕ ਤੇ ਸੱਭਿਆਚਾਰਕ ਅਦਾਰਿਆਂ ਵਿਚ ਜਿਹੜੀਆਂ ਨਿਯੁਕਤੀਆਂ ਕੀਤੀਆਂ ਹਨ, ਉਨਾਂ ਵਿਚੋਂ ਬਹੁਤੇ ਆਰ ਐੱਸ ਐੱਸ ਨਾਲ ਜੁੜੇ ਲੋਕ ਹਨ। ਹੁਣੇ ਜਿਹੇ ਕਾਂਗਰਸ ਆਗੂ ਗੌਰਵ ਵੱਲਭ ਨੇ ਇਨਾਂ ਨਿਯੁਕਤੀਆਂ 'ਤੇ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਕੀ ਇਹ ਲੋਕ ਇਨਾਂ ਅਹੁਦਿਆਂ ਲਈ ਯੋਗ ਨਹੀਂ ਹਨ। ਸੰਘ ਪਰਿਵਾਰ ਇਨਾਂ ਨੂੰ ਆਪਣੀ ਕੱਠਪੁਤਲੀ ਬਣਾ ਕੇ ਆਪਣਾ ਭਗਵਾਂ ਏਜੰਡਾ ਸਥਾਪਿਤ ਕਰੇਗਾ। ਇਸ ਤੋਂ ਜ਼ਾਹਿਰ ਹੈ ਕਿ ਇਨਾਂ ਅਦਾਰਿਆਂ ਨੂੰ ਭਾਜਪਾ ਦੇ ਨਾਲ ਹੀ ਆਰ ਐੱਸ ਐੱਸ ਦੇ ਹੈੱਡਕੁਆਰਟਰ ਨਾਗਪੁਰ ਤੋਂ ਕੰਟਰੋਲ ਕੀਤਾ ਜਾਵੇਗਾ। ਪ੍ਰਸਾਰ ਭਾਰਤੀ ਰਿਕਰੂਟਮੈਂਟ ਬੋਰਡ ਦਾ ਚੇਅਰਪਰਸਨ ਜਗਦੀਸ਼ ਉਪਾਸਨੇ ਨੂੰ ਲਾਇਆ ਗਿਆ ਹੈ। ਭਾਰਤ ਪ੍ਰਕਾਸ਼ਨ ਦੇ ਡਾਇਰੈਕਟਰ ਉਪਾਸਨੇ ਇਸ ਤੋਂ ਪਹਿਲਾਂ ਮਾਖਨ ਲਾਲ ਚਤੁਰਵੇਦੀ ਨੈਸ਼ਨਲ ਯੂਨੀਵਰਸਿਟੀ ਆਫ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੇ ਵਾਈਸ ਚਾਂਸਲਰ ਰਹਿ ਚੁੱਕੇ ਹਨ। ਜਦੋਂ ਮੱਧ ਪ੍ਰਦੇਸ਼ ਵਿਚ ਕਮਲਨਾਥ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਬਣੀ ਤਾਂ ਉਪਾਸਨੇ ਨੇ ਅਸਤੀਫਾ ਦੇ ਦਿੱਤਾ ਸੀ। ਉਪਾਸਨੇ ਆਰ ਐੱਸ ਐੱਸ ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਤੇ 'ਪਾਂਚਜਨਯ' ਦੇ ਸੰਪਾਦਕ ਵੀ ਰਹਿ ਚੁੱਕੇ ਹਨ।

ਪ੍ਰੋਫੈਸਰ ਸੰਜੇ ਦਿਵੇਦੀ ਨੂੰ ਇਕ ਜੁਲਾਈ ਨੂੰ ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ ਦਾ ਡਾਇਰੈਕਟਰ ਜਨਰਲ ਲਾਇਆ ਗਿਆ। ਦਿਵੇਦੀ ਆਰ ਐੱਸ ਐਸ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਨਾਲ ਜੁੜੇ ਰਹੇ ਹਨ। ਉਹ ਮਾਖਨ ਲਾਲ ਚਤੁਰਵੇਦੀ ਯੂਨੀਵਰਸਿਟੀ ਦੇ ਐਕਟਿੰਗ ਵੀ ਸੀ ਵੀ ਰਹਿ ਚੁੱਕੇ ਹਨ।

ਇੰਦਰਾ ਗਾਂਧੀ ਨੈਸ਼ਨਲ ਸੈਂਟਰ ਆਫ ਆਰਟਸ ਸਭਿਆਚਾਰਕ ਮੰਤਰਾਲੇ ਦਾ ਅਹਿਮ ਅਦਾਰਾ ਹੈ। ਇਸ ਦੇ ਸਕੱਤਰ ਡਾ. ਸਚਿਦਾਨੰਦ ਜੋਸ਼ੀ ਆਰ ਐੱਸ ਐੱਸ ਦੇ ਸੰਗਠਨ ਭਾਰਤੀ ਸ਼ਿਕਸ਼ਣ ਮੰਡਲ ਦੇ ਕੌਮੀ ਪ੍ਰਧਾਨ ਰਹਿ ਚੁੱਕੇ ਹਨ। ਉਹ ਨਹਿਰੂ ਮੈਮੋਰੀਅਲ ਮਿਊਜ਼ੀਅਮ ਐਂਡ ਲਾਇਬਰੇਰੀ ਦੀ ਵਿੱਤ ਕਮੇਟੀ ਦੇ ਵੀ ਮੈਂਬਰ ਹਨ। ਸੈਂਟਰ ਫਾਰ ਕਲਚਰਲ ਰਿਸਾਰਟ ਐਂਡ ਟਰੇਨਿੰਗ ਦੀ ਚੇਅਰਪਰਸਨ ਡਾ. ਹੇਮਲਤਾ ਐੱਸ ਮੋਹਨ ਆਰ ਐੱਸ ਐੱਸ ਨਾਲ ਸੰਬੰਧਿਤ ਸੰਸਕਾਰ ਭਾਰਤੀ ਨਾਲ ਜੁੜੀ ਰਹੀ ਹੈ। ਭਾਜਪਾ ਦੇ ਕੌਮੀ ਉਪ-ਪ੍ਰਧਾਨ ਵਿਨਯ ਸਹੱਸਤਰਬੁੱਧੀ ਇੰਡੀਅਨ ਕੌਂਸਲ ਆਫ ਕਲਚਰਲ ਰਿਲੇਸ਼ਨ ਦੇ ਚੇਅਰਪਰਸਨ ਹਨ। ਉਹ ਰਾਜ ਸਭਾ ਦੇ ਮੈਂਬਰ ਵੀ ਹਨ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਿਦਿਅਕ ਅਦਾਰਿਆਂ ਦਾ ਭਗਵਾਂਕਰਨ ਕਰਨ ਦੇ ਲਈ ਸੰਘ ਪਰਿਵਾਰ ਦੀ ਭਗਵੀਂ ਪਾਲਿਸੀ ਨੂੰ ਮੋਦੀ ਸਰਕਾਰ ਲਾਗੂ ਕਰਨ ਦਾ ਯਤਨ ਕਰ ਰਹੀ ਹੈ। ਇਹੀ ਕਾਰਨ ਹੈ ਕਿ ਸਿਖਿਆ ਸਿਲੇਬਸ ਹਿੰਦੂ ਰਾਸ਼ਟਰਵਾਦ ਦੇ ਪੱਖ ਵਿਚ ਬਦਲੇ ਜਾ ਰਹੇ ਹਨ। ਇਸ ਸੰਬੰਧ ਵਿਚ ਸਭਨਾਂ ਨੂੰ ਸੁਚੇਤ ਹੋਣ ਦੀ ਲੋੜ ਹੈ।

## ਗੈਂਗਸਟਰ ਵਿਕਾਸ ਦੂਬੇ...

ਕਮੇਟੀ ਦੇ ਜ਼ੁੰਮੇ ਇਹ ਕੰਮ ਵੀ ਸੀ ਕਿ ਉਹ ਸੁਝਾਅ ਦੇਵੇ ਕਿ ਇਸ ਅਪਰਾਧੀਕਰਨ ਦੇ ਵਾਧੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਵੋਹਰਾ ਕਮੇਟੀ ਨੇ ਸੀ.ਬੀ.ਆਈ., ਇੰਟੈਲੀਜੇਂਟ ਬਿਊਰੋ, ਰੇਵਿਨੀਊ ਇੰਟੈਲੀਜੈਂਸ ਤੋਂ ਰਿਪੋਰਟ ਮੰਗਵਾਈ। ਇਹਨਾ ਰਿਪੋਰਟਾਂ ਦੇ ਆਧਾਰ ਉਤੇ ਸਿੱਟੇ ਕੱਢੇ ਗਏ।

ਪਹਿਲਾ ਕਿ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮਾਫੀਆ ਦੇ ਸੰਗਠਿਤ ਗਿਰੋਹ ਆਪਣੀ ਸਮਾਨਤੰਤਰ ਸਰਕਾਰ ਚਲਾ ਰਹੇ ਹਨ ਤੇ ਮੌਜੂਦਾ ਸਮੇਂ ਵਿਚ ਜੋ ਰਾਜ ਵਿਵਸਥਾ ਹੈ, ਉਹ ਊਣੀ ਹੁੰਦੀ ਜਾ ਰਹੀ ਹੈ। ਦੂਜਾ ਕਿ ਦੇਸ਼ ਦੇ ਕੁਝ ਸੂਬਿਆਂ ਵਿੱਚ ਇਹਨਾ ਗਿਰੋਹਾਂ ਨੂੰ ਸਥਾਨਿਕ ਪੱਧਰ ਤੇ ਸਿਆਸੀ ਆਗੂਆਂ ਤੇ ਸਰਕਾਰੀ ਅਫ਼ਸਰਾਂ ਦੀ ਸਰਪ੍ਰਸਤੀ ਹਾਸਲ ਹੈ। ਇਹ ਰਿਪੋਰਟ ਜਦ ਸੰਸਦ ਵਿੱਚ ਪੇਸ਼ ਕੀਤੀ ਗਈ ਤਾਂ ਕਾਫੀ ਹੋ-ਹੱਲਾ ਮਚਿਆ ਸੀ। ਫਿਰ ਇਸ ਰਿਪੋਰਟ ਨੂੰ ਪਬਲਿਕ ਵਿੱਚ ਨਹੀਂ ਲਿਆਂਦਾ ਗਿਆ। ਇਸਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ। ਦੇਸ਼ ਦੀ ਸੰਸਦ ਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਸਿਆਸੀ ਅਪਰਾਧੀ ਸਾਂਸਦਾਂ ਅਤੇ ਵਿਧਾਇਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

ਸਾਲ 2019 ਵਿੱਚ ਦੇਸ਼ ਦੇ ਜੋ ਲੋਕ ਸਭਾ ਦੇ ਮੈਂਬਰ ਲੋਕਾਂ ਨੇ ਚੁਣ ਕੇ ਭੇਜੇ ਹਨ ਉਹਨਾ ਵਿਚੋਂ ਅੱਧਿਆਂ ਉਤੇ ਅਪਰਾਧਿਕ ਕੇਸ ਦਰਜ਼ ਹਨ। ਕੁਲ 539 ਲੋਕ ਸਾਂਸਦ ਚੁਣੇ ਗਏ, ਇਹਨਾ ਵਿੱਚ 233 ਸਾਂਸਦਾਂ ਨੇ ਆਪ ਘੋਸ਼ਣਾ ਪੱਤਰ ਦੇਕੇ ਪ੍ਰਵਾਨਿਆ ਹੈ ਕਿ ਉਹਨਾ ਵਿਰੁੱਧ ਫੌਜਦਾਰੀ (ਅਪਰਾਧਿਕ) ਕੇਸ ਦਰਜ ਹਨ। ਸਾਲ 2009 ਵਿੱਚ ਜਿੰਨੇ ਅਪਰਾਧਿਕ ਸਾਂਸਦ ਲੋਕ ਸਭਾ ਵਿੱਚ ਬੈਠੇ ਹਨ ਇਸ ਗਿਣਤੀ ਵਿੱਚ 2019 ਵਿੱਚ 44 ਫ਼ੀਸਦੀ ਦਾ ਵਾਧਾ ਦਰਜ਼ ਹੋਇਆ ਹੈ। ਹੈਰਾਨੀ ਵਾਲੀ ਗੱਲ ਹੈ ਕਿ ਉਹ ਵਿਅਕਤੀ, ਜਿਸ ਉਤੇ 204 ਅਪਰਾਧਿਕ ਕੇਸ ਦਰਜ਼ ਹਨ, ਉਹ ਕਾਂਗਰਸ ਦਾ ਕੇਰਲਾ ਤੋਂ ਚੁਣਿਆ ਮੈਂਬਰ ਪਾਰਲੀਮੈਂਟ ਹੈ ਅਤੇ ਉਸਦਾ ਨਾਮ ਦੀਨ ਕੁਰੀਆਕੋਸ ਹੈ। ਸਾਲ 2014 ਵਿੱਚ 185 ਲੋਕ ਸਭਾ ਮੈਂਬਰ (ਕੁਲ ਗਿਣਤੀ ਦਾ 34 ਫ਼ੀਸਦੀ) ਜਦਕਿ 2009 ਵਿੱਚ 162 ਸਾਂਸਦ (ਕੁਲ ਸਾਂਸਦਾਂ ਦਾ 30 ਫ਼ੀਸਦੀ) ਅਪਰਾਧਿਕ ਪਿਛੋਕੜ ਵਾਲੇ ਸਨ ਜਦਕਿ 2019 ਵਿੱਚ 233 (ਕੁਲ ਸਾਂਸਦਾਂ ਦਾ 43 ਫ਼ੀਸਦੀ) ਅਪਰਾਧਿਕ ਪਿਛੋਕੜ ਵਾਲੇ ਹਨ। ਇਥੇ ਹੀ ਬੱਸ ਨਹੀਂ ਇਹਨਾ 233 ਸਾਂਸਦਾਂ ਵਿੱਚ 159 ਇਹੋ ਜਿਹੇ ਹਨ ਜਿਹਨਾਂ ਉਤੇ ਗੰਭੀਰ ਅਪਰਾਧਾਂ ਜਿਹਨਾ ਵਿੱਚ ਬਲਾਤਕਾਰ, ਕਤਲ, ਔਰਤਾਂ ਨਾਲ ਵਧੀਕੀਆਂ ਵਾਲੇ ਅਪਰਾਧਾਂ ਦੇ ਕੇਸ ਦਰਜ਼ ਹਨ। ਇਹਨਾਂ ਵਿੱਚ 10 ਲੋਕ ਸਭਾ ਮੈਂਬਰ ਇਹੋ ਜਿਹੇ ਹਨ, ਜਿਹੜੇ 302 ਧਾਰਾ ਅਧੀਨ ਐਲਾਨੇ ਅਪਰਾਧੀ ਹਨ ਅਤੇ 11 ਇਹੋ ਜਿਹੇ ਹਨ ਜਿਹੜੇ 307 ਅਧੀਨ ਅਪਰਾਧੀ ਐਲਾਨੇ ਹਨ।

ਇਹਨਾ ਅਪਰਾਧਿਕ ਸਾਂਸਦਾਂ ਵਿੱਚ ਭਾਜਪਾ ਵਾਲੇ ਵੀ ਹਨ, ਕਾਂਗਰਸ ਵਾਲੇ ਵੀ, ਡੀ.ਐਮ.ਕੇ., ਜਨਤਾ ਦਲ ਵਾਲੇ ਸਾਂਸਦ ਵੀ ਹਨ। ਫ਼ੀਸਦੀ ਦੇ ਮਾਮਲੇ ਵਿਚ 51 ਕਾਂਗਰਸੀ ਸਾਂਸਦਾਂ ਵਿੱਚ 37 ਫ਼ੀਸਦੀ, 301 ਭਾਜਪਾ ਵਾਲਿਆਂ ਵਿਚੋਂ 29 ਫ਼ੀਸਦੀ, ਜਨਤਾ ਦਲ ਵਾਲੇ 8 ਵਿੱਚ 50 ਫ਼ੀਸਦੀ ਸਾਂਸਦ ਅਪਰਾਧਿਕ ਪਿਛੋਕੜ ਵਾਲੇ ਹਨ। ਇਹ ਅੰਕੜੇ ਨੈਸ਼ਨਲ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਾਮਜ਼ ਨੇ ਰਿਲੀਜ਼ ਕੀਤੇ ਹਨ। ਹੁਣ ਜਦਕਿ ਦੇਸ਼ ਦੀ ਸਾਂਸਦ ਉਤੇ ਅਪਰਾਧਿਕ ਸੋਚ ਵਾਲੇ ਉਹਨਾਂ ਲੋਕਾਂ ਦਾ ਕਬਜਾ ਹੈ ਜਿਹੜੇ ਸਾਮ, ਦਾਮ, ਦੰਡ ਨਾਲ ਮਾਫੀਏ ਦੀ ਬਦੌਲਤ ਚੋਣਾਂ ਜਿੱਤਦੇ ਹਨ, ਜਿਹਨਾਂ ਨੂੰ ਅਪਰਾਧੀਆਂ ਦਾ ਸਹਿਯੋਗ ਪ੍ਰਾਪਤ ਹੈ, ਉਹ ਕਿਵੇਂ ਦੇਸ਼ ਅਪਰਾਧੀਆਂ ਨੂੰ ਨੱਥ ਪਾਉਣ ਲਈ ਜਾਂ ਅਪਰਾਧਿਕ ਪ੍ਰਵਿਰਤੀਆਂ ਨੂੰ ਦੇਸ਼ ਵਿੱਚ ਰੋਕ ਲਾਉਣ ਲਈ ਕੋਈ ਯਤਨ ਕਰਨਗੇ ?

ਦੇਸ਼ ਦੇ ਇਹ ਸਿਆਸਤਦਾਨ ਸਰਕਾਰੀ ਖਜ਼ਾਨੇ ਵਿਚ ਆਉਣ ਵਾਲਾ ਪੈਸਾ ਮਾਫੀਏ ਨਾਲ ਰਲਕੇ ਖਾਂਦੇ ਹਨ। ਚੋਣਾਂ ਵੇਲੇ ਹੀ ਨਹੀਂ, ਸਗੋਂ ਬਾਅਦ ਵਿੱਚ ਜਾਂ ਪਹਿਲਾ ਵੀ ਇਹਨਾ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਆਪਣੇ ਦਲਾਲਾਂ ਵਜੋਂ ਵੀ ਵਰਤਦੇ ਹਨ।

ਇੱਕਲੇ ਸੰਸਦ ਵਿੱਚ ਹੀ ਨਹੀਂ ਵਿਧਾਨ ਸਭਾਵਾਂ ਵਿੱਚ ਵੀ ਅਪਰਾਧਿਕ ਪਿਛੋਕੜ ਵਾਲੇ ਵਿਧਾਇਕ ਦੀ ਗਿਣਤੀ ਘੱਟ ਨਹੀਂ ਹੈ। ਉੱਤਰ ਪ੍ਰਦੇਸ਼ ਦੀ ਉਦਾਹਰਨ ਹੀ ਲੈਂਦੇ ਹਾਂ। 2017 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਚੁਣੇ 143 ਵਿਧਾਇਕਾਂ (36 ਫ਼ੀਸਦੀ) ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਹਨ। ਇਹਨਾ ਵਿੱਚੋਂ 42 ਵਿਧਾਇਕਾਂ ਵਿਰੁੱਧ ਕਤਲ ਜਿਹੇ ਗੰਭੀਰ ਅਪਰਾਧਾਂ ਦੇ ਮੁਕੱਦਮੇ ਹਨ। ਕੀ ਇਹੋ ਹੀ ਕਾਰਨ ਨਹੀਂ ਹੈ ਕਿ ਅਪਰਾਧੀਆਂ ਦੇ ਹੌਂਸਲੇ ਵਧੇ ਹੋਏ ਹਨ। ਅਪਰਾਧੀ ਵਿਕਾਸ ਦੁਬੇ ਤੇ ਉਸਦੀ ਗੈਂਗ ਨੇ 8 ਪੁਲਿਸ ਮੁਲਾਜ਼ਮਾਂ ਦੀ ਉੱਤਰ ਪ੍ਰਦੇਸ਼ 'ਚ ਹੱਤਿਆ ਕਰ ਦਿੱਤੀ। ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਇੰਨੀ ਭਾਰੀ ਗਿਣਤੀ ਵਿਚ ਅਪਰਾਧਿਕ ਪਿੱਠ ਭੂਮੀ ਵਾਲੇ ਲੋਕ ਸਿਆਸਤ ਵਿੱਚ ਬੈਠੇ ਹੋਣ ਤਾਂ ਗੈਂਗਾਂ ਮਾਫੀਏ ਵਿਰੁੱਧ ਕਾਰਵਾਈ ਕੌਣ ਕਰੇ? ਅਸਲ ਵਿੱਚ ਤਾਂ ਅਪਰਾਧਿਕ ਪਿੱਠ ਭੂਮੀ ਦੇ ਲੋਕਾਂ ਵਿਚੋਂ ਲੋਕਾਂ ਦੇ ਪ੍ਰਤੀਨਿਧੀ ਬਨਣ ਨਾਲ ਸਿਆਸਤਦਾਨ ਅਤੇ ਅਪਰਾਧੀਆਂ ਦਾ ਗੱਠਜੋੜ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇਸ ਸਭ ਕੁਝ ਦੇ ਦ੍ਰਿਸ਼ਟੀਗੋਚਰ ਦੇਸ਼ ਦੀ ਸੁਪਰੀਮ ਕੋਰਟ ਨੇ 10 ਜੁਲਾਈ 2013 ਨੂੰ ਇੱਕ ਜਜਮੈਂਟ ਦਿੱਤੀ, ਜਿਸ ਅਧੀਨ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਉਹ ਮੈਂਬਰ ਜਿਹਨਾ ਨੂੰ ਅਪਰਾਧਿਕ ਮਾਮਲਿਆਂ ਵਿੱਚ 2 ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਗਈ ਹੈ, ਉਹ ਮੈਂਬਰ ਨਹੀਂ ਰਹਿਣਗੇ। ਸਿੱਟੇ ਵਜੋਂ 10 ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਦੇ ਮੈਂਬਰ ਆਪਣੀ ਮੈਂਬਰੀ ਗੁਆ ਬੈਠੇ। ਸੁਪਰੀਮ ਕੋਰਟ ਵਿੱਚ ਇੱਕ ਐਫੀਡੇਵਿਟ ਵਿੱਚ ਕੇਂਦਰ ਸਰਕਾਰ ਨੇ ਇਹ ਦੱਸਿਆ ਕਿ ਦੇਸ਼ ਦੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਰਾਜ ਸਭਾ ਵਿੱਚ ਕੁਲ ਮਿਲਾਕੇ 1765 ਮੈਂਬਰ ਅਪਰਾਧਿਕ ਪਿਛੋਕੜ ਵਾਲੇ ਬੈਠੇ ਹਨ। ਇਸ ਸਬੰਧੀ ਸੁਪਰੀਮ ਕੋਰਟ ਨੇ ਇਹ ਨਿਰਦੇਸ਼ ਦਿੱਤੇ ਹਨ ਕਿ ਇਹਨਾ ਮੈਂਬਰਾਂ ਦੇ ਕੇਸਾਂ ਦੇ ਨਿਪਟਾਰੇ ਲਈ 12 ਸਪੈਸ਼ਲ ਕੋਰਟਾਂ ਸਥਾਪਿਤ ਕੀਤੀਆਂ ਜਾਣ ਜੋ ਦਿੱਲੀ ਜਾਂ 11 ਸੂਬਿਆਂ ਵਿੱਚ ਹੋਣ ਜੋ ਇਹਨਾ ਕੇਸਾਂ ਦਾ ਤੁਰੰਤ ਫ਼ੈਸਲਾ ਕਰਨ। ਇਹ ਫ਼ੈਸਲਾ 2018 ਸਤੰਬਰ ਦਾ ਹੈ, ਪਰ ਕੇਂਦਰ ਸਰਕਾਰ ਵਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਕੀ ਇਹ ਅਪਰਾਧਿਕ ਪਿਛੋਕੜ ਵਾਲੇ ਸਾਂਸਦਾਂ ਦਾ ਦਬਾਅ ਨਹੀਂ ਹੈ ? ਸਾਲ 2020 ਮਾਰਚ ਵਿੱਚ ਇੱਕ ਜੱਜਮੈਂਟ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਿਆਸਤ ਵਿੱਚ ਅਪਰਾਧੀਕਰਨ ਨੂੰ ਰੋਕਿਆ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਸਰਕਾਰ ਨੂੰ ਨਿਰਦੇਸ਼ ਦਿੱਤੇ ਕਿ ਸਿਆਸਤ ਵਿੱਚ ਅਪਰਾਧੀਕਰਨ ਰੋਕਣ ਅਤੇ ਚੋਣ ਸੁਧਾਰਾਂ ਲਈ ਕਦਮ ਚੁੱਕੇ ਜਾਣੇ ਜ਼ਰੂਰੀ ਹਨ। ਸੁਪਰੀਮ ਕੋਰਟ ਦਾ ਤਾਂ ਕਹਿਣਾ ਇਹ ਵੀ ਹੈ ਕਿ ਖ਼ਾਸ ਤੌਰ 'ਤੇ ਚੋਣਾਂ ਵੇਲੇ ਉਮੀਦਵਾਰ ਘੋਸ਼ਿਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਉਮੀਦਵਾਰਾਂ ਦੇ ਅਪਰਾਧੀ ਪਿਛੋਕੜ ਨੂੰ ਅਖ਼ਬਾਰਾਂ ਵਿੱਚ ਛਾਪਣ ਤਾਂ ਕਿ ਲੋਕਾਂ ਨੂੰ ਉਹਨਾਂ ਬਾਰੇ ਜਾਣਕਾਰੀ ਹੋ ਸਕੇ।

ਪਰ ਇਸ ਸਭ ਦੇ ਬਾਵਜੂਦ ਵੀ ਕਿ ਅਪਰਾਧ ਦਾ ਸਿਆਸਤ ਵਿੱਚ ਦਖ਼ਲ ਦੇਸ਼ ਦੇ ਲੋਕਤੰਤਰ ਨੂੰ ਸੱਟ ਮਾਰੇਗਾ ਤੇ ਭ੍ਰਿਸ਼ਟਾਚਾਰ ਵਿਚ ਵਾਧਾ ਕਰੇਗਾ। ਦੇਸ਼ ਦੀਆਂ ਨਿਰਪੱਖ ਚੋਣਾਂ ਨੂੰ ਤਹਿਸ਼-ਨਹਿਸ਼ ਕਰ ਦੇਵੇਗਾ। ਕੇਂਦਰ ਸਰਕਾਰ ਵਲੋਂ ਕੋਈ ਅਹਿਮ ਕਦਮ ਨਹੀਂ ਪੁੱਟੇ ਜਾ ਰਹੇ।


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE + 1-718-752-9293
CALL TO SUBSCRIBE +1-800-246-6242
www.jusbroadcasting.com




22




GET FLAT 22 CENTS

DISCOUNT AT

TA TravelCenters of America

PETRO Stopping Centers

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com